ਫਰਵਰੀ 2024

# ਗੁਰਮਤਿ ਵਿਰਸਾ

GURMAT VIRSA गुरमति विरसा

Year-5, Issue-7, February 2024, Ludhiana gurmatvirsa@gmail.com Multilingual

## ਵੱਡੇ ਘੱਲੂਘਾਰੇ ਦੌਰਾਨ ਹਾਲਾਤ



...ਜਦੋਂ ਸਿੱਖਾਂ ਨੇ ਨਨਕਾਣਾ ਸਾਹਿਬ ਵੱਲ ਵਹੀਰਾਂ ਘੱਤੀਆਂ

ਬਹਾਦਰ ਯੋਧੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ

# ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਲੋਂ ਵੱਖ-ਵੱਖ ਇਲਾਕਿਆਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਬੁਗਰਾ ਵਿਖੇ ਦਸਮ ਪਾਤਸ਼ਾਹ ਦੇ ਗੁਰਪੁਰਬ ਸਬੰਧੀ ਨਗਰ ਕੀਰਤਨ ਕੱਢਿਆ ਗਿਆ।



ਕੇਂਦਰ ਬੁਗਰਾ ਦੇ ਬੱਚਿਆਂ ਨੂੰ ਗੁਰਪੁਰਬ ਸਮਾਗਮਾਂ ਉਪਰੰਤ ਸਨਮਾਨਤ ਕੀਤਾ ਗਿਆ



ਕੇਂਦਰ ਲਤਾਲਾ ਵਲੋਂ ਦਸਤਾਰ-ਦੁਮਾਲਾ ਕੈਂਪ ਲਗਾਇਆ ਗਿਆ ਉਪਰੰਤ ਬੱਚਿਆਂ ਨੂੰ ਦਸਤਾਰਾਂ ਨਾਲ ਸਨਮਾਨਤ ਕੀਤਾ



ਕੇਂਦਰ ਚੁਪਕੀਤੀ ਦੇ ਪ੍ਰਚਾਰਕ ਵੀਰ ਭਾਈ ਹਰਜੀਤ ਸਿੰਘ ਪਰਿੰਗੜੀ ਵਲੋਂ ਗੁ: ਪਾਤਸ਼ਾਹੀ ਨੌਵੀਂ ਲਹਿਲ ਕਲਾਂ (ਸੰਗਰੂਰ) ਵਿਖੇ ਸ਼ਹੀਦੀ ਦਿਹਾੜਿਆਂ ਮੌਕੇ ਗੁਰਬਾਣੀ ਦੀ ਸਾਂਝ ਪਾਈ ਗਈ।



ਕੇਂਦਰ ਲਤਾਲਾ ਦੇ ਪਿੰਡ ਕਾਲਖ ਵਿਖੇ ਬੱਚਿਆਂ ਦੇ ਦਸਤਾਰ ਮੁਕਾਬਲੇ, ਗੁਰਬਾਣੀ ਕੰਠ ਤੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ। ਉਪਰੰਤ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।






ਕੇਂਦਰ ਮਾਲੂਵਾਲ ਦੇ ਸਪਾਂਸਰ ਸ. ਸਤਪਾਲ ਸਿੰਘ ਹਾਂਗਕਾਂਗ ਦੇ ਸਪੁੱਤਰ ਇੰਦਰਬੀਰ ਸਿੰਘ ਦੇ ਅਨੰਦ ਕਾਰਜ ਮੌਕੇ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਸ. ਸਤਪਾਲ ਸਿੰਘ ਦੇ ਪਰਿਵਾਰ ਨੂੰ ਉਨ੍ਹਾਂ ਦੀਆਂ ਗੁਰਮਤਿ ਸੇਵਾਵਾਂ ਸਦਕਾ ਸਨਮਾਨਤ ਕੀਤਾ ਗਿਆ।



ਕੇਂਦਰ ਰਤਨਗੜ੍ਹ ਸਿੰਧੜਾ ਦੇ ਪਿੰਡ ਮੁਨਸ਼ੀਵਾਲਾ ਦੇ ਗੁਰਮਤਿ ਕਲਾਸ ਲਗਾਉਣ ਵਾਲੇ ਬੱਚੇ।



ਪਿੰਡ ਬੀਲ੍ਹਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਗਾਂਧੀਧਾਮ (ਗੁਜਰਾਤ) ਵਲੋਂ ਗੁ: ਨਾਨਕ ਦਰਬਾਰ ਵਿਖੇ ਸ਼ਹੀਦੀ ਦਿਹਾੜਾ ਮਨਾਇਆ ਗਿਆ।

# ਗੁਰਮਤਿ ਵਿਰਸਾ

ਫਰਵਰੀ 2024 (ਮਾਸਿਕ ਮੈਗਜ਼ੀਨ)



**ਮੁੱਖ ਸੰਪਾਦਕ :** ਰਾਣਾ ਇੰਦਰਜੀਤ ਸਿੰਘ
**ਸੰਪਾਦਕ :** ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ :** ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ:** ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ:** ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org



**ਸੰਪਾਦਕੀ ਬੋਰਡ:** ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ:** ਐਡਵੋਕੇਟ ਜਸਪਾਲ ਸਿੰਘ ਚੁੱਘ


## ਪੋਹ-ਮਾਘ ਮਹੀਨੇ ਦੇ ਖਾਸ ਦਿਹਾੜੇ

- ਮੇਲਾ ਕੋਠਾ ਸਾਹਿਬ : 25 ਮਾਘ (06 ਫਰਵਰੀ)
- ਵੱਡਾ ਘੱਲੂਘਾਰਾ : 27 ਮਾਘ (08 ਫਰਵਰੀ)
- ਜਨਮ ਦਿਵਸ ਸਾਹਿਬਜ਼ਾਦਾ ਅਜੀਤ ਸਿੰਘ: 30 ਮਾਘ (11 ਫਰਵਰੀ)
- ਬੰਦੀ ਛੋੜ ਦਿਵਸ : 1 ਫੱਗਣ (12 ਫਰਵਰੀ)
- ਸਾਕਾ ਨਨਕਾਣਾ ਸਾਹਿਬ : 10 ਫੱਗਣ (21 ਫਰਵਰੀ)
- ਜੈਤੋ ਦਾ ਮੋਰਚਾ : 10 ਫੱਗਣ (21 ਫਰਵਰੀ)


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***
Responsible for collection of all Printed matter as per PRB Act


**Registration Number of the Newspaper**
**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 8 |
| ਸ਼ਬਦ ਵਿਚਾਰ | 9 |
| ...ਜਦੋਂ ਸਿੱਖਾਂ ਨੇ ਨਨਕਾਣਾ ਸਾਹਿਬ ਵੱਲ ਵਹੀਰਾਂ ਘੱਤੀਆਂ | 11 |
| ਭਗਤ ਰਵਿਦਾਸ ਜੀ ਅਤੇ ਉਨ੍ਹਾਂ ਦਾ ਜੀਵਨ ਦਰਸ਼ਨ | 13 |
| ਵੱਡੇ ਘੱਲੂਘਾਰੇ ਦੌਰਾਨ ਹਾਲਾਤ | 14 |
| ਸਿੱਖੀ ਦੇ ਧੁਰੇ ਤੇ, ਸਿੱਖੀ ਦੀ ਦੁਰਦਸ਼ਾ ਬਨਾਮ ਈਸਾਈਅਤ... | 15 |
| ਬਹਾਦਰ ਯੋਧੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ | 17 |
| ਕਾਵਿ ਕਿਆਰੀ | 18 |
| ਨਵਾਂ ਵਰ੍ਹਾ- ਔਰਤਾਂ ਲਈ ਨਵਾਂ ਕੀ? | 20 |
| ਨੰਨੇ ਵਾਰਸ | 22 |
| ਸੁਖ-ਚੈਨ ਦੇ ਸਾਧਨ: ਸਿਆਣਪ, ਸਨੇਹ ਅਤੇ ਸ੍ਵੈ-ਸਨਮਾਨ | 24 |
| ਇੱਕ ਸ਼ਰਾਬੀ ਮੰਤਰੀ ਦਾ ਕਾਰਨਾਮਾ | 25 |
| ਫੌਜ ਦੀ ਮਰਜ਼ੀ ਤੋਂ ਬਗੈਰ ਨਹੀਂ ਬਣ ਸਕਦਾ ਕੋਈ ਪਾਕਿਸਤਾਨ... | 26 |
| ਲੜੀਵਾਰ ਕਿਤਾਬ: ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 28 |
| ਲੜੀਵਾਰ ਕਿਤਾਬ: ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ... | 30 |
| ਸਿੱਖ ਤਿਓਹਾਰ (ਸਿੱਖ ਰਹੁਰੀਤ) ਕਿਤਾਬਚਾ | 32 |
| **साहिब-ए-कमाल श्री गुरू गोबिंद सिंघ जी का विलक्षण...** | **34** |
| Praises of Shri Guru Gobind Singh Ji by Bhai Nand... | 36 |
| ਸਿਹਤ ਸੰਭਾਲ | 38 |
| ਸਾਡੀ ਖੇਤੀ | 39 |
| ਗੁਰਮਤਿ ਸੰਜੋਗ | 40 |
| ਦਸੰਬਰ ਮਹੀਨੇ ਦੀਆਂ ਸਰਗਰਮੀਆਂ | 41 |


## ਜ਼ਰੂਰੀ ਸੂਚਨਾਵਾਂ


- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

**ਸੰਪਾਦਕੀ**

# ਤਾਲੋਂ ਖੁੰਝੀ ਡੂਮਣੀ ਗਾਵੇ ਆਲ ਪਤਾਲ

ਸ਼੍ਰੋਮਣੀ ਅਕਾਲੀ ਦਲ ਸ਼ਹੀਦਾਂ ਜਾਂ ਮਰਜੀਵੜਿਆਂ ਦੀ ਜੱਥੇਬੰਦੀ ਮੰਨੀ ਜਾਂਦੀ ਸੀ। ਸਿੱਖੀ ਤੇ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਹਮੇਸ਼ਾਂ ਕੁਰਬਾਨੀਆਂ ਕਰਨ ਲਈ ਤਿਆਰ ਰਹਿੰਦੀ ਸੀ। ਇਸ ਦੇ ਵਰਕਰਾਂ ਤੇ ਆਗੂਆਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸਿੱਖੀ ਫਲਸਫੇ ਤੇ ਅਡੋਲ ਰਹੇ।

ਬਾਦਲ ਸਰਕਾਰਾਂ ਦੇ ਸਮੇਂ ਅਕਾਲੀਏ ਸੱਤਾ ਦੇ ਨਸ਼ੇ ਵਿਚ ਚੂਰ ਹੋ ਕੇ ਇਕ ਖੇਤਰੀ ਪਾਰਟੀ ਵਾਲੀ ਸ਼ਾਨ ਹੀ ਗਵਾ ਬੈਠੇ ਹਨ। ਸ਼ਹੀਦਾਂ ਦੀ ਜੱਥੇਬੰਦੀ ਨੂੰ ਬਾਦਲ ਪ੍ਰਵਾਰ ਨੇ ਪੂਰੀ ਤਰ੍ਹਾਂ ਹਿੰਦੂ ਪ੍ਰਭਾਵ ਵਿਚ ਰੰਗ ਦਿੱਤਾ ਹੈ। ਹੁਣ ਬਾਦਲ ਦਲੀਏ ਸਥਾਪਿਤ ਹੋਣ ਲਈ ਅੱਕੀ ਪਲਾਹੀਂ ਹੱਥ ਮਾਰ ਰਹੇ ਹਨ ਪਰ ਅਸਲ ਮੁੱਦੇ ਵਲ ਅਜੇ ਵੀ ਨਹੀਂ ਆ ਰਹੇ। ਆਪਣੇ ਆਪ ਨੂੰ ਸਹੀ ਸਾਬਤ ਕਰਨ ਲਈ ਦੂਜਿਆਂ ਤੇ ਦੋਸ਼ ਲਾ ਰਹੇ ਹਨ। ਪੰਥ ਦਾ ਜਜ਼ਬਾ ਇਨ੍ਹਾਂ ਵਿਚੋਂ ਚਿਰੋਕਣਾ ਖਤਮ ਹੋ ਚੁੱਕਾ ਹੈ। ਸੁਖਬੀਰ ਸਿੰਘ ਬਾਦਲ ਨੇ ਮੁਆਫ਼ੀ ਮੰਗੀ ਹੈ ਪਰ ਇਹ ਨਹੀਂ ਦੱਸਿਆ ਕਿ ਮੁਆਫ਼ੀ ਕਿਸ ਗੱਲ ਦੀ ਮੰਗੀ ਹੈ। ਇਨ੍ਹਾਂ ਦੇ ਬੱਜਰ ਗੁਨਾਹਾਂ ਦੀ ਲਿਸਟ ਬਹੁਤ ਲੰਮੀ ਹੈ। ਪੰਥਕ ਪਉੜੀ ਵਰਤ ਕੇ ਪੰਥਕ ਸਰੋਕਾਰਾਂ ਨੂੰ ਹੀ ਰੋਲਿਆ ਗਿਆ ਹੈ।

ਇਤਿਹਾਸ ਦੇ ਇਕ ਤੱਥ ਤੋਂ ਗੱਲ ਸ਼ੁਰੂ ਕੀਤੀ ਜਾਏਗੀ। ਖੈਬਰ ਦੇ ਦਰੇ ਨੂੰ ਸਰ ਕਰਨ ਲਈ ਸ੍ਰ. ਹਰੀ ਸਿੰਘ ਨਲਵੇ ਨੇ ਓੱਥੇ ਹੀ ਡੇਰਾ ਲਾ ਲਿਆ। ਖ਼ਾਨ ਜ਼ਮਾਨ ਪਰਬਤ ਦੀ ਟੀਸੀ 'ਤੇ ਬੈਠਾ ਸੀ ਪਰ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਉਸ ਦੇ ਕਿਲ੍ਹੇ ਦਾ ਰਾਹ ਨਹੀਂ ਲੱਭ ਰਿਹਾ ਸੀ।

ਰੁੱਖੇ ਪਰਬਤ ਖੈਬਰੀਂ ਦਿੱਸੇ ਨਾ ਤੀਲਾ।
ਖੱਡਾਂ ਵਾਛਾਂ ਅੱਡੀਆਂ ਸੱਜੇ ਤੇ ਖੱਬੇ,
ਸਿਰ-ਤਲਵਾਇਆ ਘਾਟੀਆਂ ਨਾ ਚੱਲੇ ਹੀਲਾ,
ਕਿਲੀ ਖ਼ਾਨ ਜ਼ਮਾਨ ਦੀ ਟੀਸੀ ਤੇ ਫਬੇ।

ਸ. ਹਰੀ ਸਿੰਘ ਨਲਵੇ ਦੇ ਸਿਪਾਹੀਆਂ ਨੇ ਇਕ ਪਠਾਣ ਬਜ਼ੁਰਗ ਤੇ ਉਸ ਦੇ ਪੁੱਤਰ ਨੂੰ ਤੁਰੇ ਜਾਂਦਿਆਂ ਵੇਖਿਆ। ਦੋਹਾਂ ਨੂੰ ਫੜ ਕੇ ਹਰੀ ਸਿੰਘ ਨਲਵੇ ਦੇ ਪੇਸ਼ ਕੀਤਾ ਤੇ ਉਸ ਪਠਾਣ ਕੋਲੋਂ ਕਿਲ੍ਹੇ ਦਾ ਰਾਹ ਪੁੱਛਿਆ ਗਿਆ। ਸਾਰੇ ਬਿਰਤਾਂਤ ਨੂੰ ਪ੍ਰੋ. ਮੋਹਨ ਸਿੰਘ ਨੇ ਸਾਵੇ ਪੱਤਰ ਪੁਸਤਕ ਵਿਚ ਲਿਖਿਆ ਹੈ ਕਿ--

ਰਾਹ ਕਿਲੀ ਦਾ ਲੁਕਵਾਂ ਸੀ ਐਸਾ ਕੋਈ,
ਭੇਤੀ ਬਾਝੋਂ ਕਠਨ ਸੀ ਉਸ ਤਾਂਈ ਪਾਣਾ।
ਚੱਪਾ ਚੱਪਾ ਖੋਜੀਆਂ ਨੇ ਧਰਤੀ ਟੋਹੀ,
ਲੱਭਾ ਨਾ ਪਰ ਉਸ ਦਾ ਕੋਈ ਰਾਹ ਟਿਕਾਣਾ।

ਗ੍ਰਿਫਤਾਰ ਕੀਤਾ ਬਜ਼ੁਰਗ ਪਠਾਣ ਕਹਿੰਦਾ, ਕਿ "ਜੇ ਮੈਂ ਕਿਲ੍ਹੇ ਦਾ ਰਾਹ ਦੱਸ ਦਿਆਂ ਤਾਂ ਮੇਰਾ ਪੁੱਤਰ ਵੱਡਾ ਹੋ ਕੇ ਤਾਅਨੇ ਮੇਹਣੇ ਮਾਰੇਗਾ ਕਿ ਮੇਰੇ ਬਾਪ ਨੇ ਆਪਣੀ ਕੌਮ ਨਾਲ ਗਦਾਰੀ ਕਰਕੇ ਧਰੋਹ ਕਮਾਇਆ ਹੈ, ਇਸ ਲਈ ਮੇਰੇ ਪੁੱਤਰ ਨੂੰ ਪਹਿਲਾਂ ਪਹਾੜੀ ਦੇ ਥੱਲੇ ਸੁੱਟ ਦੇਵੋ, ਫਿਰ ਮੈਂ ਤੁਹਾਨੂੰ ਕਿਲ੍ਹੇ ਦਾ ਰਾਹ ਦੱਸ ਦੇਵਾਂਗਾ"—




ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725


ਰਾਹ ਕਿਲੀ ਦਾ ਦੱਸਨਾਂ ਮੈਂ ਲੱਖ ਵੇਰੀ,
ਖ਼ੌਫ਼ ਆਪਣੇ ਪੁੱਤ ਦਾ ਪਰ ਮੈਨੂੰ ਖਾਵੇ।
ਬੀਬੀ ਦਾਹੜੀ ਰੱਖ ਕੇ ਕਿਦਾਂ ਵੇਚਾਂ,
ਪੁੱਤਰ ਸਾਹਵੇਂ ਇੱਜ਼ਤਾਂ ਸਿੰਘਾ ਸਰਦਾਰਾ।
ਸੁੱਟ ਦਿਓ ਇਸ ਨੂੰ ਤੰਦੀ ਦੇ ਹੇਠਾਂ,
ਰਾਹ ਕਿਲੀ ਦਾ ਖੋਲ੍ਹ ਕੇ ਮੈਂ ਦੱਸਾਂ ਸਾਰਾ।

ਦੇਖਦਿਆਂ ਦੇਖਦਿਆਂ ਉਸ ਦਾ ਪੁੱਤਰ ਸਿਪਾਹੀਆਂ ਨੇ ਪਹਾੜੀ ਦੇ ਥੱਲੇ ਸੁੱਟ ਦਿਤਾ। ਹੁਣ ਬੁੱਢਾ ਪਠਾਣ ਆਪਣੀਆਂ ਮੁੱਛਾਂ 'ਤੇ ਹੱਥ ਫੇਰਦਾ ਹੋਇਆ ਪੱਟ 'ਤੇ ਥਾਪੀ ਮਾਰ ਕੇ ਬੜੇ ਤਾਅ ਵਿਚ ਬੋਲਿਆ ਕਿ "ਸਰਦਾਰਾ ਮੈਨੂੰ ਡਰ ਸੀ ਕਿ ਕਿਤੇ ਮੇਰਾ ਅਲੂਆਂ ਪੁੱਤ ਨਾ ਦੱਸ ਦੇਵੇ, ਹੁਣ ਮੈਨੂੰ ਕਿਸੇ ਦਾ ਕੋਈ ਡਰ ਨਹੀਂ ਹੈ, ਹੁਣ ਮੈਂ ਤੁਹਾਨੂੰ ਕਿਲ੍ਹੇ ਦਾ ਰਾਹ ਨਹੀਂ ਦੱਸਾਂਗਾ"।

ਵੱਟ ਕੇ ਮੁੱਛਾਂ ਬੁੱਢੜੇ ਲਲਕਾਰਾ ਲਾਇਆ,
ਨਹੀਂ ਸੀ ਤੈਨੂੰ ਦੱਸਿਆ ਪਹਿਲਾਂ ਸਰਦਾਰਾ।
ਆਪਣੇ ਨਿੱਕੇ ਪੁੱਤ ਦਾ ਡਰ ਮੈਨੂੰ ਖਾਵੇ,
ਮਤਾ ਅਲੂਆਂ ਛੋਕਰਾ ਤੱਕ ਲਸ਼ਕਰ ਭਾਰਾ,
ਆਪਣੀ ਅਣਖ਼ੀ ਕੌਮ ਨੂੰ ਨਾ ਵੱਟਾ ਲਾਵੇ।

ਬੁੱਢੜੇ ਪਠਾਣ ਨੇ ਲਲਕਾਰ ਕੇ ਕਿਹਾ ਕਿ ਸਰਦਾਰਾ ਤੇਰੀ ਤਲਵਾਰ ਮੇਰੀ ਹਿੱਕ ਚੀਰੇਗੀ ਫਿਰ ਹੀ ਤੈਨੂੰ ਕਿੱਲੀ ਬੂਹਾ ਲੱਭ ਸਕਦਾ ਹੈ।

ਨਾ ਹੁਣ ਖੱਡਾ ਪੋਹੰਦੀਆਂ ਨਾ ਧਮਕੀ ਕਾਈ,
ਨਾ ਤਲਵਾਰਾਂ ਨੰਗੀਆਂ ਨਾ ਚੇਹਰਾ ਸੂਹਾ।
ਹਿੱਕ ਬੁੱਢੇ ਦੀ ਚੀਰ ਕੇ ਤੇਰੀ ਸਰਵਾਹੀ,
ਲੱਭੇਗੀ, ਹੁਣ ਸੋਹਣਿਆਂ ਕਿਲੀ ਦਾ ਬੂਹਾ।

ਇਹ ਤੇ ਇਕ ਪਠਾਣ ਦੀ ਆਪਣੀ ਕੌਮ ਪ੍ਰਤੀ ਵਫ਼ਾਦਾਰੀ ਦੀ ਮਿਸਾਲ ਹੈ ਪਰ ਸਾਡਾ ਤਾਂ ਸਾਰਾ ਇਤਿਹਾਸ ਹੀ ਅਣਖ਼, ਗੈਰਤ ਤੇ ਕੌਮੀ ਭਾਵਨਾ ਨਾਲ ਭਰਿਆ ਪਿਆ। ਬੰਦਾ ਸਿੰਘ ਬਹਾਦਰ ਦਾ ਸਾਢੇ ਚਾਰ ਸਾਲ ਦਾ ਬੇਟਾ ਉਹਦੇ ਪੱਟਾਂ 'ਤੇ ਰੱਖ ਕੇ ਜ਼ਾਲਮਾਂ ਨੇ ਚੀਰਿਆ, ਕੋਹਿਆ ਤੇ ਬੋਟੀ ਬੋਟੀ ਕਰ ਦਿੱਤੀ ਪਰ ਬੰਦੇ ਨੇ ਸੀਅ ਤੱਕ ਨਾ ਉਚਾਰੀ। ਭਾਈ ਸ਼ਾਹਬਾਜ਼ ਸਿੰਘ ਤੇ ਸੁਬੇਗ ਸਿੰਘ ਨੂੰ ਕੌਣ ਭੁੱਲ ਸਕਦਾ ਹੈ। ਆਪਣੀ ਕੌਮ, ਧਰਮ ਤੇ ਗੁਰੂ 'ਤੇ ਭਰੋਸਾ ਰੱਖ ਕੇ ਬੱਚਿਆਂ ਦੇ ਟੁਕੜਿਆਂ ਦੇ ਹਾਰ ਆਪਣਿਆਂ ਗਲ਼ਾਂ ਵਿਚ ਪਵਾ ਲਏ ਪਰ ਕਿਸੇ ਇਕ ਵੀ ਭੈਣ ਨੇ ਆਪਣਾ ਈਮਾਨ ਨਹੀਂ ਵੇਚਿਆ।

ਪੰਜਾਂ ਨਦੀਆਂ ਦੀ ਧਰਤ ਹੈ ਜੱਗ ਉੱਤੇ,
ਜਿਹੜੀ ਮੌਤ ਦੀ ਹਿੱਕ 'ਤੇ ਹੱਸਦੀ ਏ,
ਇਕੋ ਮਾਂ ਪੰਜਾਬਣ ਹੈ ਅਣਖ਼ ਬਦਲੇ,
ਜਿਹੜੀ ਪੁੱਤ ਮਰਵਾ ਕਿ ਵੀ ਹੱਸਦੀ ਏ।

ਸਾਡੀ ਤਾਂ ਅਰਦਾਸ ਹੀ ਸਾਰੀ ਅਣਖ਼ੀ ਜ਼ਿੰਦਗੀ ਤੇ ਕੁਰਬਾਨੀਆਂ ਦੀ ਦਾਸਤਾਂ ਨਾਲ ਭਰੀ ਪਈ ਹੈ। ਕੀ ਤੁਸਾਂ ਅਰਦਾਸ ਦੇ ਬੋਲਾਂ ਨੂੰ ਕਦੇ ਸਮਝਿਆ ਹੈ?

ਕਹਿੰਦੇ ਨੇ ਇਕ ਮੀਰਜ਼ਾਦੇ ਨੇ ਮਹਾਂਰਾਣਾ ਪ੍ਰਤਾਪ ਨੂੰ ਆਪਣੀਆਂ ਨਕਲਾਂ ਰਾਹੀਂ ਖ਼ੁਸ਼ ਕੀਤਾ। ਮਹਾਂਰਾਣਾ ਕਹਿੰਦਾ, "ਮੀਰਜ਼ਾਦਿਆਂ ਤੂੰ ਮੈਨੂੰ ਖ਼ੁਸ਼ ਤਾਂ ਕੀਤਾ ਹੈ ਪਰ ਤੈਨੂੰ ਦੇਣ ਲਈ ਮੇਰੇ ਕੋਲ ਕੁਝ ਵੀ ਨਹੀਂ ਹੈ"। ਮੀਰਜ਼ਾਦਾ ਕਹਿੰਦਾ, "ਤੇਰੇ ਕੋਲ ਪੱਗ ਹੈ ਇਸ ਨਾਲੋਂ ਇਕ ਟੁਕੜਾ ਲਾਹ ਕੇ ਮੈਨੂੰ ਦੇਦੇ"।

**ਕੀ ਵਾਰ-ਵਾਰ ਲਿਖਿਆ ਜਾਏ ਤੁਹਾਡੇ ਕਾਰਨਾਮੇ ਅਜਿਹੇ ਹਨ ਕਿ ਲਿਖਣ ਲੱਗਿਆਂ ਵੀ ਕਚਿਆਣ ਆਉਂਦੀ ਹੈ। ਮਰਜੀਵੜਿਆਂ ਦੀ ਜਥੇਬੰਦੀ ਨੇ ਰਹਿਤ ਮਰਯਾਦਾ ਵਿਹੂਣੇ ਲੋਕਾਂ ਨੂੰ ਅਹੁਦੇ ਬਖਸ਼ੇ। ਘੋਨ-ਮੋਨ ਅਕਾਲੀ ਦਲ ਹੋ ਗਿਆ ਆਪਣਾ ਪਹਿਰਾਵਾ ਛੱਡ ਕੇ ਆਪਣੇ ਲੋਕ ਛੱਡ ਕੇ ਉਹਨਾਂ ਲੋਕਾਂ ਨੂੰ ਸਿਰ 'ਤੇ ਬੈਠਾਇਆ ਜਿਨ੍ਹਾਂ ਦਾ ਸਿੱਖੀ ਸਰੋਕਾਰਾਂ ਨਾਲ ਕੋਈ ਵਾਹ ਵਾਸਤਾ ਨਹੀਂ ਸੀ। ਆਪਣੀਆਂ ਜੜ੍ਹਾਂ ਅੰਮ੍ਰਿਤਸਰ ਛੱਡ ਕੇ ਵੱਡਾ ਦਫਤਰ ਚੰਡੀਗੜ੍ਹ ਬਣਾ ਲਿਆ। ਤੁਹਾਡਾ ਹਰ ਕਦਮ ਤੁਹਾਡੇ ਹੀ ਵਿਰੁੱਧ ਜਾ ਰਿਹਾ ਹੈ ਕਿਉਂਕਿ ਤੁਹਾਡੇ ਵਿਚੋਂ ਸਿੱਖੀ ਵਾਲੀ ਸੁਹਿਰਦਤਾ ਖਤਮ ਹੋ ਚੁੱਕੀ ਹੈ। ਤੁਸੀਂ ਆਪਣਾ ਵਕਾਰ ਗਵਾ ਬੈਠੇ ਹੋ। ਤੁਹਾਡੇ ਚੋਂ ਗਏ 'ਕਾਲੀਏ ਤੁਹਾਡੇ ਨਾਲ ਹੱਥ ਮਿਲਾਉਣ ਲਈ ਕਾਹਲੇ ਪਏ ਹਨ।**

ਰਾਣਾ ਪ੍ਰਤਾਪ ਕਹਿੰਦਾ, "ਤੈਨੂੰ ਪੱਗ ਦਾ ਟੁਕੜਾ ਤਾਂ ਦੇ ਦਿਆਂ ਪਰ ਤੇਰਾ ਸਿਰ ਸਾਰਿਆਂ ਅੱਗੇ ਝੁਕਦਾ ਰਹਿੰਦੇ ਏਂ ਏਦ੍ਹੇ ਨਾਲ ਮੇਰੀ ਤੌਹੀਨ ਹੋਏਗੀ"। ਮੀਰਜ਼ਾਦਾ ਕਹਿੰਦਾ "ਮੇਰਾ ਸਿਰ ਹੀ ਝੁਕੇਗਾ ਇਹ ਦੋ ਗਜ਼ ਦਾ ਕਪੜਾ ਨਹੀਂ ਝੁਕੇਗਾ"।

ਕਹਿੰਦੇ ਨੇ ਮੀਰਜ਼ਾਦਾ ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਗਿਆ। ਮੀਰਜ਼ਾਦੇ ਨੇ ਸਿਰ 'ਤੇ ਬੰਨ੍ਹਿਆਂ ਪੱਗ ਦਾ ਟੁਕੜਾ ਹੱਥ ਵਿਚ ਫੜ ਕੇ ਉੱਚਾ ਕਰ ਲਿਆ ਤੇ ਆਪਣਾ ਸਿਰ ਅਕਬਰ ਬਾਦਸ਼ਾਹ ਅੱਗੇ ਝੁਕਾਅ ਦਿੱਤਾ। ਅਕਬਰ ਬਾਦਸ਼ਾਹ ਕਹਿੰਦਾ, "ਮੀਰਜ਼ਾਦਿਆ ਇਹ ਕੀ ਮਰਿਯਾਦਾ ਹੈ"। ਤਾਂ ਅੱਗੋਂ ਮੀਰਜ਼ਾਦਾ ਕਹਿੰਦਾ, "ਬਾਦਸ਼ਾਹ ਸਲਾਮਤ ਸਿਰ ਮੇਰਾ ਹੈ ਇਹ ਝੁਕਾ ਦਿੱਤਾ ਪਰ ਸਿਰ "ਤੇ ਬੰਨ੍ਹਿਆਂ ਦੋ ਗਜ਼ ਦਾ ਕਪੜਾ ਮਹਾਰਾਣਾ ਪ੍ਰਤਾਪ ਦਾ ਹੈ ਉਸ ਨੇ ਤੇਰੀ ਈਨ ਨਹੀਂ ਮੰਨੀ ਮੈਂ ਉਸ ਵਲੋਂ ਦਿੱਤੇ ਸਨਮਾਨ ਨੂੰ ਕਿਦਾਂ ਝੁਕਾਅ ਦਿਆਂ?

ਕਰਤਾਰ ਸਿੰਘ ਬਲੱਗਣ ਦੀਆਂ ਸਤਰਾਂ ਇਤਿਹਾਸ ਸਮੋਈ ਬੈਠੀਆਂ ਹਨ—

ਕਿਉਂ ਕਰ ਉਸ ਦੀ ਪੱਗ ਨੂੰ ਮੈਂ ਕਿਤੇ ਨਿਵਾਵਾਂ,

ਉਸ ਖ਼ਨਵਾਦੇ ਨਾਲ ਮੈਂ ਕਿਉਂ ਦਗਾ ਕਮਾਵਾਂ?

ਸੁਣ ਕੇ ਗੱਲ ਮੁਸਾਬ ਨੇ, ਜਾ ਉਂਦ੍ਹੀ ਪਾਈ।

ਅਕਬਰ ਨੇ ਵੀ ਮੁੜ ਮੱਥਿਓਂ ਮੁੜ ਘੂਰੀ ਲਾਹੀ।

ਸ਼ਾਬਾਸ਼ ਉਸ ਭੱਟ ਦਾ, ਜਿਸ ਸ਼ਾਨ ਬਣਾਈ।

ਰਾਜਪੂਤਾਂ ਦੀ ਪੱਗ ਦੀ ਉਸ ਰੱਖ ਵਖਾਈ।

ਕੀ ਸਾਡੇ ਅਕਾਲੀ ਲੀਡਰ ਆਪਣੇ ਸ਼ਾਨਾਮਤੀ ਇਤਿਹਾਸ ਜਾਂ ਦੁਨੀਆਂ ਦੇ ਇਤਿਹਾਸ ਤੋਂ ਕੋਈ ਸੇਧ ਲੈ ਸਕਦੇ ਹਨ? ਇਕੋ ਜਵਾਬ ਹੈ ਕਿ ਇਹ ਅਕਾਲੀਏ ਨਿੱਜੀ ਲਾਲਸਾਵਾਂ ਵਿਚ ਫਸ ਕੇ ਰਹਿ ਗਏ ਹਨ, ਇਹ ਆਪਣੇ ਪੁੱਤ, ਪੋਤਰੇ, ਨੂੰਹਾਂ ਭਤੀਜਿਆਂ ਤੇ ਘਰਵਾਲੀਆਂ ਦੇ ਮੋਹ ਜਾਲ ਵਿਚ ਫਸ ਕੇ ਕੌਮੀ ਜਜ਼ਬਾ ਹੀ ਭੁੱਲ ਗਏ ਹਨ। ਸਿੱਖੀ ਭਾਵਨਾ, ਧਰਮ ਪ੍ਰਤੀ ਇਮਾਨਦਾਰੀ, ਕੁਰਬਾਨੀ ਜਜ਼ਬਾ ਤੇ ਆਪਣੀ ਕੌਮ ਲਈ ਮਰ ਮਿਟਣ ਵਾਲੀ ਅਣਖ ਹੀ ਗਵਾ ਬੈਠੇ ਹਨ।

ਅਮਰ ਰਹਿੰਦੀਆਂ ਜੱਗ ਤੇ ਉਹ ਕੌਮਾਂ,

ਜਿਹਦੇ ਬੀਰ ਕਦੇ ਘਾਲਣਾ ਘਾਲਦੇ ਨੇ

ਛੱਨੇ ਖੋਪਰੀ ਦੇ ਫੜ ਕੇ ਪੁੱਤ ਜਿਹਦੇ,

ਆਪਣੀ ਕੌਮ ਨੂੰ ਅੰਮ੍ਰਿਤ ਪਿਆਲਦੇ ਨੇ।

ਹੁਣ ਸਮਝ ਆਉਂਦੀ ਹੈ ਕਿ ਅਕਾਲੀਏ ਅਖੰਡਪਾਠ, ਸ਼ਤਾਬਦੀਆਂ ਜਾਂ ਧਾਰਮਿਕ ਪ੍ਰੋਗਰਾਮ ਇਸ ਲਈ ਕਰਾਉਂਦੇ ਹਨ ਕਿ ਸਾਨੂੰ ਕੋਈ ਇਹ ਨਾ ਆਖੇ ਕਿ ਇਹ ਅਕਾਲੀਏ ਧਰਮੀ ਨਹੀਂ ਹਨ-- ਧਰਮ ਦੇ ਨਾਂ 'ਤੇ ਓਨਾ ਕੁ ਕੰਮ ਕਰ ਲਿਆ ਜਿਸ ਨਾਲ ਵੋਟਾਂ ਵਿਚ ਵਾਧਾ ਹੁੰਦਾ ਰਹੇ। ਸਾਫ਼ ਕਿਹਾ ਜਾ ਸਕਦਾ ਹੈ ਕਿ ਇਹ ਧਰਮੀ ਹੋਣ ਦਾ ਢੌਂਗ ਹੀ ਕਰ ਰਹੇ ਹਨ ਗੁਰਬਾਣੀ ਵਾਕ ਹੈ-

**ਤੀਹ ਕਰਿ ਰਖੇ ਪੰਜ ਕਰਿ ਸਾਥੀ ਨਾਉ ਸੈਤਾਨੁ ਮਤੁ ਕਟਿ ਜਾਈ॥**

**ਨਾਨਕੁ ਆਖੈ ਰਾਹਿ ਪੈ ਚਲਣਾ ਮਾਲੁ ਧਨੁ ਕਿਤ ਕੂ ਸੰਜਿਆਹੀ॥ (24)**

ਅਖੰਡ ਪਾਠ ਕਰਾਉਂਦੇ, ਅਰਦਾਸਾਂ ਕਰਾਉਂਦੇ ਇਤਿਹਾਸ ਨੂੰ ਸੁਣਦੇ ਹਨ ਪਰ ਸਬਕ ਕਦੇ ਨਹੀਂ ਲਿਆ। ਕੇ.ਪੀ.ਐਸ. ਗਿੱਲ ਨੇ ਸਿੱਖ ਨੌਜਵਾਨਾਂ ਦਾ ਚੁਣ-ਚੁਣ ਕੇ ਸ਼ਿਕਾਰ ਕੀਤਾ। ਲਾਸ਼ਾਂ ਲੱਭਣ ਵਾਲੇ ਸਰਦਾਰ ਖਾਲੜਾ ਨੂੰ ਹੀ ਲਾਸ਼ ਬਣਾ ਧਰਿਆ। ਦੂਸਰਾ ਪੰਜਾਬ ਦੇ ਲੋਕ ਗਾਇਕਾਂ ਰਾਂਹੀਂ ਪੰਜਾਬ ਦਾ ਸਭਿਆਚਾਰ ਬਦਲਣ ਦਾ ਯਤਨ ਕੀਤਾ ਹੈ ਘੱਟ ਤੁਸਾਂ ਵੀ ਕੋਈ ਨਹੀਂ ਕੀਤੀ। ਪੰਜਾਬੀ ਪਾਰਟੀ (ਸ਼੍ਰੋਮਣੀ ਅਕਾਲੀ ਦਲ ਬਾਦਲ) ਨੇ ਕਬੱਡੀ ਮੈਚਾਂ 'ਤੇ ਢਾਡੀ ਪ੍ਰੰਪਰਾਵਾਂ ਨੂੰ ਛੱਡ ਕੇ ਫਿਲਮੀ ਨ੍ਰਿਤਕਾਰੀਆਂ ਦੇ ਠੁਮ੍ਹਕਿਆਂ 'ਤੇ ਕਰੋੜਾਂ ਰੁਪਇਆ ਨਹੀਂ ਖਰਚਿਆ? ਕੀ ਤੁਸਾਂ ਵਾਕਿਆ ਹੀ ਬਾਬਾ ਬੰਦਾ ਸਿੰਘ ਬਹਾਦਰ ਦੀ ਕੌਮ ਦੇ ਵਾਰਸ ਹੋ? ਕੀ ਤੁਹਾਨੂੰ ਸਰਹੰਦ ਦੀ ਦੀਵਾਰ ਜਾਂ ਚਮਕੌਰ ਦੀ ਜੂਹ ਵਿਚੋਂ ਕੁਝ ਨਹੀਂ ਲੱਭਿਆ। ਇਤਿਹਾਸ ਵਿਚ ਹਮੇਸ਼ਾਂ ਇਹ ਸਵਾਲ ਤੁਹਾਡੇ 'ਤੇ ਖੜੇ ਰਹਿਣਗੇ—

ਤੁਹਾਡੀਆਂ ਕਾਰ ਗੁਜ਼ਾਰੀਆਂ ਕਰਕੇ ਰਾਜ ਭਾਗ ਦੇ ਮਾਲਕ ਹੁੰਦੇ ਹੋਏ ਤਿੰਨਾਂ ਸੀਟਾਂ 'ਤੇ ਸਿਮਟ ਗਏ—ਤੁਹਾਡੀ ਨਲਾਇਕ ਸੋਚ ਕਰਕੇ ਤੁਹਾਡੇ ਉੱਤੇ ਸਾਰੇ ਪੰਜਾਬੀ ਦੇ ਮੁਹਾਵਰੇ ਢੁੱਕਦੇ ਹਨ—

ਤਾਲੋਂ ਖੁੰਝੀ, ਡੂੰਮਣੀ ਬੋਲੇ।

ਗਾਵੇ ਆਲ ਪਤਾਲ।

ਕਾਠ ਦੀ ਹਾਂਡੀ ਵਾਰ-ਵਾਰ ਨਹੀਂ ਚੜ੍ਹਦੀ।

ਤੁਹਾਡੇ ਮਹਾਨ ਕਾਰਨਾਮਿਆਂ ਕਰਕੇ ਅਕਸਰ ਕਿਹਾ ਜਾਂਦਾ ਹੈ 'ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ', ਪਤਾ ਨਹੀਂ ਤੁਸੀਂ ਕਿਹੜੀ ਦੁਨੀਆਂ ਵਿਚ ਵਿਚਰ ਰਹੇ ਹੋ। ਪਹਿਲਾਂ ਤੁਸਾਂ ਕਿੱਲ ਕਿੱਲ੍ਹ ਕੇ ਕਿਹਾ ਕਿ ਤਿੰਨ ਖੇਤੀ ਕਾਨੂੰਨ ਬਹੁਤ ਹੀ ਲਾਹੇਵੰਦੇ ਹਨ। ਜਦੋਂ ਤੁਹਾਨੂੰ ਲੋਕਾਂ ਨੇ ਪਿੰਡਾਂ ਵਿਚ ਵੜਨੋਂ ਬੰਦ ਕਰ ਦਿੱਤਾ ਤਾਂ ਤੁਸੀਂ ਕਹਿਣ ਲੱਗ ਪਏ ਨਹੀਂ ਜੀ ਅਸੀਂ ਤਾਂ ਖੇਤੀ ਕਾਨੂੰਨ ਪੜ੍ਹੇ ਹੀ ਨਹੀਂ ਸਨ ਸਾਡੇ ਕੋਲੋਂ ਤਾਂ ਧੱਕੇ ਨਾਲ ਦਸਤਖਤ ਕਰਾਏ ਹਨ ਏਦੂੰ ਵੱਡੀ ਸ਼ਰਮਨਾਕ ਘਟਨਾ ਹੋਰ ਕਿਹੜੀ ਹੋ ਸਕਦੀ ਹੈ?

ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਹੈ ਜੋ ਪੰਜਾਬ ਦੇ ਵੱਡੇ ਹਿੱਤਾਂ ਦੀ ਰਾਖੀ ਲਈ ਮੋਰਚੇ ਲਗਾਉਂਦੀ ਸੀ ਜੇਲ੍ਹਾਂ ਭਰਦੀ ਤੇ ਸ਼ਹਾਦਤਾਂ ਦੇਣ ਤੱਕ ਜਾਂਦੀ ਸੀ। ਸ਼੍ਰੋਮਣੀ ਅਕਾਲੀ ਦਲ ਜਿਥੇ ਆਪਣੀ ਕੌਮ ਪ੍ਰਤੀ ਕੁਰਬਾਨੀਆਂ ਦਿੰਦਾ ਆਇਆ ਹੈ ਉਥੇ ਸਰਕਾਰ ਦੇ ਹਰ ਧੱਕੇ ਵਿਰੁੱਧ ਵੀ ਡੱਟਦਾ ਰਿਹਾ ਹੈ। ਸਰਕਾਰ ਦੀ ਹਰ ਦਮਨਕਾਰੀ ਨੀਤੀ ਦਾ ਵਿਰੋਧ ਸ਼੍ਰੋਮਣੀ ਅਕਾਲੀ ਦਲ ਕਰਦਾ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਪੰਥ ਪ੍ਰਤੀ ਇਮਾਨਦਾਰੀ, ਵਫ਼ਾਦਾਰੀ ਤੇ ਕੁਰਬਾਨੀ ਕਰਕੇ ਸਾਰਾ ਸਿੱਖ ਅਵਾਮ ਇਨ੍ਹਾਂ ਨੂੰ ਰਾਜ ਭਾਗ ਦੇ ਮਾਲਕ ਬਣਾਉਂਦਾ ਰਿਹਾ ਹੈ। ਇਨ੍ਹਾਂ ਦੀ ਇਕ ਅਵਾਜ਼ 'ਤੇ ਕੌਮ ਸ਼ਹੀਦੀਆਂ ਦੇਂਦੀ ਰਹੀ ਹੈ।

ਹੌਲੀ ਹੌਲੀ ਪ੍ਰਕਾਸ਼ ਸਿੰਘ ਬਾਦਲ ਨੇ ਅਜੇਹੀਆਂ ਨੀਤੀਆਂ ਚਲਾਈਆਂ ਕਿ ਯੋਗ ਅਕਾਲੀ ਆਗੂਆਂ ਨੂੰ ਪਿਛਲੀ ਕਤਾਰ ਵਿਚ ਖੜ੍ਹੇ ਕਰ ਦਿੱਤਾ। ਆਪਣੇ ਪਰਵਾਰਾਂ ਦੇ ਜੀਆਂ ਨੂੰ ਅੱਗੇ ਲਿਆਉਣ ਲਈ ਹਰ ਪ੍ਰਕਾਰ ਦਾ ਦਾਅ--ਪੇਚ ਵਰਤਿਆ। ਸੱਤਾ ਦੀ ਲਾਲਸਾ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਖੇਰੂੰ ਖੇਰੂੰ ਕਰਕੇ ਰੱਖ ਦਿੱਤਾ ਹੈ। ਟੁਕੜਿਆਂ ਵਾਲੇ ਅਕਾਲੀ ਦਲਾਂ ਵਿਚੋਂ ਵੱਡਾ ਟੁਕੜਾ ਬਾਦਲ ਦਲ ਦਾ ਬਣ ਗਿਆ। ਅਕਾਲੀ ਦਲ ਬਾਦਲ ਤੇ ਇਸ ਦੇ ਭਾਗੀਦਾਰ ਪੰਜਾਬ ਚੋਂ ਆਪਣੇ ਖਲੋਣ ਲਈ ਜ਼ਮੀਨ ਤਲਾਸ਼ਣ ਵਿਚ ਲੱਗੇ ਹੋਏ ਹਨ।

ਅਕਾਲੀ ਦਲ ਬਾਦਲ ਨੇ 1997 ਤੋਂ ਤਿੰਨ ਵਾਰ ਪੰਜਾਬ ਚੋਣਾਂ ਜਿੱਤੀਆਂ। ਸਭ ਤੋਂ ਵੱਧ ਵਾਰ ਬਾਦਲ ਨੂੰ ਪੰਜਾਬ ਦਾ ਮੁੱਖ ਮੰਤ੍ਰੀ ਬਣਨ ਦਾ ਮੌਕਾ ਮਿਲਿਆ ਹੈ। ਨਿਰੀ ਪੰਜਾਬ ਦੀ ਨਹੀਂ ਸਗੋਂ ਕੇਂਦਰੀ ਸੱਤਾ ਦਾ ਵੀ ਅਨੰਦ ਮਾਣਿਆ ਹੈ। ਸਾਰੀ ਦੁਨੀਆਂ ਜਾਣਦੀ ਹੈ ਕਿ ਪ੍ਰਵਾਰਕ ਮੋਹ ਅੱਗੇ ਬਾਦਲ ਨੇ ਸਿੱਖ ਸਿਧਾਂਤ ਵਲੋਂ ਮੂੰਹ ਮੋੜ ਲਿਆ। "ਅੰਨ੍ਹਾ ਵੰਡੇ ਰਿਉੜੀਆਂ ਮੁੜ ਮੁੜ ਆਪਣਿਆਂ ਨੂੰ" ਦੀ ਕਹਾਵਤ ਅਨੁਸਾਰ ਬਾਦਲ ਨੇ ਆਪਣੇ ਹੀ ਪਰਵਾਰ ਨੂੰ ਵਜ਼ੀਰੀਆਂ ਦਿੱਤੀਆਂ। ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਬਾਹਰੋਂ ਥੋੜ੍ਹਾ ਬਹੁਤਾ ਸਿੱਖੀ ਵਾਲਾ ਪਹਿਰਾਵਾ ਸੀ ਪਰ ਅੰਦਰੋਂ ਸਿੱਖੀ ਭਾਵਨਾ ਵਾਲੇ ਕੋਈ ਸਰੋਕਾਰ ਨਹੀਂ ਸਨ। ਰਾਜਸੀ ਸੱਤਾ ਦਾ ਮੋਹ ਐਨਾ ਭਾਰੂ ਹੋ ਗਿਆ ਕਿ ਸ਼ਾਨਾਮਤੀ ਇਤਿਹਾਸ ਵਾਲੇ ਅਕਾਲੀ ਦਲ ਨੂੰ ਬਾਦਲ ਦੀ ਚੌਂਕੜੀ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਬਣਾ ਧਰਿਆ। 1995 ਤਕ ਖਿਲਰੇ ਹੋਏ ਅਕਾਲੀਏ ਵੀ ਨਾਲ ਹੀ ਸਨ। ਓਦੋਂ ਇਹ ਵੀ ਆਪਣੇ ਪਰਿਵਾਰਾਂ ਲਈ ਸੀਟਾਂ ਪੱਕੀਆਂ ਕਰਨ ਵਿਚ ਬਾਦਲ ਦੀ ਹਾਂ ਵਿਚ ਹਾਂ ਮਿਲਾਉਂਦੇ ਰਹੇ। ਇਤਿਹਾਸ ਕਿਸੇ ਨੂੰ ਵੀ ਮੁਆਫ ਨਹੀਂ ਕਰੇਗਾ। ਵੱਖ ਹੋਏ ਅਕਾਲੀਆਂ ਵਿਚ ਵੀ ਸਿੱਖੀ ਸਰੋਕਾਰ ਵਾਲੀ ਕੋਈ ਕਹਾਣੀ ਨਹੀਂ ਹੈ।

ਪੰਜਾਬ ਦੀ ਵਿਧਾਨ ਸਭਾ ਵਿਚ ਵਿਧਾਇਕ ਹਰਦੇਵ ਸਿੰਘ ਅਰਸ਼ੀ ਵਲੋਂ ਬਾਦਲ ਨੂੰ ਵਾਅਦਾ ਪੂਰਾ ਕਰਨ ਲਈ ਸਵਾਲ ਪੁੱਛਿਆ ਸੀ ਤਾਂ ਅੱਗੋਂ ਬਾਦਲ ਨੇ ਮੀਸਣਾ ਜੁਆਬ ਦਿੱਤਾ ਸੀ ਕਿ ਦੱਬੇ ਮੁਰਦੇ ਫੋਲ ਕੇ ਕੀ ਲਭੋਗੇ? ਹੁਣ ਬੀਤੇ 'ਤੇ ਮਿੱਟੀ ਪਾਓ ਤੇ ਅੱਗੇ ਵਧੋ।

ਪੰਥਕ ਸਰਕਾਰ ਨੇ ਕਸੂਰਵਾਰ ਪੁਲੀਸ ਅਧਿਕਾਰੀਆਂ ਖ਼ਿਲਾਫ਼ ਲੋਕਾਂ ਵਲੋਂ ਦਰਜ ਕਰਾਏ ਮੁਕੱਦਮੇ ਸਰਕਾਰੀ ਖਰਚੇ 'ਤੇ ਲੜਨ ਦਾ ਫੈਸਲਾ ਕੀਤਾ। ਸਿੱਖ ਨੌਜਵਾਨਾਂ ਦੇ ਨਾਮੀ ਕਾਤਲ ਸੁਮੇਧ ਸੈਣੀ ਨੂੰ ਪੰਜਾਬ ਦਾ ਡੀ. ਜੀ. ਪੀ. ਲਾਇਆ।

ਆਲਮ ਸੈਨਾ ਵਾਲੇ ਇਜ਼ਹਾਰ ਆਲਮ ਨੂੰ ਅਕਾਲੀ ਦਲ ਬਾਦਲ ਦਾ ਵਾਈਸ ਪ੍ਰਧਾਨ ਬਣਾਇਆ ਅਤੇ ਉਹਦੀ ਘਰਵਾਲੀ ਨੂੰ ਐੱਮ.ਐੱਲ.ਏ. ਦੀ ਟਿਕਟ ਦਿੱਤੀ। ਮੋਰਚਿਆਂ ਵਿਚ ਮੌਰ ਭੰਨਾਉਣ ਵਾਲੇ ਅਕਾਲੀਆਂ ਨੂੰ ਛੱਡ ਕੇ "ਸੜਕਾਂ 'ਤੇ ਅੱਗ ਤੁਰੀ ਜਾਂਦੀ ਆ" ਗਾਉਣ ਵਾਲੇ ਨੂੰ ਤੁਸਾਂ ਅਕਾਲੀ ਦਲ ਵਲੋਂ ਕਿਸ ਖ਼ੁਸ਼ੀ ਵਿਚ ਟਿਕਟ ਦਿੱਤੀ ਸੀ?

ਸ਼੍ਰੋਮਣੀ ਅਕਾਲੀ ਦਲ ਨੇ 1997 ਦੀ ਚੋਣ ਸਮੇਂ ਆਪਣੇ ਚੋਣ ਮੈਨੀਫੈਸਟੋ ਵਿਚ ਇਹ ਵਾਇਦਾ ਕੀਤਾ ਸੀ ਕਿ 1984 ਤੋਂ ਲੈ ਕੇ 1997 ਤਕ ਹੋਏ ਝੂਠੇ ਪੁਲੀਸ ਮੁਕਾਬਲਿਆਂ ਦੀ ਸਮੁੱਚੀ ਜਾਂਚ ਕਰਾਈ ਜਾਏਗੀ। ਕਸੂਰਵਾਰ ਅਫ਼ਸਰਾਂ ਨੂੰ ਬਣਦੀਆਂ ਸਜਾਵਾਂ ਦਿੱਤੀਆਂ ਜਾਣਗੀਆਂ। ਸਰਕਾਰ ਬਣਦਿਆਂ ਹੀ ਸ੍ਰ ਬਾਦਲ ਮੁੱਕਰ ਗਿਆ। ਹੋਇਆ ਇਹ ਕਿ ਬਾਦਲ ਸਰਕਾਰ ਬਣਨ ਤੋਂ ਬਾਅਦ ਜਦੋਂ ਜ਼ਿਲ੍ਹਿਆਂ ਵਿਚ ਐਸ ਐਸ ਪੀ ਨਿਯੁੱਕਤ ਕਰਨੇ ਸਨ ਤਾਂ ਸਰਦਾਰ ਟੌਹੜਾ ਨੇ ਬਾਦਲ ਨੂੰ ਕਿਹਾ ਕਿ ਨੌਜਵਾਨਾਂ ਦਾ ਸ਼ਿਕਾਰ ਕਰਨ ਵਾਲੇ ਅਧਿਕਾਰੀਆਂ ਨੂੰ ਲਾਂਭੇ ਕੀਤਾ ਜਾਏ। ਬਾਦਲ ਨੇ ਟੌਹੜੇ ਨੂੰ ਹੀ ਲਾਂਭੇ ਕਰ ਦਿੱਤਾ। ਬਾਦਲ ਦੀ ਅੰਦਰੂਨੀ ਅਵਸਥਾ ਏਦਾਂ ਦੀ ਬਣ ਗਈ ਸੀ ਕਿ ਕਿਹੜਾ ਪੰਥ? ਕੌਣ ਸ਼ਹੀਦ? ਕਿਹੜਾ ਪੰਜਾਬ? ਕਿਹੜੇ ਕਸੂਰਵਾਰ ਅਫ਼ਸਰ, ਕੌਣ ਖਾਲੜਾ, ਕੌਣ ਕਾਉਂਕੇ, ਕਿਹੜਾ ਭਾਖੜਾ ਡੈਮ, ਕਿਹੜਾ ਚੰਡੀਗੜ੍ਹ, ਕਿਹੜਾ ਅਨੰਦਪੁਰ ਦਾ ਮਤਾ, ਕਿਹੜੀ ਕਿਰਸਾਨੀ? ਇਹ ਸਭ ਬੀਤੇ ਦੀਆਂ ਗੱਲਾਂ ਹਨ ਜੀ, ਹੁਣ ਠੰਡੇ ਬਸਤੇ ਵਿਚ ਹੀ ਰਹਿਣ ਦਿਓ ਜੀ। ਅਕਾਲੀ ਦਲ ਬਾਦਲ ਡੂੰਘੇ ਵਹਿਮ ਸੀ ਕਿ ਗੱਲਾਂ ਦਾ ਕੜਾਹ ਬਣਾਈ ਜਾਓ ਸਿੱਖ ਸਭ ਕੁਝ ਭੁੱਲ ਜਾਂਦੇ ਹਨ। ਇੰਝ ਲਗਦਾ ਹੈ ਕਿ ਜਿਵੇਂ ਮਿੱਥ ਕੇ ਸਿੱਖੀ ਸਰੋਕਾਰਾਂ ਦੀ ਤਬਾਹੀ ਮਚਾਈ ਗਈ ਹੋਵੇ।

ਜਦੋਂ ਅਕਾਲ ਤੱਖਤ ਦੇ ਜੱਥੇਦਾਰ ਪ੍ਰੋ. ਮਨਜੀਤ ਸਿੰਘ ਨੇ ਸਾਰੇ ਅਕਾਲੀ ਦਲਾਂ ਨੂੰ ਏਕਤਾ ਦਾ ਸੱਦਾ ਦਿੱਤਾ ਸੀ ਤਾਂ ਬਹੁਤੇ ਅਕਾਲੀ ਨੇਤਾ ਹਾਜ਼ਰ ਹੋਏ ਸਨ। ਬਾਦਲ ਦਲ ਪੇਸ਼ ਨਹੀਂ ਹੋਇਆ ਸੀ। ਬਾਦਲ ਦਲ ਮਾਂਹ ਦੇ ਆਟੇ ਵਾਂਗ ਆਕੜਿਆ ਹੀ ਨਹੀਂ ਸੀ ਸਗੋਂ ਇਹਦੇ ਵਰਕਰਾਂ ਨੇ ਪ੍ਰੋ. ਮਨਜੀਤ ਸਿੰਘ ਦੇ ਕਮਰੇ ਨੂੰ ਠੁੱਡੇ ਮਾਰੇ ਸਨ। ਕਹਿੰਦੇ ਨੇ ਪ੍ਰੋ. ਮਨਜੀਤ ਸਿੰਘ ਨੇ ਮਸਾਂ ਜਾਨ ਬਚਾਈ ਸੀ। ਫਿਰ ਇਕ ਵਾਰ ਅਕਾਲ ਤਖਤ ਦੇ ਜਥੇਦਾਰ ਭਾਈ ਰਣਜੀਤ ਸਿੰਘ ਨੇ ਏਕਤਾ ਕਰਾਉਣ ਦੀ ਕੋਸ਼ਿਸ਼ ਕੀਤੀ ਕਿ 1999 ਦੀ ਖਾਲਸੇ ਦੀ ਸ਼ਤਾਬਦੀ ਇਕੱਠੇ ਮਨਾ ਲਓ ਪਰ ਬਾਦਲ ਦਲੀਏ ਨਹੀਂ ਮੰਨੇ। 2019 ਵਿਚ ਗੁਰੂ ਨਾਨਕ ਸਾਹਿਬ ਜੀ ਅਰਧ ਸ਼ਤਾਬਦੀ ਮਨਾਉਣ ਦੀ ਗੱਲ ਤੁਰੀ ਤਾਂ ਕੈਪਟਨ ਅਮਿੰਰਦਰ ਸਿੰਘ ਦੀ ਸਰਕਾਰ ਨੇ ਅਕਾਲੀ ਦਲ ਬਾਦਲ ਨੂੰ ਕਿਹਾ ਕਿ ਗਿਲੇ ਸ਼ਿਕਵੇ ਵੱਖਰੇ ਹੁੰਦੇ ਹਨ, ਵਿਚਾਰਧਾਰਾ ਆਪੋ ਆਪਣੀ ਪਾਰਟੀ ਦੀ ਵੱਖਰੀ ਹੁੰਦੀ ਹੈ, ਆਪਾਂ ਉਂਝ ਵੀ ਇਕ ਦੂਜੇ ਦੇ ਵਿਆਹਾਂ ਸ਼ਾਦੀਆਂ 'ਤੇ ਤੁਰੇ ਹੀ ਰਹਿੰਦੇ ਹਾਂ, ਤੁਸੀਂ ਮੇਰੇ ਕੇਸ ਵਾਪਸ ਲੈ ਲਏ ਮੈਨੂੰ ਮੌਕਾ ਮਿਲਿਆ ਮੈਂ ਤੁਹਾਡੇ ਕੇਸ ਵਾਪਸ ਲੈ ਲਏ। ਇਹ ਗੱਲਾਂ ਤਾਂ ਚਲਦੀਆਂ ਹੀ ਰਹਿੰਦੀਆਂ ਹਨ ਪਰ ਅਸੀਂ ਹੈਂ ਤਾਂ ਗੁਰੂ ਨਾਨਕ ਸਾਹਿਬ ਜੀ ਸਿੱਖ ਆਓ ਆਪਾਂ ਰਲ਼ ਕੇ ਗੁਰੂ ਸਾਹਿਬ ਜੀ ਦੀ ਸ਼ਤਾਬਦੀ ਮਨਾ ਲਈਏ ਪਰ ਬਾਦਲ ਨਹੀਂ ਮੰਨਿਆ। ਕਰੋੜਾਂ ਰੁਪਇਆ ਸ਼ਾਮਿਆਨੇ 'ਤੇ ਹੀ ਖਰਚ ਛੱਡਿਆ ਪਰ ਕੌਮੀ ਮੁੱਦਿਆਂ ਦੀ ਕੋਈ ਪ੍ਰਾਪਤੀ ਨਹੀਂ ਹੋਈ।

1997 ਨੂੰ ਸ਼ਿਕਾਰੀ ਪੁਲੀਸ ਅਫਸਰਾਂ ਨੇ ਬਹੁਤੇ ਅਕਾਲੀ ਵਜ਼ੀਰਾਂ ਨੂੰ ਆਪਣੇ ਨਾਲ ਗੰਢ ਲਿਆ ਸੀ। ਅਕਾਲੀਆਂ ਦੀ ਸਰਕਾਰ ਬਣਿਆਂ ਅਜੇ ਦੋ ਸਾਲ ਹੀ ਹੋਏ ਸਨ ਜਦੋਂ ਸ. ਟੌਹੜਾ ਦੇ ਬੁਨਿਆਦੀ ਨੁਕਤਿਆਂ 'ਤੇ ਬਾਦਲ ਨਾਲ ਮਤਭੇਦ ਹੋ ਗਏ। ਨਤੀਜਾ ਖਖੜੀਆਂ ਹੋਇਆ ਅਕਾਲੀ ਦਲ ਹੋਰ ਖਖੜੀ-ਕਰੇਲੇ ਹੋ ਗਿਆ।

ਤਿੰਨ ਵਾਰ ਸੱਤਾ ਦਾ ਅਨੰਦ ਤਾਂ ਮਾਣ ਲਿਆ ਪਰ ਸਿੱਖ ਮੁੱਦਿਆਂ ਨੂੰ ਪੂਰੀ ਤਰ੍ਹਾਂ ਲੀਹ ਤੋਂ ਲਹੁੰਦਿਆਂ ਸਿੱਖੀ ਸਰੋਕਾਰਾਂ ਨੂੰ ਵੀ ਬ੍ਰਹਾਮਣੀ ਵਿਚਾਰਧਾਰਾ ਵਿਚ ਡੋਬ ਦਿੱਤਾ। ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਸਿੱਖ ਸਿਧਾਂਤ ਨੂੰ ਪੁੱਠਾ ਗੇੜਾ ਦੇਣ ਲਈ 30 ਡੇਰੇਦਾਰਾਂ ਨੂੰ ਸ਼੍ਰੋਮਣੀ ਕਮੇਟੀ ਦੇ ਮੈਂਬਰ ਬਣਾ ਧਰਿਆ। ਅਕਾਲੀ ਦਲ ਬਾਦਲ ਨੇ ਸ਼੍ਰੋਮਣੀ ਕਮੇਟੀ ਨੂੰ ਵੀ ਲੀਹ ਤੋਂ ਲਾਹ ਦਿੱਤਾ ਹੈ ਪਹਿਲਾਂ ਨਾਨਕਸ਼ਾਹੀ ਕੈਲੰਡਰ ਸ਼੍ਰੋਮਣੀ ਕਮੇਟੀ ਨੇ ਲਾਗੂ ਕੀਤਾ ਫਿਰ ਮੁਕਰ ਗਏ।

ਸੂਬਿਆਂ ਨੂੰ ਵੱਧ ਅਧਿਕਾਰ ਦੇਣ ਲਈ ਸ਼੍ਰੋਮਣੀ ਅਕਾਲੀ ਦਲ ਜੂਝਦਾ ਰਿਹਾ ਹੈ ਪਰ ਜਦੋਂ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਸਰਕਾਰ ਨੇ ਜੰਮੂ ਕਸ਼ਮੀਰ ਦੇ ਸੂਬੇ ਨੂੰ ਤੋੜ ਕੇ ਚਾਰ ਭਾਗਾਂ ਵਿਚ ਵੰਡ ਦਿੱਤਾ ਤਾਂ ਸਾਊ ਪਤਨੀ ਬਣਦਿਆਂ ਸ਼੍ਰੋਮਣੀ ਅਕਾਲੀ ਦਲ ਨੇ ਆਪਣਾ ਵਿਰੋਧ ਵੀ ਨਹੀਂ ਜਿਤਾਇਆ।

ਸਿੱਖ ਮੁੱਦਿਆਂ ਵਲੋਂ ਮੂੰਹ ਫੇਰਨ ਕਰਕੇ ਅਕਾਲੀਏ ਕਿਸੇ ਪਾਸੇ ਯੋਗੇ ਨਹੀਂ ਰਹੇ—ਧੋਬੀ ਦਾ ਕੁੱਤਾ ਨਾ ਘਰਦਾ ਨਾ ਘਾਟ ਦਾ, ਕਾਠ ਕੀ ਹਾਂਡੀ ਵਾਰ ਵਾਰ ਨਹੀਂ ਚੜ੍ਹ ਸਕਦੀ। ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਨੇ 103 ਵੇਂ ਅਕਾਲੀ ਦਲ ਦੀ ਸਥਾਪਨਾ ਦਿਵਸ ਮੁਆਫ਼ੀ ਮੰਗਣ ਦਾ ਪੂਰਾ ਡਰਾਮਾ ਕੀਤਾ। ਸੁਖਬੀਰ ਸਿੰਘ ਬਾਦਲ ਇਹ ਦੱਸੋ ਕਿ ਮੁਆਫ਼ੀ ਕਿਸ ਗੱਲ ਦੀ ਮੰਗ ਰਹੇ ਹੋ?

ਕਹਿੰਦਾ, "ਸਾਡੀ ਸਰਕਾਰ ਬਣਾਓ ਅਸੀਂ ਬੇ-ਅਦਬੀ ਕਰਨ ਵਾਲਿਆਂ ਨੂੰ ਫੜਾਂਗੇ, ਸਜਾਵਾਂ ਦਿਆਂਗੇ"। ਅਜਿਹੀ ਡਰਾਮੇਬਾਜ਼ੀ ਨੂੰ ਮਗਰਮੱਛ ਦੇ ਹੰਝੂ ਹੀ ਕਹੇ ਜਾ ਸਕਦੇ ਹਨ। ਝੂੰਦਾ ਕਮੇਟੀ ਨੇ ਸਾਫ਼ ਸ਼ਬਦਾਂ ਵਿਚ ਅਕਾਲੀ ਦਲ ਨੂੰ ਬਚਾਉਣ ਲਈ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਛੱਡਣ ਲਈ ਕਿਹਾ ਸੀ। ਸੁਖਬੀਰ ਸਿੰਘ ਨੇ ਕਿਹਾ ਮੈਂ ਪ੍ਰਧਾਨਗੀ ਨਹੀਂ ਛੱਡਣੀ ਤੁਸੀਂ ਖ਼ੁਦ ਹੀ ਛੱਡ ਜਾਓ ਤਾਂ ਚੰਗਾ ਰਹੇਗਾ।

ਆਹ ਸਵਾਲ ਤੁਹਾਡੇ ਸਾਹਮਣੇ ਖੜੇ ਹਨ—ਜਿਹੜੇ ਸਿੱਖ ਅਵਾਮ ਨੂੰ ਸਦਾ ਰੜਕਦੇ ਰਹਿਣਗੇ—

1975 ਤੋਂ ਲੈ ਕੇ ਹੁਣ ਅਕਾਲੀ ਦਲ ਬਾਦਲ ਦੀਆਂ ਪ੍ਰਾਪਤੀਆਂ ਗਿਣੀਏ ਤਾਂ ਪੱਲੇ ਨਿਰਾਸ਼ਾ ਹੀ ਪੈਂਦੀ ਹੈ। ਆਹ ਕੁਝ ਸਵਾਲ ਹਨ ਜਿਹੜੇ ਇਤਿਹਾਸ ਵਿਚ ਤੈਰਦੇ ਤੇ ਚੁੱਭਦੇ ਰਹਿਣਗੇ। ਇਨ੍ਹਾਂ ਸੁਆਲਾਂ ਦਾ ਅਕਾਲੀਆਂ ਕੋਲ ਕੋਈ ਜੁਆਬ ਨਹੀਂ ਹੈ।

ਨਹਿਰੀ ਪਾਣੀਆਂ ਦੇ ਸਮਝੌਤੇ ਵਿਚ ਸਤਲੁਜ ਜਮਨਾ ਨਹਿਰ ਦੀ ਜ਼ਮੀਨ ਤੁਸਾਂ ਨਹੀਂ ਖਰੀਦੀ?

ਪੰਜਾਬ ਦੇ ਕਿਰਸਾਨਾਂ ਦਾ ਨਹਿਰੀ ਪਾਣੀ ਵਲੋਂ ਧਿਆਨ ਹਟਾਉਣ ਲਈ ਬਿਜਲੀ ਮੁਫਤ ਦੇ ਕੇ ਧਰਤੀ ਹੇਠਲੇ ਪਾਣੀ ਦੀ ਬਰਬਾਦੀ ਲਈ ਤੁਸੀਂ ਜ਼ਿੰਮੇਵਾਰ ਨਹੀਂ ਹੋ?

ਕੀ ਤੁਸਾਂ ਜਸਟਿਸ ਕੁਲਦੀਪ ਵਿਚ ਕਮਿਸ਼ਨ ਦੀ ਕਾਰਵਾਈ ਨੂੰ ਨਹੀਂ ਰੋਕਿਆ। ਕੀ ਓਦੋਂ ਤੁਹਾਡੀ ਸਰਕਾਰ ਨਹੀਂ ਸੀ?

ਸਵਾਲਾਂ ਦਾ ਸੁਆਲ ਕੀ ਤੁਸਾਂ ਬੇਅਦਬੀ ਕਰਨ ਵਾਲੇ ਨਹੀਂ ਛੱਡੇ? ਕੀ ਤੁਸੀਂ ਓਦੋਂ ਪੰਜਾਬ ਦੇ ਗ੍ਰਹਿ ਮੰਤ੍ਰੀ ਨਹੀਂ ਸੀ?

ਤੁਸੀਂ ਗ਼ੋਲੀ ਚਲਾਉਣ ਵਾਲੇ ਨਹੀਂ ਬਚਾਏ?

ਤੁਸਾਂ ਪ੍ਰਚਾਰਕਾਂ 'ਤੇ ਲਾਠੀਚਾਰਜ ਨਹੀਂ ਕਰਾਇਆ?

ਤੁਸੀਂ ਸਰਸੇ ਵਾਲੇ ਸਾਧ ਨੂੰ ਅਕਾਲ ਤਖਤ ਤੋਂ ਮੁਆਫੀ ਨਹੀਂ ਦਿਵਾਈ?

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਿਰੁੱਧ ਧਰਨੇ 'ਤੇ ਬੈਠਿਆਂ ਨੂੰ ਨਹੀਂ ਕਿਹਾ ਸੀ ਕਿ ਇਹ ਸਾਰੇ ਘਰੋਂ ਵਿਹਲੇ ਹਨ?

ਤੁਸੀਂ ਬਠਿੰਡਾ ਕਚਹਿਰੀ ਵਿਚੋਂ ਸੌਦੇ ਸਾਧ ਦਾ ਕੇਸ ਵਾਪਸ ਨਹੀਂ ਲਿਆ?

ਕੀ ਤੁਸਾਂ ਸ਼ਰੋਮਣੀ ਕਮੇਟੀ ਦਾ 92 ਲੱਖ ਇਸ਼ਤਿਹਾਰਾਂ 'ਤੇ ਨਹੀਂ ਲਵਾਇਆ ਕਿ ਸੌਦਾ ਸਾਧ ਤਾਂ ਬਿਚਾਰਾ ਬੜਾ ਚੰਗਾ ਹੈ ਸਾਡੇ ਆਪਣੇ ਹੀ ਮਾੜੇ ਹਨ? ਜੱਥੇਦਾਰ ਗੁਰਮੁਖ ਸਿੰਘ ਵਲੋਂ ਸੌਦੇ ਸਾਧ ਨੂੰ ਮੁਆਫੀ ਦੇਣ ਵਾਲੀ ਸਾਰੀ ਸੱਚਾਈ ਜੱਗ ਜ਼ਾਹਰ ਕੀਤੀ ਕਿ ਕਿਸ ਤਰ੍ਹਾਂ ਚੰਡੀਗੜ੍ਹ ਵਿਚ ਸਾਰੀ ਖਿਚੜੀ ਪਕਾਈ ਗਈ।

ਕੀ ਸਰਦਾਰ ਜਸਵੰਤ ਸਿੰਘ ਖਾਲੜਾ ਨੂੰ ਕੋਹ ਕੋਹ ਕੇ ਨਹੀਂ ਮਾਰਿਆ ਗਿਆ? ਤੁਹਾਡੀ ਸਰਕਾਰ ਨੇ ਉਸ ਲਈ ਕੀ ਕੀਤਾ?

ਕੀ ਤੁਸਾਂ ਉਸ ਨੂੰ ਇਨਸਾਫ ਦਿਵਾਇਆ ਹੈ?

ਹੱਦ ਤੋਂ ਓਦੋਂ ਹੁੰਦੀ ਹੈ ਜਦੋਂ ਪਾਰਲੀ ਮੈਂਟ ਦੀ ਚੋਣ ਸਮੇਂ ਬੀਬੀ ਖਾਲੜਾ ਦਾ ਵਿਰੋਧ ਕੀਤਾ। ਦੁਜੇ

ਪਾਸੇ ਬੀਬੀ ਕਮਲਜੀਤ ਕੌਰ ਨੂੰ ਆਪਣੀਆਂ ਲਾਲਸਾਂ ਦੀ ਪੂਰਤੀ ਲਈ ਸੰਗਰੂਰ ਤੋਂ ਅਕਾਲੀ ਦਲ ਦਾ ਉਮੀਦਵਾਰ ਐਲਾਨ ਦਿੱਤਾ।

ਭਾਈ ਗੁਰਦੇਵ ਸਿੰਘ ਕਉਂਕੇ ਦੀ ਸ਼ਹੀਦੀ ਦਾ ਸੱਚ ਤੁਸਾਂ ਕਿਉਂ ਦਬਾਇਆ? ਤੁਹਾਡੀ ਇਸ ਕਾਲੀ ਕਰਤੂਤ ਨੇ ਤੁਹਾਨੂੰ ਕੱਖੋਂ ਹੌਲੇ ਕਰ ਦਿੱਤਾ ਹੈ। ਹੁਣ ਜਿੰਨ੍ਹੇ ਮਰਜ਼ੀ ਸਪੱਸ਼ਟੀਕਰਨ ਦਈ ਜਾਓ ਪਰ ਤੁਸੀਂ ਆਪਣੀ ਗੈਰਜ਼ਿੰਮੇਵਾਰੀ ਦੇ ਰੋਲ ਤੋਂ ਭੱਜ ਨਹੀਂ ਸਕਦੇ। ਬੇਸ਼ਰਮਾਂ ਦੀ ਤਰ੍ਹਾਂ ਤੁਹਾਡੇ ਕੁਝ ਚਹੇਤੇ ਟੀਵੀ ਅੱਗੇ ਬੈਠ ਕੇ ਊਂਈਂ ਸਿਰ ਅੜਾਈ ਜਾ ਰਹੇ ਹਨ।

ਹੁਣ ਪੰਜਾਬ ਬਚਾਓ ਦਾ ਨਾਅਰਾ ਲਾ ਕੇ ਰੈਲੀਆਂ ਕੱਢਣ ਦਾ ਯਤਨ ਕਰਨ ਲੱਗੇ ਪਹਿਲਾਂ ਇਹ ਦੱਸੋ ਇਸ ਨੂੰ ਡੋਬਿਆ ਕਿਸਨੇ ਹੈ।

ਤੁਸੀਂ ਪੰਜਾਬ ਦੀਆਂ ਬੁਨਿਆਦੀ ਮੰਗਾਂ ਹੀ ਭੁਲਾ ਛੱਡੀਆਂ ਹਨ।

ਪੰਜਾਬ ਦੀ ਰਾਜਧਾਨੀ ਮੰਗਣੀ ਤੁਸਾਂ ਛੱਡ ਦਿੱਤੀ। ਪੰਜਾਬ ਦਾ ਪਾਣੀ ਤੁਸਾਂ ਗਵਾ ਦਿੱਤਾ। ਮੁਫਤ ਦੀਆਂ ਵਸਤੂਆਂ ਦੇ ਕੇ ਪੰਜਾਬ ਨੂੰ ਕਰਜ਼ਾਈ ਤੁਸਾਂ ਕੀਤਾ। ਆਪਣੀ ਬਣਦੀ ਜ਼ਿੰਮੇਵਾਰੀ ਤੋਂ ਬਚਣ ਲਈ ਕਾਂਗਰਸੀਆਂ ਨੂੰ ਕੋਸਣ ਲੱਗ ਪੈਂਦੇ ਹੋ। ਭਾਵੇਂ ਇਸ ਹਮਾਮ ਵਿਚ ਉਹ ਵੀ ਨੰਗੇ ਹਨ। ਪੰਜਾਬ ਲਈ ਕਦੇ ਕਾਂਗਰਸੀਆਂ ਵੀ ਨਹੀਂ ਸੋਚਿਆ।

ਤੁਹਾਡੇ ਵਲੋਂ ਅਨੰਦਪੁਰ ਮਤਾ ਲਿਆਂਦਾ ਸੀ ਉਹ ਕਿਹੜੇ ਖੂਹ ਖਾਤੇ ਵਿਚ ਪੈ ਗਿਆ। ਧਰਮੀ ਫੌਜੀਆਂ ਲਈ ਤੁਸਾਂ ਕੀ ਕੀਤਾ ਹੈ?

ਜਿੰਨ੍ਹੇ ਮਰਜ਼ੀ ਮਾਰਚ ਕੱਢੋ ਤੁਹਾਨੂੰ ਕੌਣ ਮਨ੍ਹਾ ਕਰਦਾ ਹੈ ਸਵਾਲਾਂ ਦਾ ਸਵਾਲ ਹੈ ਕਿ ਤੁਸਾਂ ਪੰਜਾਬ ਦੇ ਕਿਹੜੇ ਮੁੱਦੇ ਦੀ ਗੱਲ ਕਰ ਰਹੇ ਹੋ? ਸਿੱਖ ਸਮੱਸਿਆਵਾਂ ਦੇ ਹੱਲ ਲਈ ਕੀ ਕਰ ਰਹੇ ਹੋ। ਤੁਸੀਂ ਅਕਾਲੀਆਂ ਵਾਲਾ ਨਹੀਂ ਸਗੋਂ ਬਹਿਰੂਪੀਆਂ ਵਾਲਾ ਰੋਲ ਨਿਭਾਇਆ ਹੈ। ਤੁਸਾਂ ਤਾਂ ਪੰਜਾਬੀ ਪਾਰਟੀ ਬਣਾ ਕੇ ਸਿੱਖ ਮੁੱਦਿਆਂ ਵਲੋਂ ਮੂੰਹ ਹੀ ਮੋੜ ਲਿਆ ਹੈ। ਨਾਨਕਸ਼ਾਹੀ ਕੈਲੰਡਰ ਤੁਹਾਡੀ ਮਿਹਰਬਾਨੀ ਕਰਕੇ ਰੱਦ ਹੋ ਗਿਆ ਹੈ।

ਕੀ ਵਾਰ-ਵਾਰ ਲਿਖਿਆ ਜਾਏ ਤੁਹਾਡੇ ਕਾਰਨਾਮੇ ਅਜਿਹੇ ਹਨ ਕਿ ਲਿਖਣ ਲੱਗਿਆਂ ਵੀ ਕਚਿਆਣ ਆਉਂਦੀ ਹੈ। ਮਰਜੀਵੜਿਆਂ ਦੀ ਜਥੇਬੰਦੀ ਨੇ ਰਹਿਤ ਮਰਯਾਦਾ ਵਿਹੂਣੇ ਲੋਕਾਂ ਨੂੰ ਅਹੁਦੇ ਬਖਸ਼ੇ। ਘੋਨ-ਮੋਨ ਅਕਾਲੀ ਦਲ ਹੋ ਗਿਆ ਆਪਣਾ ਪਹਿਰਾਵਾ ਛੱਡ ਕੇ ਆਪਣੇ ਲੋਕ ਛੱਡ ਕੇ ਉਹਨਾਂ ਲੋਕਾਂ ਨੂੰ ਸਿਰ 'ਤੇ ਬੈਠਾਇਆ ਜਿਨ੍ਹਾਂ ਦਾ ਸਿੱਖੀ ਸਰੋਕਾਰਾਂ ਨਾਲ ਕੋਈ ਵਾਹ ਵਾਸਤਾ ਨਹੀਂ ਸੀ।

ਆਪਣੀਆਂ ਜੜ੍ਹਾਂ ਅੰਮ੍ਰਿਤਸਰ ਛੱਡ ਕੇ ਵੱਡਾ ਦਫਤਰ ਚੰਡੀਗੜ੍ਹ ਬਣਾ ਲਿਆ। ਤੁਹਾਡਾ ਹਰ ਕਦਮ ਤੁਹਾਡੇ ਹੀ ਵਿਰੁੱਧ ਜਾ ਰਿਹਾ ਹੈ ਕਿਉਂਕਿ ਤੁਹਾਡੇ ਵਿਚੋਂ ਸਿੱਖੀ ਵਾਲੀ ਸੁਹਿਰਦਤਾ ਖਤਮ ਹੋ ਚੁੱਕੀ ਹੈ। ਤੁਸੀਂ ਆਪਣਾ ਵਕਾਰ ਗਵਾ ਬੈਠੇ ਹੋ। ਤੁਹਾਡੇ ਚੋਂ ਗਏ 'ਕਾਲੀਏ ਤੁਹਾਡੇ ਨਾਲ ਹੱਥ ਮਿਲਾਉਣ ਲਈ ਕਾਹਲੇ ਪਏ ਹਨ। ਅਜਿਹੇ ਕਚਘਰੜ ਬਿਰਤੀ ਵਾਲਿਆਂ ਸਬੰਧੀ ਭਾਈ ਤ੍ਰਿਲੋਚਨ ਸਿੰਘ ਦੁਪਾਲਪੁਰ ਦੀਆਂ ਸਤਰਾਂ ਬੜੀਆਂ ਭਾਵਪੂਰਤ ਹਨ—

ਖਸਲਤ ਜਾਣ ਚੁੱਕੇ ਇਨ੍ਹਾਂ ਦੀ ਪੰਜਾਬੀ ਸਾਰੇ,
ਰਾਜ ਭਾਗ ਦੇ ਸਿਤਮ ਜਰ ਜਰ ਕੇ।
ਸਤੇ ਹੋਏ ਲੋਕੀਂ ਹੁਣ ਮੂੰਹ ਨਹੀਂ ਲਾਉਣ ਲੱਗੇ,
ਕਰਨ ਡਰਾਮੇ ਭਾਵੇਂ ਮੋਹਰੇ ਮਰ ਮਰ ਕੇ।
'ਦਲ' ਦਾ ਹਸ਼ਰ ਮਾੜਾ ਹੋਇਆ ਇਹਦੇ ਕਰਕੇ ਹੀ,
ਵਾਰ-ਵਾਰ ਕੱਢਿਆ ਜਲੂਸ ਹਰ ਹਰ ਕੇ।
ਪੰਥ ਦੇ ਹਮੈਤੀ ਇਹਦੇ ਕਾਰਿਆਂ ਨੂੰ ਯਾਦ ਕਰ,
ਲਾਹਣਤਾਂ ਦੇ ਟੋਕਰੇ ਭਰ ਭਰ ਕੇ।
ਅਹੁਦੇ ਨਹੀਂ ਛੱਡ ਹੁੰਦੇ ਨਾਲੇ ਜਾਂਦੀ ਮੱਤ ਮਾਰੀ,
ਗੋਲ੍ਹਕਾਂ ਖ਼ਜ਼ਾਨੇ ਸਰਕਾਰੀ ਚਰ ਚਰ ਕੇ।
ਫੁੰਡਣਾ ਨਿਸ਼ਾਨਾ ਹੁਣ ਚਾਹੁੰਦੇ ਭਰਦਾਨ ਸਾਹਬ,
ਚੱਲੇ ਹੋਏ ਕਾਰਤੂਸ 'ਕੱਠੇ ਕਰ ਕਰ ਕੇ।

-0-

# ਉੱਚੀ ਉੱਚੀ ਅਵਾਜ਼ਾਂ ਮਾਰਕੇ ਕੀ ਦੱਸਿਆ ਜਾ ਰਿਹਾ ਹੁੰਦਾ ਹੈ...?

**-ਅਮਰਪ੍ਰੀਤ ਸਿੰਘ ਗੁੱਜਰਵਾਲ**



ਜਦੋਂ ਮਹੀਨੇ ਬਾਅਦ ਸੰਗਰਾਂਦ ਦਾ ਦਿਨ ਆਉਂਦਾ ਹੈ, ਸਾਡੇ ਗੁਰਦੁਆਰਿਆਂ ਵਿੱਚ ਇਕ ਦਿਨ ਪਹਿਲਾਂ ਹੀ ਸਪੀਕਰ ਤੇ ਵਾਰ-ਵਾਰ ਬੋਲਿਆ ਜਾਂਦਾ ਹੈ, ਕੱਲ ਨੂੰ ਭਾਈ ਸੰਗਰਾਂਦ ਦਾ ਪਵਿੱਤਰ ਦਿਹਾੜਾ ਹੈ, ਸਾਰੇ ਰਸਤਾਂ-ਵਸਤਾਂ ਭੇਜਣ ਦੀ ਕਿਰਪਾਲਤਾ ਕਰੋ ਜੀ ਅਤੇ ਤਨ, ਮਨ, ਧਨ ਨਾਲ ਸੇਵਾ ਕਰਕੇ ਜਨਮ ਸਫਲਾ ਕਰੋ ਜੀ। ਕੁਝ ਲੋਕ ਤਨ ਨਾਲ ਆਕੇ ਸੇਵਾ ਕਰਦੇ ਹਨ ਅਤੇ ਕੁਝ ਘਰ ਬੈਠੇ ਹੀ ਪੈਸੇ ਦੇਕੇ ਹਾਜਰੀ ਭਰ ਲੈਂਦੇ ਨੇ, ਲਉ ਜੀ ਹੋ ਗਿਆ ਜਨਮ ਸਫਲਾ ਬੱਸ ਜੋ ਗੁਰੂ ਸਾਹਿਬ ਜੀ ਨੇ ਆਵਾਜ ਮਾਰੀ ਸੀ

**"ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ॥"**

ਇਹ ਕਿਸੇ ਨੂੰ ਵੀ ਯਾਦ ਨਹੀਂ ਹੁੰਦਾ, ਕਿਉ...?

ਮਨ ਹਰ ਵੇਲੇ ਗੈਰ ਹਾਜਰ ਹੀ ਰਹਿੰਦਾ ਹੈ।

ਜੇ ਮਨ ਹਾਜਰ ਹੁੰਦਾ ਅਸੀਂ ਕੱਲ ਸੰਗਰਾਂਦ ਤੇ ਆਕੇ ਇਹ ਯਾਦ ਜਰੂਰ ਕਰਦੇ ਕਿ ਅੱਜ ਗੁਰੂ ਅਮਰਦਾਸ ਸਾਹਿਬ ਜੀ ਦਾ ਜੋਤੀ ਜੋਤ ਪੁਰਬ ਵੀ ਹੈ, ਅੱਜ ਗੁਰੂ ਰਾਮਦਾਸ ਸਾਹਿਬ ਜੀ ਨੇ ਗੁਰਤਾ ਗੱਦੀ ਦੀ ਸੇਵਾ ਵੀ ਸੰਭਾਲੀ ਸੀ। ਅੱਜ ਗੁਰੂ ਰਾਮਦਾਸ ਸਾਹਿਬ ਜੀ ਜੋਤੀ ਜੋਤ ਵੀ ਸਮਾਏ ਅਤੇ ਗੁਰਤਾ ਗੱਦੀ ਤੇ ਗੁਰੂ ਅਰਜਨ ਸਾਹਿਬ ਜੀ ਬੈਠੇ ਸਨ। ਕੋਈ ਕੋਈ ਹੀ ਗੁਰਦੁਆਰਾ ਹੋਵੇਗਾ, ਜਿਥੇ ਅੱਜ ਗੁਰੂ ਸਾਹਿਬ ਜੀ ਦੇ ਇਹਨਾਂ ਦਿਹਾੜਿਆਂ ਦੀ ਗੱਲ ਹੋਵੇਗੀ, ਨਹੀਂ ਤੇ ਸੰਗਰਾਂਦ ਦਾ ਦਿਹਾੜਾ ਪਵਿੱਤਰ ਆਖ ਆਖਕੇ ਪੈਸੇ ਹੀ ਇਕੱਠੇ ਹੋਣੇ ਹਨ ਬੱਸ।

ਕੌਣ ਮਨਾਏਗਾ ਜੀ ਇਹ ਗੁਰੂ ਸਾਹਿਬ ਜੀ ਦੇ ਦਿਹਾੜੇ...?

ਕਸੂਰ ਕਿਸਦਾ ਹੈ...?

ਜਦ ਮੈ ਰਸਤੇ ਵਿੱਚ ਆ ਰਿਹਾ ਸੀ, ਇਕ ਬਾਬੇ ਦੀ ਬਰਸ਼ੀ ਦੇ ਵੱਡੇ ਵੱਡੇ ਬੋਰਡ ਲੱਗੇ ਦੇਖੇ, ਜੋ ਕੁਝ ਦਿਨ ਪਹਿਲਾਂ ਲੰਘ ਕੇ ਗਈ ਹੈ, ਕੀ ਗੁਰੂ ਸਾਹਿਬ ਜੀ ਦੇ ਪੁਰਬਾਂ ਦੀ ਜਗ੍ਹਾਂ ਅੱਜ ਬਾਬਿਆਂ ਦੀਆਂ ਬਰਸ਼ੀਆਂ ਨੇ ਤੇ ਨਹੀਂ ਲੈ ਲਈ...? -0-

# ਪਾਠਕਾਂ ਦੇ ਸਵਾਲਾਂ ਦੇ ਜਵਾਬ

-ਗੁਰਮਤਿ ਵਿਰਸਾ ਬਿਊਰੋ

**ਸਵਾਲ—ਕੀ ਰਮਤੇ ਸਾਧ ਵੀ ਪ੍ਰਭਾਵਤ ਹੋਏ?**

**ਜਵਾਬ**—ਜੀ ਹਾਂ, ਜਿਹੜੇ ਜਗਿਆਸੂ ਗੁਰੂ ਸਾਹਿਬ ਜੀ ਨੂੰ ਮਿਲਣ ਆਉਂਦੇ ਸਨ ਉਹ ਗੁਰੂ ਸਾਹਿਬ ਜੀ ਦੇ ਹੀ ਹੋ ਜਾਂਦੇ ਸਨ। ਇਹੀ ਕਾਰਨ ਹੈ ਕਿ ਜਦੋਂ ਮਰਦਾਨਾ ਹਰਿਦੁਆਰ ਦੇ ਸਾਧ ਕੋਲੋਂ ਅੱਗ ਲੈਣ ਲਈ ਜਾਂਦਾ ਹੈ ਤਾਂ ਵੈਸ਼ਨੂੰ ਸਾਧੂ ਇਹ ਕਹਿੰਦਾ ਹੈ ਕਿ ਤੂੰ ਉਸ ਨਾਨਕ ਨਾਲ ਆਇਆਂ ਏਂ ਜਿਸ ਨੇ ਜਨੇਊ ਨਹੀਂ ਧਾਰਨ ਕੀਤਾ। ਰਮਤੇ ਸਾਧੂਆਂ ਰਾਹੀਂ ਗੁਰੂ ਨਾਨਕ ਸਾਹਿਬ ਜੀ ਦਾ ਸੁਨੇਹਾ ਅੱਗੇ ਦੀ ਅੱਗੇ ਜਾ ਰਿਹਾ ਸੀ।

**ਸਵਾਲ—ਖਰਾ ਸੌਦਾ ਗੁਰੂ ਸਾਹਿਬ ਜੀ ਨੇ ਕਿਸ ਤਰ੍ਹਾਂ ਕੀਤਾ?**

**ਜਵਾਬ**—34-35 ਸਾਲ ਦੀ ਉਮਰ ਵਿਚ ਪਿਤਾ ਜੀ ਦੇ ਕਹੇ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਨੇ ਹੱਟੀ ਦੀ ਤਿਆਰੀ ਕੀਤੀ। ਇਸ ਇਲਾਕੇ ਵਿਚ ਸਭ ਤੋਂ ਵਡਾ ਕਸਬਾ ਚੂਹੜਕਾਣਾ ਸੀ ਜਿੱਥੋਂ ਸੌਦਾ ਲਿਆਂਦਾ ਜਾਂਦਾ ਸੀ। ਵਿਚਾਰ ਗੋਸ਼ਟੀਆਂ ਕਰਕੇ ਗੁਰੂ ਸਾਹਿਬ ਜੀ ਦੀ ਸਭ ਨਾਲ ਜਾਣ ਪਛਾਣ ਦੂਰ ਦਰਾਡ ਤਕ ਪਹੁੰਚ ਚੁੱਕੀ ਸੀ। ਇਥੇ ਵੀ ਵਿਦਵਾਨ ਮੰਡਲੀ ਨਾਲ ਵਿਚਾਰ ਚਰਚਾ ਹੋਈ ਤੇ ਨਾਲ ਆਪਣੇ ਵਲੋਂ ਗੁਰਦੇਵ ਜੀ ਨੇ ਲੰਗਰ ਵੀ ਛਕਾਇਆ। ਬਿਨਾ ਜਾਤ ਬਰਾਦਰੀ ਦੇ ਸਭ ਨੇ ਇਕੱਠਿਆਂ ਬੈਠ ਲੰਗਰ ਛੱਕਿਆ। ਗੁਰੂ ਸਾਹਿਬ ਜੀ ਨੇ ਸੁਭਾਅ ਅਨੁਸਾਰ ਕਈ ਲੋੜਵੰਦਾਂ ਦੀ ਸਹਾਇਤਾ ਵੀ ਕੀਤੀ। ਗੁਰੂ ਸਾਹਿਬ ਜੀ ਤਾਂ ਇਕ ਮਿਸ਼ਨ ਲਈ ਕੰਮ ਕਰ ਰਹੇ ਸਨ। ਇਕ ਨਵਾਂ ਸਮਾਜ ਸਿਰਜ ਰਹੇ ਸਨ, ਭਾਈਚਾਰਕ ਸਾਂਝ ਨੂੰ ਪੱਕਿਆਂ ਕਰ ਰਹੇ ਸਨ। ਆਪਸੀ ਖਿੱਚੋਤਾਣ ਨੂੰ ਖਤਮ ਕਰਾਉਣ ਦਾ ਯਤਨ ਕਰ ਰਹੇ ਸਨ ਪਰ ਪਿਤਾ ਜੀ ਨੂੰ ਇਹ ਗੱਲਾਂ ਚੰਗੀਆਂ ਨਹੀਂ ਲੱਗਦੀਆਂ ਸਨ। ਉਹ ਆਪਣੇ ਪੁੱਤਰ ਨੂੰ ਕਾਰੋਬਾਰੀ ਦੇਖਣਾ ਚਾਹੁੰਦੇ ਸਨ।

**ਸਵਾਲ—ਸਮਾਜ ਦੇ ਕਿਹੜੇ ਕਿਹੜੇ ਮੁੱਦੇ ਗੁਰੂ ਸਾਹਿਬ ਜੀ ਸਾਹਮਣੇ ਆਏ?**

**ਜਵਾਬ**—ਗੁਰੂ ਸਾਹਿਬ ਜੀ ਦੇ ਸਾਹਮਣੇ ਰਾਜਨੀਤਿਕ, ਧਾਰਮਿਕ, ਸਮਾਜਿਕ, ਆਰਥਿਕ, ਇਸਤ੍ਰੀ ਜਾਤੀ ਤੇ ਜਾਤ-ਪਾਤ ਮੁੱਦੇ ਆਏ। ਬਾਬੇ ਨੇ ਧਿਆਨ ਨਾਲ ਦੇਖਿਆ ਕਿ ਸਮਾਜ ਨੂੰ ਕਈ ਭਿਆਨਕ ਬਿਮਾਰੀਆਂ ਨੇ ਘੇਰਿਆ ਹੋਇਆ ਹੈ।

**ਸਵਾਲ—ਗੁਰੂ ਸਾਹਿਬ ਜੀ ਦੀ ਬਾਣੀ ਵਿਚੋਂ ਇਨ੍ਹਾਂ ਸਬੰਧੀ ਕਿਹੜੇ ਕਿਹੜੇ ਹਵਾਲੇ ਮਿਲਦੇ ਹਨ?**

**ਜਵਾਬ**- ਰਾਜਿਆਂ ਸਬੰਧੀ—

**ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥**
**ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥**
**(1288)**

ਧਾਰਮਿਕ ਆਗੂਆਂ ਦੀ ਹਾਲਤ—

**ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥**
**ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥ (662)**

ਇਸਤਰੀ ਜਾਤੀ ਸਬੰਧੀ—

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**
**ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥**
**ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥ (473)**

ਆਰਥਿਕ ਪੱਖ ਸਬੰਧੀ—

**ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥**
**(1245)**

ਸਮਾਜਿਕ ਭਾਈਚਾਰੇ ਸਬੰਧੀ-

**ਨਾਨਕ ਦੁਨੀਆ ਕੈਸੀ ਹੋਈ ॥ ਸਾਲਕੁ ਮਿਤੁ ਨ ਰਹਿਓ ਕੋਈ ॥**
**ਭਾਈ ਬੰਧੀ ਹੇਤੁ ਚੁਕਾਇਆ॥ ਦੁਨੀਆ ਕਾਰਣਿ ਦੀਨੁ ਗਵਾਇਆ॥**
**(1410)**

**ਸਵਾਲ—ਕੀ ਲੰਗਰ ਭੁੱਖੇ ਸਾਧੂਆਂ ਨੂੰ ਛਕਾਇਆ ਗਿਆ ਸੀ?**

**ਜਵਾਬ**—ਨਹੀਂ ਜੀ ਏਦਾਂ ਦੇ ਵਿਹੜ ਸਾਧੂਆਂ ਨੂੰ ਲੰਗਰ ਨਹੀਂ ਛਕਾਇਆ। ਜਿਹੜਾ ਅੱਜ ਭੁੱਖਾ ਹੈ ਉਹ ਕਲ੍ਹ ਨੂੰ ਵੀ ਭੁੱਖਾ, ਭਾਵ ਜੇ ਉਸ ਨੇ ਕੋਈ ਮਿਹਨਤ ਹੀ ਨਹੀਂ ਕਰਨੀ ਤਾਂ ਉਹ ਭੁੱਖਾ ਹੀ ਰਹੇਗਾ। ਕਿਥੋਂ ਖਾਏਗਾ? ਅਜਿਹੇ ਸਵਾਲ ਸਦਾ ਤਰਦੇ ਰਹਿੰਦੇ ਹਨ। ਨਾਨਕਈ ਫਲਸਫਾ ਵੀ ਏਸੇ ਗੱਲ ਦੀ ਗਵਾਹੀ ਦਿੰਦਾ ਹੈ ਕਿ ਵਿਹਲੜ ਦੀ ਸਮਾਜ ਵਿਚ ਕੋਈ ਥਾਂ ਨਹੀਂ ਹੈ ਜਿਹਾ ਕਿ ਗੁਰਵਾਕ ਹੈ—

**ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾਂ ਘਰੇ ਮਸੀਤਿ ॥**
**ਮਖਟੂ ਹੋਇ ਕੈ ਕੰਨ ਪੜਾਏ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥**
**ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ ॥**
**ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥1॥**
**(1245)**

ਗੁਰੂ ਸਾਹਿਬ ਜੀ ਨੇ ਕੇਵਲ ਵਿਹਲੜਾਂ ਨੂੰ ਲੰਗਰ ਨਹੀਂ ਛਕਾਇਆ ਸਗੋਂ ਜਿਹੜਾ ਵੀ ਵਿਚਾਰ ਕਰਨ ਆਉਂਦਾ ਸੀ ਗੁਰੂ ਸਾਹਿਬ ਜੀ ਉਸ ਨੂੰ ਲੰਗਰ ਛਕਾਉਂਦੇ ਤੇ ਉਸ ਨੂੰ ਖਰਚ ਪੱਠਾ ਦੇ ਕੇ ਵੀ ਤੋਰਦੇ ਸਨ। ਲੋੜਵੰਦਾਂ ਦੀਆਂ ਲੋੜਾਂ ਸਦਾ ਪੂਰੀਆਂ ਕਰਦੇ ਰਹਿੰਦੇ ਸਨ।

**ਸਵਾਲ—ਸੁਲਤਾਨ ਪੁਰ ਲੋਧੀ ਨੂੰ ਕਿਸ ਨੇ ਵਸਾਇਆ ਸੀ?**

**ਜਵਾਬ**—ਕਪੂਰਥਲਾ ਰਾਜ ਵਿਚ ਸਫੇਦ ਵੇਂਈ ਨਦੀ ਦੇ ਕਿਨਾਰੇ ਇੱਕ ਨਗਰ, ਜੋ ਕਪੂਰਥਲਾ ਤੋਂ 16 ਮੀਲ ਦੂਰ ਦੱਖਣ ਪਾਸੇ ਹੈ। 11ਵੀਂ ਸਦੀ ਵਿਚ ਮਹਿਮੂਦ ਗਜ਼ਨਵੀ ਦੇ ਫੌਜਦਾਰ ਸੁਲਤਾਨਪੁਰ ਖ਼ਾਨ ਲੋਧੀ ਨੇ ਇਹ ਨਗਰ ਵਸਾਇਆ ਸੀ।

**ਸਵਾਲ—ਗੁਰੂ ਸਾਹਿਬ ਜੀ ਸੁਲਤਾਨਪੁਰ ਕਦੋਂ ਆਏ ਸਨ?**

**ਜਵਾਬ**—1504 ਈਸਵੀ ਨੂੰ ਗੁਰੂ ਸਾਹਿਬ ਲਗ-ਪਗ ਸਾਢੇ ਪੈਂਤੀ ਕੁ ਸਾਲ ਦੀ ਉਮਰ ਵਿਚ ਸੁਲਤਾਨਪੁਰ ਆਏ ਸਨ।

**ਸਵਾਲ—ਗੁਰੂ ਸਾਹਿਬ ਜੀ ਦੇ ਬੱਚਿਆਂ ਦਾ ਜਨਮ ਕਦੋਂ ਹੋਇਆ?**

**ਜਵਾਬ**—ਸਿੱਖ ਇਤਿਹਾਸ ਅਨੁਸਾਰ ਬਾਬਾ ਸ੍ਰੀ ਚੰਦ ਦਾ ਜਨਮ ਭਾਦਰੋਂ ਸੁਦੀ 9 ਸੰਮਤ 1551, ਭਾਵ ਅਗਸਤ 1494 ਈਸਵੀ ਨੂੰ ਹੋਇਆ ਜਦ ਕਿ ਬਾਬਾ ਲਖਮੀ ਦਾਸ ਦਾ ਜਨਮ ਫੱਗਣ ਸੰਮਤ 1553 ਭਾਵ ਮਾਰਚ 1497 ਨੂੰ ਹੋਇਆ।

**ਸਵਾਲ—ਮੋਦੀਖਾਨਾ ਤੋਂ ਕੀ ਭਾਵ ਹੈ?**

**ਜਵਾਬ**—ਮੋਦੀਖਾਨਾ ਦਾ ਅਰਥ ਹੈ ਉਹ ਘਰ ਜਿੱਥੇ ਰਸਦ ਆਦਿ ਸੰਭਾਲ਼ੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਕਿਸਾਨ ਲੋਕ ਸਰਕਾਰੀ ਮਾਮਲਾ, ਆਮ ਤੌਰ 'ਤੇ ਜਿਨਸ ਵਿੱਚ ਦਿਆ ਕਰਦੇ ਸਨ। ਸਰਕਾਰੀ ਮਲਾਜ਼ਮਾਂ ਨੂੰ ਤਨਖਾਹ ਦਾ ਬਹੁਤਾ ਹਿੱਸਾ ਏਸੇ ਵਿਚੋਂ ਹੀ ਮਿਲਦਾ ਸੀ। ਕਿਸਾਨਾਂ ਕੋਲੋਂ ਜਿਨਸ ਲੈਣੀ ਅਗਾਂਹ ਮੁਲਾਜ਼ਮਾਂ ਨੂੰ ਤਨਖਾਹ ਦੇਣੀ ਬਹੁਤ ਵੱਡੀ ਜ਼ਿੰਮੇਵਾਰੀ ਸੀ। ਜਿਹੜੀ ਜਿਨਸ ਵੱਧ ਜਾਂਦੀ ਸੀ ਉਸਨੂੰ ਵੇਚ ਕੇ ਪੈਸਾ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾ ਕਰਾਇਆ ਜਾਂਦਾ ਸੀ। ਇਸ ਵੱਡੀ ਜ਼ਿੰਮੇਵਾਰੀ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਬਹੁਤ ਖੂਬਸੂਰਤੀ ਨਾਲ ਨਿਭਾਇਆ। -0-



# ਸ਼ਬਦ ਵਿਚਾਰ

## ਗੌਤਮੁ ਤਪਾ ਅਹਿਲਿਆ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਗੁਰੂ ਨਾਨਕ ਸਾਹਿਬ ਜੀ ਦੇ ਪ੍ਰਭਾਤੀ ਰਾਗ ਵਿੱਚ ਉਚਾਰਣ ਕੀਤੇ ਹੋਏ ਸ਼ਬਦ ਦੀ ਵਿਚਾਰ ਚਰਚਾ ਕੀਤੀ ਜਾਏਗੀ।

**ਪ੍ਰਭਾਤੀ ਮਹਲਾ ੧ ਦਖਣੀ॥**
**ਗੋਤਮੁ ਤਪਾ ਅਹਿਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ ॥**
**ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ ॥1॥**
**ਕੋਈ ਜਾਣਿ ਨ ਭੂਲੈ ਭਾਈ ॥**
**ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ ॥1॥ ਰਹਾਉ ॥**
**ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ ॥**
**ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ ॥2॥**
**ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ ॥**
**ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ ॥3॥**
**ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ ॥**
**ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥4॥**
**ਗਣਤ ਨ ਗਣੀ ਹੁਕਮੁ ਪਛਾਣਾ ਬੋਲੀ ਭਾਇ ਸੁਭਾਈ ॥**
**ਜੋ ਕਿਛੁ ਵਰਤੈ ਤੁਧੈ ਸਲਾਹੀਂ ਸਭ ਤੇਰੀ ਵਡਿਆਈ ॥5॥**
**ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ ॥**
**ਮਨਮੁਖੁ ਮੁਗਧੁ ਆਗੈ ਚੇਤੈ ਨਾਹੀ ਦੁਖਿ ਲਾਗੈ ਪਛੁਤਾਈ ॥6॥**
**ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ ॥**
**ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ ॥7॥**
**ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥**
**ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰ ਪਰਸਾਦਿ ਅਗੁਲੈ॥8॥**
**(1344)**

**ਅੱਖਰੀਂ ਅਰਥ---** ਹੇ ਭਾਈ! ਕੋਈ ਭੀ ਜੀਵ ਜਾਣ ਬੁੱਝ ਕੇ ਕੁਰਾਹੇ ਨਹੀਂ ਪੈਂਦਾ (ਜੀਵ ਦੇ ਵੱਸ ਦੀ ਗੱਲ ਨਹੀਂ)। ਉਹੀ ਮਨੁੱਖ ਕੁਰਾਹੇ ਪੈਂਦਾ ਹੈ ਜਿਸ ਨੂੰ ਪਰਮਾਤਮਾ ਆਪ ਕੁਰਾਹੇ ਪਾਂਦਾ ਹੈ। ਉਹੀ ਮਨੁੱਖ (ਸਹੀ ਜੀਵਨ-ਰਾਹ) ਸਮਝਦਾ ਹੈ, ਜਿਸ ਨੂੰ ਪਰਮਾਤਮਾ ਆਪ ਸਮਝ ਬਖ਼ਸ਼ਦਾ ਹੈ। ੧। ਰਹਾਉ।

ਗੋਤਮ (ਇਕ ਪ੍ਰਸਿੱਧ) ਤਪੀ (ਸੀ), ਅਹਿੱਲਿਆ (ਉਸ ਦੀ) ਇਸਤ੍ਰੀ (ਸੀ), ਉਸ ਦਾ ਰੂਪ ਵੇਖ ਕੇ (ਦੇਵਤਿਆਂ ਦਾ ਰਾਜਾ ਅਖਵਾਂਦਾ) ਇੰਦ੍ਰ ਮਸਤ ਹੋ ਗਿਆ। (ਗੋਤਮ ਦੇ ਸਰਾਪ ਨਾਲ) (ਉਸ ਦੇ ਇੰਦਰ ਦੇ) ਸਰੀਰ ਉਤੇ ਹਜ਼ਾਰ ਭਗਾਂ ਦੇ ਨਿਸ਼ਾਨ ਬਣ ਗਏ, ਤਦੋਂ ਇੰਦ੍ਰ ਆਪਣੇ ਮਨ ਵਿੱਚ (ਉਸ ਕੁਕਰਮ ਤੇ) ਪਛੁਤਾਇਆ। ੧।

ਧਰਤੀ ਦੇ ਰਾਜੇ ਉਸ ਰਾਜਾ ਹਰੀ ਚੰਦ ਨੇ (ਇਤਨੇ ਦਾਨ-ਪੁੰਨ ਕੀਤੇ ਕਿ ਉਹਨਾਂ ਦਾ) ਮੁੱਲ ਕਾਗਜ਼ ਉਤੇ ਨਹੀਂ ਪੈ ਸਕਦਾ। ਜੇ (ਰਾਜਾ ਹਰੀ ਚੰਦ ਉਹਨਾਂ ਦਾਨ-ਪੁੰਨਾਂ ਨੂੰ) ਮਾੜਾ ਕੰਮ ਸਮਝਦਾ ਤਾਂ ਦਾਨ ਪੁੰਨ ਕਰਦਾ ਹੀ ਕਿਉਂ? (ਨਾ ਉਹ ਦਾਨ-ਪੁੰਨ ਕਰਦਾ) ਤੇ ਨਾ ਹੀ ਮੰਡੀ ਵਿੱਚ ਵਿਕਦਾ।੨।

(ਵਿਸ਼ਨੂੰ ਨੇ) ਵਉਣੇ ਰੂਪ ਵਿੱਚ (ਆ ਕੇ) ਬਹਾਨੇ ਨਾਲ ਰਾਜਾ ਬਲਿ ਪਾਸੋਂ ਢਾਈ ਕਰਮ ਧਰਤੀ (ਦਾ ਦਾਨ ਆਪਣੀ ਕੁਟੀਆ ਬਣਾਣ ਲਈ) ਮੰਗਿਆ। ਜੇ ਬਲਿ ਰਾਜਾ ਵਉਣੇ ਰੂਪ ਨੂੰ ਪਛਾਣ ਲੈਂਦਾ, ਤਾਂ ਨਾ ਹੀ ਠੱਗਿਆ ਜਾਂਦਾ ਤੇ ਨਾ ਹੀ ਪਾਤਾਲ ਵਿੱਚ ਜਾਂਦਾ।੩।

ਬਿਆਸ ਰਿਸ਼ੀ ਨੇ ਮੱਤਾਂ ਦੇ ਕੇ ਰਾਜਾ ਜਨਮੇਜੈ ਨੂੰ ਸਮਝਾਇਆ ਤੇ ਵਰਜਿਆ (ਕਿ ਉਸ ਅਪੱਛਰਾਂ ਨੂੰ ਆਪਣੇ ਘਰ ਵਿੱਚ ਨਾ ਲਿਆਈਂ। ਪਰ ਪਰਮਾਤਮਾ ਨੇ ਉਸ ਦੀ ਮਤਿ ਮਾਰੀ ਹੋਈ ਸੀ। ਉਹ ਰਿਸ਼ੀ ਦੇ ਆਖੇ ਨਾ ਲੱਗਾ। ਅਪੱਛਰਾਂ ਨੂੰ ਲੈ ਕੇ ਆਇਆ। ਫਿਰ) ਉਸ ਨੇ ਅਠਾਰਾਂ ਜੱਗ ਕਰ ਕੇ ਅਠਾਰਾਂ ਬ੍ਰਾਹਮਣ ਮਾਰ ਦਿੱਤੇ (ਕਿਉਂਕਿ ਉਹ ਅੱਤ ਬਰੀਕ ਕਪੜਿਆਂ ਵਿੱਚ ਆਈ ਅੱਧ-ਨਗਨ ਅਪੱਛਰਾ ਵੇਖ ਕੇ ਹੱਸ ਪਏ ਸਨ)। ਕੀਤੇ ਕਰਮਾਂ ਦੇ ਫਲ ਨੂੰ ਕੋਈ ਮਿਟਾ ਨਹੀਂ ਸਕਦਾ।੪।

ਹੇ ਪ੍ਰਭੂ! ਮੈਂ ਹੋਰ ਕੋਈ ਸੋਚਾਂ ਨਹੀਂ ਸੋਚਦਾ, ਮੈਂ ਤਾਂ ਤੇਰੀ ਰਜ਼ਾ ਨੂੰ ਸਮਝਣ ਦਾ ਯਤਨ ਕਰਦਾ ਹਾਂ, ਤੇ ਤੇਰੇ ਪ੍ਰੇਮ ਵਿੱਚ (ਮਗਨ ਹੋ ਕੇ) ਤੇਰੇ ਗੁਣ ਉਚਾਰਦਾ ਹਾਂ। ਮੈਂ ਤਾਂ ਤੇਰੀ ਹੀ ਸਿਫ਼ਤਿ-ਸਾਲਾਹ ਕਰਦਾ ਹਾਂ। ਜੋ ਕੁੱਝ ਜਗਤ ਵਿੱਚ ਹੋ ਰਿਹਾ ਹੈ ਤੇਰੀ ਤਾਕਤ ਦਾ ਜ਼ਹੂਰ ਹੋ ਰਿਹਾ ਹੈ।੫।

ਜਿਹੜਾ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ ਉਹ ਜਗਤ ਵਿੱਚ ਨਿਰਲੇਪ ਰਹਿੰਦਾ ਹੈ, ਉਸ ਉਤੇ ਮਾਇਆ ਦਾ ਪ੍ਰਭਾਵ ਨਹੀਂ ਪੈਂਦਾ, ਉਹ ਸਦਾ ਪਰਮਾਤਮਾ ਦੀ ਓਟ ਫੜਦਾ ਹੈ। ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮੂਰਖ ਮਨੁੱਖ (ਜ਼ਿੰਦਗੀ ਵਿਚ) ਵੇਲੇ ਸਿਰ ਪਰਮਾਤਮਾ ਨੂੰ ਯਾਦ ਨਹੀਂ ਕਰਦਾ, ਜਦੋਂ (ਆਪਣੀ ਇਸ ਮੂਰਖਤਾ ਦੇ ਕਾਰਨ) ਦੁੱਖ ਵਿੱਚ ਫਸਦਾ ਹੈ ਤਾਂ ਹੱਥ ਮਲਦਾ ਹੈ।੬।

ਜਿਸ ਪਰਮਾਤਮਾ ਨੇ ਇਹ ਜਗਤ-ਰਚਨਾ ਰਚੀ ਹੈ ਉਹ ਆਪ ਹੀ ਸਭ ਕੁੱਝ ਕਰਦਾ ਹੈ ਉਹ ਆਪ ਹੀ ਜੀਵਾਂ ਪਾਸੋਂ ਸਭ ਕੁੱਝ ਕਰਾਂਦਾ ਹੈ।

ਹੇ ਪ੍ਰਭੂ! (ਅਸੀ ਜੀਵ ਮੂਰਖ ਹਾਂ, ਅਸੀ ਇਹ ਮਾਣ ਕਰਦੇ ਹਾਂ ਕਿ ਅਸੀ ਹੀ ਸਭ ਕੁੱਝ ਕਰਦੇ ਹਾਂ ਤੇ ਕਰ ਸਕਦੇ ਹਾਂ) ਸਾਡੇ ਦਿਲਾਂ ਵਿਚੋਂ ਅਹੰਕਾਰ ਦੂਰ ਨਹੀਂ ਹੁੰਦਾ। ਅਹੰਕਾਰ ਵਿੱਚ ਪੈ ਕੇ ਖ਼ੁਆਰ ਹੁੰਦੇ ਹਾਂ।੭। ਕਰਤਾਰ ਆਪ ਕਦੇ ਗ਼ਲਤੀ ਨਹੀਂ ਖਾਂਦਾ ਪਰ ਹਰੇਕ ਜੀਵ ਜੋ ਉਸ ਨੇ ਪੈਦਾ ਕੀਤਾ ਹੈ ਭੁੱਲਾਂ ਵਿੱਚ ਫਸਦਾ ਰਹਿੰਦਾ ਹੈ।

ਹੇ ਨਾਨਕ! ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਦੇ ਨਾਮ ਵਿੱਚ ਜੁੜਿਆਂ ਇਹਨਾਂ ਭੁੱਲਾਂ ਤੋਂ ਬਚ ਸਕੀਦਾ ਹੈ। ਗੁਰੂ ਦੀ ਕਿਰਪਾ ਨਾਲ ਹੀ ਕੋਈ ਵਿਰਲਾ ਜੀਵ ਕੁਰਾਹੇ ਪੈਣ ਤੋਂ ਬਚਦਾ ਹੈ।੮।੪।

**ਵਿਚਾਰ ਚਰਚਾ—**

ਸ਼ਬਦ ਦਾ ਮੂਲ ਪਾਠ ਅਤੇ ਅੱਖਰੀਂ ਅਰਥ ਉਪਰ ਵਿਚਾਰ ਲਏ ਹਨ। ਰਹਾਉ ਦੀਆਂ ਤੁਕਾਂ ਵਿੱਚ ਇੰਝ ਸਮਝ ਆਉਂਦਾ ਹੈ ਕਿ ਜਿਵੇਂ ਰੱਬ ਜੀ ਨੇ ਮਨੁੱਖ ਨੂੰ ਭੁਲਾ ਦਿੱਤਾ ਹੋਵੇ ਤਾਂ ਮਨੁੱਖ ਆਪਣੇ ਰਾਹ ਤੋਂ ਭੁੱਲ ਜਾਂਦਾ ਹੈ। ਇਸ ਦਾ ਅਰਥ ਹੋਇਆ ਕਿ ਮਨੁੱਖ ਦੀ ਆਪਣੀ ਕੋਈ ਜ਼ਿੰਮੇਵਾਰੀ ਨਹੀਂ ਬਣਦੀ ਸਗੋਂ ਰੱਬ ਹੀ ਮਨੁੱਖ ਨੂੰ ਉਝੜ ਰਾਹੇ ਪਾ ਦੇਂਦਾ ਹੈ।

ਗੁਰਬਾਣੀ ਦਾ ਸਿਧਾਂਤ ਹੈ ਕਿ ਰੱਬ ਜੀ ਸਦਾ ਹੀ 'ਨਿਰਵੈਰ' ਹਨ, ਰੱਬ ਦੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਹੈ। ਰਬ ਸਭ ਦਾ ਸਾਂਝਾ ਹੈ। ਉਹ ਕਿਸੇ ਨੂੰ ਦੁੱਖ ਨਹੀਂ ਦੇਂਦਾ। ਅਸਲ ਵਿੱਚ ਰੱਬ ਦੀ ਸਦੀਵ ਕਾਲ ਨਿਯਮਾਵਲੀ ਵਿੱਚ ਕਰਮ ਮਨੁੱਖ ਦਾ ਹੈ। ਮਨੁੱਖ ਆਪਣੇ ਕੀਤੇ ਕਰਮਾਂ ਅਨੁਸਾਰ ਅੱਗੇ ਪਿੱਛੇ ਨੂੰ ਤੁਰਦਾ ਹੈ—

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥**

**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥ (433)**

ਗੁਰਬਾਣੀ ਦੀ ਵਿਚਾਰਧਾਰਾ ਸਮੁੱਚੀ ਮਨੁੱਖਤਾ ਨੂੰ ਸਚਿਆਰ ਮਨੁੱਖ ਬਣਨ ਲਈ ਆਖਦੀ ਹੈ। ਸਚਿਆਰ ਮਨੁੱਖ ਦੀ ਘਾੜਤ ਸੱਚੇ ਗਿਆਨ ਦੁਆਰਾ ਘੜੀ ਜਾਂਦੀ ਹੈ। ਗੁਰਬਾਣੀ ਫਰਮਾਨ ਹੈ ਕਿ ਸੁਆਮੀ ਦੇ ਦਰ 'ਤੋਂ ਸ਼ੁਭ ਮੱਤ ਮਿਲਦੀ ਹੈ ਜੇਹਾ ਕਿ—

**ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥**

**ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥1॥**

**ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥**

**ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ ਰਹਾਉ ॥ (641)**

ਸੁਆਮੀ ਦੇ ਦਰ ਦਾ ਭਾਵ ਅਰਥ ਹੈ ਕਿ ਮਨੁੱਖ ਨੂੰ ਖ਼ੁਦ ਉਦਮ ਕਰਕੇ ਗਿਆਨ ਹਾਸਲ ਕਰਦਿਆਂ ਹੋਇਆਂ ਮਿਹਨਤ ਕਰਨੀ ਪੈਣੀ ਹੈ। ਸਮਰਪਿਤ ਭਾਵਨਾ ਨਾਲ ਆਪਣੇ ਜੀਵਨ ਵਿੱਚ ਵਿਚਰਦਿਆਂ ਸਮਾਜ ਦਾ ਨਿਰੋਇਆ ਅੰਗ ਬਣਨਾ ਹੈ।

ਸਾਡੇ ਦਿਮਾਗ ਵਿੱਚ ਹਰ ਵੇਲੇ ਭਲੇ-ਬੁਰੇ ਦੋ ਵਿਚਾਰ ਚਲਦੇ ਰਹਿੰਦੇ ਹਨ। ਬੁਰੇ ਵਿਚਾਰ ਆਪਣਾ ਪ੍ਰਭਾਵ ਬਣਾ ਕੇ ਰੱਖਦੇ ਹਨ ਇਸ ਲਈ ਬੁਰੇ ਪਾਸੇ ਨੂੰ ਛੇਤੀ ਛੇਤੀ ਤੁਰ ਪੈਂਦਾ ਹੈ ਜਦ ਕਿ ਚੰਗੇ ਵਿਚਾਰ ਲੈਣ ਲੱਗਿਆਂ ਨੀਂਦ ਆ ਜਾਂਦੀ ਹੈ—

**ਰੇ ਮੂੜੇ ਲਾਹੇ ਕਉ ਤੂੰ ਢੀਲਾ ਢੀਲਾ ਤੋਟੇ ਕਉ ਬੇਗਿ ਧਾਇਆ ॥**

**ਸਸਤ ਵਖਰੁ ਤੂੰ ਘਿੰਨਹਿ ਨਾਹੀ ਪਾਪੀ ਬਾਧਾ ਰੇਨਾਇਆ ॥1॥ (402)**

ਭਲੇ ਅਤੇ ਬੁਰੇ ਵਿਚਾਰ ਸਾਡੇ ਮਨ ਵਿੱਚ ਹਰ ਵੇਲੇ ਚਲਦੇ ਰਹਿੰਦੇ ਹਨ। ਇਹ ਦੋਵੇਂ ਵਿਚਾਰ ਹੀ ਸਾਡਾ ਜੀਵਨ ਨਿਰਧਾਰਤ ਕਰਦੇ ਹਨ। ਇਹਨਾਂ ਦੇ ਪ੍ਰਭਾਵ ਹੇਠ ਹੀ ਸਾਡਾ ਜੀਵਨ ਘੜਿਆ ਜਾਂਦਾ ਹੈ-ਗੁਰਬਾਣੀ ਫੁਰਮਾਣ ਹੈ—

**ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥**

**ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥1॥ (990)**

ਉਪਰੋਕਤ ਸ਼ਬਦ ਦੀਆਂ ਰਹਾਉ ਦੀਆਂ ਤੁਕਾਂ ਦਾ ਮੂਲ ਪਾਠ ਅਤੇ ਅੱਖਰੀਂ ਅਰਥ ਪੜ੍ਹ ਆਏ ਹਾਂ। ਇਹਨਾਂ ਤੁਕਾਂ ਵਿੱਚ ਮੋਟੇ ਤੌਰ 'ਤੇ ਸਮਝ ਆਉਂਦਾ ਹੈ ਕਿ ਰੱਬ ਜੀ ਹੀ ਮਨੁੱਖ ਨੂੰ ਭੁਲਾਉਂਦੇ ਤੇ ਸਿੱਧੇ ਰਾਹ ਤੋਰਦੇ ਹਨ।

**ਕੋਈ ਜਾਨਿ ਨ ਭੂਲੈ ਭਾਈ ॥**

**ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ ॥**

ਅੱਖਰੀਂ ਅਰਥ ਤਾਂ ਇਹੋ ਸਮਝ ਆਉਂਦੇ ਹਨ ਕਿ ਉਪਰੋਕਤ ਮਿਥਿਹਾਸਕ ਪਾਤਰਾਂ ਦਾ ਕੋਈ ਕਸੂਰ ਨਹੀਂ ਸੀ ਉਹਨਾਂ ਨੂੰ ਰੱਬ ਨੇ ਭੁਲਾਇਆ ਹੈ ਤਾਂ ਇੰਦ੍ਰ ਵਰਗੇ ਦੇਵਤੇ ਨੇ ਕਿਸੇ ਦੀ ਨਾਰ ਦਾ ਸਤ ਭੰਗ ਕੀਤਾ। ਸਵਾਲ ਪੈਦਾ ਹੁੰਦਾ ਹੈ ਕਿ ਜੇ ਅੱਜ ਏਦਾਂ ਹੋਵੇ ਤਾਂ ਕੀ ਸਮਾਜ ਦੀਆਂ ਕਦਰਾਂ ਕੀਮਤਾਂ ਬਰਕਰਾਰ ਰਹਿ ਸਕਦੀਆਂ ਹਨ? ਇੰਦ੍ਰ ਵਰਗਾ ਕਾਂਡ ਕਰਕੇ ਕਹਿ ਸਕਦਾ ਹੈ ਕਿ ਮੇਰਾ ਤਾਂ ਕੋਈ ਕਸੂਰ ਹੀ ਨਹੀਂ ਹੈ ਮੈਨੂੰ ਤਾਂ ਰੱਬ ਨੇ ਹੀ ਭੁਲਾ ਦਿੱਤਾ ਹੈ। ਭਾਵ ਮੇਰੇ ਕੋਲੋਂ ਤਾਂ ਰੱਬ ਨੇ ਹੀ ਕਰਮ ਕਰਾਇਆ ਹੈ। ਦੂਸਰਾ ਜੇ ਸਮਾਜ ਇੰਦ੍ਰ ਵਰਗੀ ਬਿਰਤੀ ਰੱਖੇਗਾ ਤਾਂ ਸਮਾਜ ਦੀ ਹਾਲਤ ਕਿਹੋ ਜਿਹੀ ਹੋਏਗੀ?

ਭੁੱਲ ਜਾਣਾ ਦੋ ਪ੍ਰਕਾਰ ਦਾ ਹੈ। ਅਚਨਚੇਤ ਭੁੱਲ ਜਾਣਾ ਦੂਸਰਾ ਜਾਣ ਕੇ ਭੁੱਲ ਜਾਣਾ। ਮਿਸਾਲ ਦੇ ਤੌਰ 'ਤੇ ਅਚਨਚੇਤ ਪੈਸਿਆਂ ਵਾਲਾ ਬਟੂਆ ਘਰ ਰਹਿ ਜਾਏ ਤਾਂ ਬੰਦਾ ਉਸ ਦਾ ਕੋਈ ਹੱਲ ਲੱਭ ਲੈਂਦਾ ਹੈ। ਦੂਸਰਾ ਜਾਣ ਬੁਝ ਕੇ ਭੁੱਲਣਾ ਜਿਸ ਤਰ੍ਹਾਂ ਮਿੱਤਰਾਂ ਦੀ ਪਾਰਟੀ 'ਤੇ ਚੱਲੇ ਹਾਂ ਤਾਂ ਜਾਣ ਬੁਝ ਕੇ ਬਟੂਆ ਘਰ ਛੱਡ ਜਾਣਾ ਕਿ ਓਥੇ ਪੈਸੇ ਨਾ ਦੇਣੇ ਪੈਣ। ਸੋ ਰਹਾਉ ਦੀ 'ਆਪਿ' ਸ਼ਬਦ ਨੂੰ ਸਮਝਣ ਦੀ ਜ਼ਰੂਰਤ ਹੈ। ਇਹਨਾਂ ਤੁਕਾਂ ਵਿੱਚ ਆਪਿ ਸ਼ਬਦ ਮਨੁੱਖ ਵਾਸਤੇ ਹੀ ਆਇਆ ਹੈ ਤੇ ਅਰਥ ਸਮਝ ਆਉਂਦੇ ਹਨ—ਕੋਈ ਵੀ ਕਿਸੇ ਚੀਜ਼ ਨੂੰ ਜਾਣਕੇ (ਸਮਝ ਕੇ) ਨਹੀਂ ਭੁੱਲਦਾ ਪਰ ਉਹ ਕਿਸੇ ਚੀਜ਼ ਨੂੰ ਤਾਂ ਭੁੱਲਦਾ ਜੇ ਉਹ ਆਪ ਉਸ ਨੂੰ ਭੁਲਾ ਦੇਵੇ। ਦੂਸਰਾ ਉਹੀ ਸਮਝਦਾ ਹੈ ਜਿਹੜਾ ਆਪ ਉਦਮ ਕਰਕੇ ਸੋਝੀ ਲੈਣ ਦਾ ਯਤਨ ਕਰਦਾ ਹੈ।

ਇਸ ਸਾਰੇ ਸ਼ਬਦ ਵਿੱਚ ਦੋ ਸੁਨੇਹੇ ਹਨ। ਇੱਕ ਉਹ ਜਿੰਨ੍ਹਾਂ ਨੇ ਜਾਣਦਿਆਂ ਹੋਇਆਂ ਵੀ ਗਲਤੀਆਂ ਕੀਤੀਆਂ ਅਤੇ ਉਸ ਦੇ ਸਿੱਟੇ ਉਹਨਾਂ ਨੇ ਭੁਗਤੇ। ਮਗਰਲਿਆਂ ਚਾਰ ਪਦਿਆਂ ਵਿੱਚ ਗੁਰੂ ਸਾਹਿਬ ਜੀ ਨੇ ਸਮਝਾਇਆ ਹੈ ਕਿ ਜਿਹੜੇ ਗੁਰ-ਗਿਆਨ ਨੂੰ ਸਮਝ ਕੇ ਆਪਣੀ ਸੋਚ ਦਾ ਹਿੱਸਾ ਬਣਾਉਂਦੇ ਹਨ, ਸਦੀਵ ਕਾਲ ਨਿਯਮਾਵਲੀ ਨੂੰ ਸਮਝਦਿਆਂ ਹੋਇਆਂ ਦੈਵੀ ਗੁਣਾਂ ਨੂੰ ਆਪਣੀ ਜ਼ਿੰਦਗੀ ਵਿੱਚ ਧਾਰਨ ਕਰਦੇ ਹਨ। ਜਿਹੜੇ ਸਤ ਸੰਤੋਖ, ਧੀਰਜ, ਇਮਾਨਦਾਰੀ ਅਨੁਸਾਰ ਚੱਲਣ ਦਾ ਯਤਨ ਕਰਦੇ ਹਨ ਉਹ ਭੁੱਲਦੇ ਨਹੀਂ ਹਨ। ਗੁਣਾਂ ਰੂਪੀ ਕਰਤਾਰ ਸਾਡੇ ਹਿਰਦੇ ਭਾਵ ਦਿਮਾਗ ਵਿੱਚ ਬੈਠਾ ਹੈ। ਗੁਰ-ਗਿਆਨ ਦੀ ਸਮਝ ਜਦੋਂ ਆ ਜਾਂਦੀ ਹੈ ਤਾਂ ਇਹ ਸਮਝ ਧਰਮਰਾਜ ਦੇ ਰੂਪ ਵਿੱਚ ਚੰਗਿਆਈਆਂ ਤੇ ਬੁਰਾਈਆਂ ਦੀ ਸ਼ਨਾਖ਼ਤ ਕਰਕੇ ਸਾਨੂੰ ਸਹੀ ਗਲਤ ਦੀ ਸਮਝ ਮਿਲਦੀ ਹੈ। ਅਸੀਂ ਆਪਣੇ ਕੀਤੇ ਕਰਮਾਂ ਕਰਕੇ ਹੀ ਦੂਰ ਅਤੇ ਨੇੜੇ ਹਾਂ।

**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥**

**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ (8)**

ਸ਼ਬਦ ਦੀਆਂ ਰਹਾਉ ਦੀਆਂ ਤੁਕਾਂ ਨੂੰ ਛੱਡ ਕੇ ਪਹਿਲੇ ਚਾਰ ਬੰਦਾਂ ਵਿੱਚ ਪੁਰਾਣੀਆਂ ਚਲੀਆਂ ਆ ਰਹੀਆਂ ਮਿੱਥਾਂ ਦੀਆਂ ਉਦਾਹਰਣਾਂ ਦਿੱਤੀਆਂ ਹਨ ਨਾ ਕਿ ਉਹਨਾਂ ਦੀ ਕੋਈ ਪ੍ਰੋੜਤਾ ਕੀਤੀ ਹੈ। ਪ੍ਰਚੱਲਤ ਚਲ ਰਹੇ ਵਿਚਾਰਾਂ ਦੁਆਰਾ ਗੁਰੂ ਨਾਨਕ ਸਾਹਿਬ ਨੇ ਸਮਝਾਇਆ ਹੈ ਕਿ ਇਹਨਾਂ ਮਿਥਿਹਾਸਕ ਪਾਤਰਾਂ ਨੇ ਜਾਣਦਿਆਂ ਹੋਇਆਂ ਵੀ ਭੁੱਲਾਂ ਕੀਤੀਆਂ ਤੇ ਉਸ ਦੇ ਨਤੀਜੇ ਉਹਨਾਂ ਨੇ ਭੁਗਤੇ ਹਨ। ਇਹ ਨਹੀਂ ਹੈ ਕਿ ਇਹਨਾਂ ਨੂੰ ਰੱਬ ਨੇ ਭੁਲਾ ਦਿੱਤਾ ਹੈ।

ਸ਼ਬਦ ਦੇ ੫, ੬, ੭, ੮ ਪਦਿਆਂ ਵਿੱਚ ਗੁਰੂ ਦੀ ਸ਼ਰਣ ਵਿੱਚ ਆ ਕੇ ਗਿਆਨ ਹਾਸਲ ਕਰਨ ਦੀ ਜੁਗਤੀ, ਹੁਕਮ ਦੀ ਪਛਾਣ ਸਮਝਾਈ ਹੈ। ਜਿਸ ਨੂੰ ਸਮਝ ਆ ਜਾਂਦੀ ਹੈ ਉਹ ਮਨੁੱਖ ਨਹੀਂ ਭੁੱਲਦਾ ਤੇ ਅਸੂਲਾਂ ਤੇ ਕਾਇਮ ਰਹਿੰਦਾ ਹੈ।

ਜਦੋਂ ਮਨੁੱਖ ਗਿਆਨ ਹਾਸਲ ਕਰਨ ਦਾ ਯਤਨ ਕਰਦਾ ਹੈ ਤਾਂ ਸਮਝ ਜਨਮ ਲੈਂਦੀ ਹੈ। ਇਸ ਸਮਝਣ ਨੂੰ ਵਰਤਣ ਕਰਕੇ ਹੀ ਸਾਰੀ ਦੁਨੀਆਂ ਦੀ ਤਰੱਕੀ ਹੋਈ ਹੈ। ਇੱਕ ਜਹਾਜ਼ ਚਲਾਉਣ ਵਾਲੇ ਨੂੰ ਕਿੰਨਾ ਅਭਿਆਸ ਕਰਾਇਆ ਗਿਆ ਹੋਵੇਗਾ ਕਿ ਸੈਂਕੜੇ ਯਾਤਰੂਆਂ ਨੂੰ ਇੱਕ ਥਾਂ ਤੋਂ ਦੂਜੀ ਥਾਂ 'ਤੇ ਨਿਰੰਤਰ ੧੫-੧੬ ਘੰਟੇ ਅਸਮਾਨ ਵਿੱਚ ਤਾਰੀਆਂ ਲਉਂਦਾ ਮਿੱਥੀ ਮੰਜ਼ਿਲ 'ਤੇ ਪਹੁੰਚਾ ਦਿੰਦਾ ਹੈ।

ਇਸ ਸ਼ਬਦ ਵਿੱਚ ਸਮਝਾਇਆ ਹੈ ਕਿ ਜਦੋਂ ਸਮਝ ਆ ਜਾਂਦੀ ਹੈ ਤਾਂ ਉਹ ਭੁੱਲਦਾ ਨਹੀਂ ਹੈ। ਦੂਸਰਾ ਜੇ ਮਨੁੱਖ ਜਾਣ ਬੁਝ ਕੇ ਕਿਸੇ ਨੂੰ ਭੁੱਲਣਾ ਚਾਹੇ ਤਾਂ ਉਹ ਅਸੂਲਾਂ ਨੂੰ ਭੁਲਾ ਦਿੰਦਾ ਹੈ। ਤੀਸਰਾ ਉਦਮ ਕਰਕੇ ਗੁਰ-ਗਿਆਨ ਦੁਆਰਾ ਸੋਝੀ ਲੈਣ ਦਾ ਹਰ ਵੇਲੇ ਯਤਨ ਕਰਦੇ ਰਹਿਣਾ ਚਾਹੀਦਾ ਹੈ। -0-

ਸਾਕਾ ਨਨਕਾਣਾ ਸਾਹਿਬ

# ...ਜਦੋਂ ਸਿੱਖਾਂ ਨੇ ਨਨਕਾਣਾ ਸਾਹਿਬ ਵੱਲ ਵਹੀਰਾਂ ਘੱਤੀਆਂ

**ਇਸ ਖ਼ੂਨੀ ਸਾਕੇ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਸਾਰੇ ਦੇਸ਼ ਵਿੱਚ ਫੈਲ ਗਈ। ਕੁੱਝ ਹੀ ਘੰਟਿਆਂ ਵਿੱਚ ਸਭ ਪਾਸਿਆਂ ਤੋਂ ਸਿੱਖਾਂ ਨੇ ਨਨਕਾਣਾ ਸਾਹਿਬ ਵਲ ਵਹੀਰਾਂ ਪਾ ਦਿੱਤੀਆਂ। 21 ਫਰਵਰੀ 1921 ਨੂੰ ਸ਼ਾਮ ਵੇਲੇ ਤੱਕ ਜਥੇਦਾਰ ਕਰਤਾਰ ਸਿੰਘ ਝੱਬਰ 2200 ਸਿੰਘਾਂ ਦਾ ਸ਼ਹੀਦੀ ਜਥਾ ਲੈ ਕੇ ਨਨਕਾਣਾ ਸਾਹਿਬ ਪਹੁੰਚ ਗਿਆ। ਉਧਰ ਪੁਲਸ ਨੇ ਗੁਰਦੁਆਰੇ ਨੂੰ ਤਾਲਾ ਲਾਕੇ ਫੌਜੀ ਨਾਕਾਬੰਦੀ ਕੀਤੀ ਹੋਈ ਸੀ। ਡਿਪਟੀ ਕਮਿਸ਼ਨਰ ਨੇ ਜਥੇ ਨੂੰ ਅੱਗੇ ਜਾਣ ਤੋਂ ਰੋਕਦਿਆਂ ਹੁਕਮ ਦਿੱਤਾ ਕਿ ਅਗੇ ਵਧੇ ਤਾਂ ਮਸ਼ੀਨਗੰਨਾਂ ਦੀ ਗੋਲ਼ੀ ਚਲ ਜਾਏਗੀ। ਅੱਗੋਂ ਕਰਤਾਰ ਸਿੰਘ ਝੱਬਰ ਨੇ ਜੁਆਬ ਦਿੱਤਾ "ਅਸੀਂ ਅਰਦਾਸ ਕਰਕੇ ਚੱਲੇ ਹਾਂ ਕਿ ਗੁਰਦੁਆਰੇ ਤੇ ਕਬਜ਼ਾ ਕਰਨਾ ਹੈ, ਤੁਸੀਂ ਗੋਲੀ ਚਲਾਓ, ਤੁਹਾਡੀਆਂ ਮਸ਼ੀਨਗੰਨਾਂ ਸਾਨੂੰ ਰੋਕ ਨਹੀਂ ਸਕਦੀਆਂ।"**

ਸਿੱਖ ਅਰਦਾਸ ਵਿਚ ਜ਼ਿਕਰ ਆਉਂਦਾ ਹੈ ਸਿੱਖਾਂ ਦਾ ਮਨ ਨੀਵਾਂ ਮਤ ਉੱਚੀ ਮੱਤ ਦੇ ਰਾਖੇ ਆਪ ਵਾਹਿਗੁਰੂ ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ। ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ, ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ। ਸਾਡਾ ਇਹ ਲੇਖ ਇਨ੍ਹਾਂ ਸਤਰਾਂ ਨਾਲ ਸਬੰਧਤ ਹੈ।

**-ਕੈਪਟਨ ਅਵਤਾਰ ਸਿੰਘ**
**97819-90206**



ਸੰਨ 1920 ਤੋਂ ਗੁਰਦੁਆਰਾ ਸਾਹਿਬ ਦੇ ਕਬਜ਼ੇ ਮਹੰਤਾਂ ਤੋਂ ਆਜ਼ਾਦ ਕਰਾਉਣ ਖਾਤਰ ਇਕ ਲਹਿਰ ਚੱਲੀ ਅਤੇ ਇਕ ਇਤਿਹਾਸਕ ਸਾਕਾ ਸਿੱਖਾਂ ਨਾਲ ਵਰਤਿਆ, ਜਿਸ ਨੂੰ ਸ਼ਹੀਦੀ ਸਾਕਾ ਨਨਕਾਣਾ ਸਾਹਿਬ ਕਰਕੇ ਜਾਣਿਆ ਜਾਂਦਾ ਹੈ।

ਜਿਸ ਨੂੰ ਸ਼ਹੀਦੀ ਸਾਕਾ ਨਨਕਾਣਾ ਸਾਹਿਬ ਕਰਕੇ ਜਾਣਿਆ ਜਾਂਦਾ ਹੈ। ਇਹ ਸ਼ਹੀਦੀ ਸਾਕਾ 21 ਫਰਵਰੀ ਸੰਨ 1921 ਨੂੰ ਨਨਕਾਣਾ ਸਾਹਿਬ ਗੁਰਦੁਆਰਾ ਜਨਮ ਅਸਥਾਨ ਵਿੱਚ ਹੋਇਆ ਸੀ। ਨਨਕਾਣਾ ਸਾਹਿਬ ਦਾ ਇਹ ਗੁਰਦੁਆਰਾ ਉਹ ਇਤਿਹਾਸਕ ਸਥਾਨ ਹੈ, ਜਿੱਥੇ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਦਾ ਜਨਮ ਹੋਇਆ ਸੀ।

ਇਹ ਸ਼ਹੀਦੀ ਸਾਕਾ ਵਾਪਰਨ ਦੇ ਕਾਰਨ ਜਾਨਣ ਲਈ ਸਾਨੂੰ ਸਿੱਖ ਇਤਿਹਾਸ ਦੇ ਪਿਛੋਕੜ ਦੀ ਪੜਤਾਲ ਕਰਨੀ ਪਵੇਗੀ, ਖਾਸ ਕਰਕੇ ਗੁਰਦੁਆਰੇ ਦੇ ਕੇਂਦਰ ਦੇ ਪ੍ਰਬੰਧ ਨੂੰ ਇਤਿਹਾਸਕ ਝਰੋਖੇ ਚੋਂ ਦੇਖਣਾ ਪਵੇਗਾ। ਗੁਰੂ ਕਾਲ ਸਮੇਂ ਗੁਰਦੁਆਰਿਆਂ ਦੀ ਸੇਵਾ ਸੰਭਾਲ ਅਤੇ ਪ੍ਰਬੰਧ ਦਾ ਕੰਮ ਗੁਰੂ ਸਾਹਿਬਾਨ ਦੀ ਆਪਣੀ ਨਿਗਰਾਨੀ ਅਧੀਨ ਹੁੰਦਾ ਜਾਂ ਉਨ੍ਹਾਂ ਵਲੋਂ ਨੀਯਤ ਕੀਤੇ ਹੋਏ 'ਕਹਿਣੀ ਤੇ ਕਰਨੀ' ਦੇ ਸੂਰੇ ਸਿੱਖਾਂ ਸੇਵਕਾਂ ਦੇ ਹੱਥ ਹੋਇਆ ਕਰਦਾ ਸੀ। ਜਿਵੇਂ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਆਦਿ। ਇਸ ਸਮੇਂ ਗੁਰਦੁਆਰਾ ਪ੍ਰਬੰਧ ਵਿੱਚ ਕੋਈ ਢਿੱਲ੍ਹ ਨਹੀਂ ਆਈ ਅਤੇ ਗੁਰਮਤਿ ਪ੍ਰਚਾਰ ਦੇ ਇਹ ਸੋਮੇਂ ਸਿੱਖ ਕੌਮ ਦੀ ਅਗਵਾਈ ਕਰਦੇ ਰਹੇ ਅਤੇ ਕੌਮ ਹਮੇਸ਼ਾ ਚੜ੍ਹਦੀ-ਕਲਾ ਵਿੱਚ ਗਈ। ਸੰਨ 1716 ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖ ਲੀਡਰਸ਼ਿਪ ਵਿੱਚ ਬਹੁਤ ਵੱਡਾ ਘਾਟਾ ਪੈ ਗਿਆ। ਸਿੱਖਾਂ ਵਿੱਚ ਕੋਈ ਐਸਾ ਆਗੂ ਨਾ ਰਿਹਾ ਜੋ ਯੋਗ ਅਗਵਾਈ ਕਰ ਸਕੇ। ਦੂਜੇ ਪਾਸੇ ਮੁਗ਼ਲ ਅਤੇ ਪਠਾਣ ਹਕੂਮਤਾਂ ਨੇ ਸਿੱਖਾਂ ਉੱਪਰ ਏਨੇ ਅੱਤਿਆਚਾਰ ਕਰਨੇ ਆਰੰਭ ਦਿੱਤੇ ਕਿ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ, ਸਿੱਖਾਂ ਨੂੰ ਜੰਗਲਾਂ ਬੀਆਬਾਨਾਂ ਵਿੱਚ ਲੁਕ-ਛਿਪ ਕੇ ਗੁਜ਼ਾਰਾ ਕਰਨਾ ਪਿਆ।

ਇਸ ਘੋਰ ਸੰਕਟ ਸਮੇਂ ਸਿੱਖੀ ਸਰੂਪ ਵਿੱਚ ਰਹਿ ਕੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨੀ ਕਾਫੀ ਮੁਸ਼ਕਿਲ ਸੀ। ਸੇਵਾ-ਸੰਭਾਲ ਦਾ ਥੋੜ੍ਹਾ-ਬਹੁਤ ਕੰਮ ਜੋ ਹੁੰਦਾ ਰਿਹਾ, ਉਹ ਉਦਾਸੀ ਅਤੇ ਨਿਰਮਲੇ ਸਾਧੂ ਆਦਿ ਕਰਦੇ ਰਹੇ। ਇਹਨਾਂ ਸਾਧੂਆਂ ਅਤੇ ਪੁਜਾਰੀਆਂ ਦਾ ਪਿਛੋਕੜ ਹਿੰਦੂ ਧਰਮ ਨਾਲ ਸੰਬੰਧਤ ਸੀ। ਇਨ੍ਹਾਂ ਨੇ ਗੁਰਦੁਰਿਆਂ ਅੰਦਰ ਵੀ ਮੰਦਰਾਂ ਵਾਂਗ ਹਿੰਦੂ ਰਹੁ-ਰੀਤੀਆਂ ਪ੍ਰਚੱਲਤ ਕਰ ਦਿੱਤੀਆਂ। ਗੁਰਬਾਣੀ ਨੂੰ ਹਿੰਦੂ ਮਿਥਿਹਾਸਕ ਕਥਾ-ਕਹਾਣੀਆਂ ਦੀ ਰੰਗਤ ਦੇ ਕੇ ਪੇਸ਼ ਕਰਦੇ, ਕਈ ਗੁਰਦੁਆਰਿਆਂ ਅੰਦਰ ਮੂਰਤੀਆਂ ਵੀ ਲਿਆ ਰੱਖੀਆਂ। ਇਥੋਂ ਤਕ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਪ੍ਰਕਰਮਾ ਵਿਚ ਵੀ ਮੂਰਤੀਆਂ ਰੱਖ ਦਿੱਤੀਆਂ।

ਗੁਰਦੁਆਰਿਆਂ ਵਿੱਚੋਂ ਗੁਰਮਤਿ ਦਾ ਪ੍ਰਚਾਰ ਅਤੇ ਸਿੱਖੀ-ਮਾਣ-ਮਰਯਾਦਾ ਹੌਲੀ ਹੌਲੀ ਅਲੋਪ ਹੁੰਦੇ ਗਏ ਅਤੇ ਕਰਮ-ਕਾਂਡੀ ਰਹੁ-ਰੀਤੀਆਂ ਜ਼ੋਰ ਫੜਦੀਆਂ ਗਈਆਂ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਗੁਰਦੁਆਰਿਆਂ ਦੇ ਨਾਂਅ ਵੱਡੀਆਂ ਵੱਡੀਆਂ ਜਾਗੀਰਾਂ ਲਾਈਆਂ ਗਈਆਂ ਅਤੇ ਨਵੀਆਂ ਇਮਾਰਤਾਂ ਦੀ ਉਸਾਰੀ ਕੀਤੀ ਗਈ। ਪਰ ਸਿੱਖ ਸਰਦਾਰਾਂ ਨੇ ਗੁਰਦੁਆਰਿਆਂ ਦੀ ਅੰਦਰੂਨੀ ਮਾਣ-ਮਰਯਾਦਾ ਅਤੇ ਪ੍ਰਬੰਧ ਵਲ ਕੋਈ ਉਚੇਚਾ ਧਿਆਨ ਨਾ ਦਿੱਤਾ। ਇਹ ਪ੍ਰਬੰਧ ਪੁਜਾਰੀਆਂ ਆਦਿ ਦੇ ਹੱਥ ਹੀ ਰਿਹਾ। ਸਿੱਖਾਂ ਸਰਦਾਰਾਂ ਦੀ ਇਸ ਅਣਗਹਿਲੀ ਕਾਰਨ, ਗੁਰਦੁਆਰਿਆਂ ਅੰਦਰ ਗੁਰਮਤਿ ਪ੍ਰਚਾਰ ਅਤੇ ਸਿੱਖੀ-ਕਦਰਾਂ ਕੀਮਤਾਂ ਨੂੰ ਖੋਰਾ ਲਗਣਾ ਸ਼ੁਰੂ ਹੋ ਗਿਆ।

ਜਦੋਂ ਭਾਰਤ 'ਤੇ ਕਬਜ਼ੇ ਤੋਂ ਬਾਅਦ ਪੰਜਾਬ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਉਨ੍ਹਾਂ ਨੇ ਇਹ ਸੱਚ ਬਹੁਤ ਛੇਤੀਂ ਜਾਣ ਲਿਆ ਸੀ ਕਿ ਗੁਰਦੁਆਰਾ ਐਸਾ ਕੇਂਦਰ ਹੈ, ਜਿੱਥੋਂ ਸਿੱਖੀ ਜੀਵਨ ਦੀ ਉਸਾਰੀ ਹੁੰਦੀ ਹੈ। ਅੰਗਰੇਜ਼ਾਂ ਨੇ ਗੁਰਦੁਆਰਿਆਂ ਅੰਦਰ ਆਪਣਾ ਰਸੂਖ ਵਧਾਉਣ ਲਈ ਗੁਰਦੁਆਰਿਆਂ ਤੇ ਕਾਬਜ਼ ਪੁਜਾਰੀਆਂ ਦੀ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਨ੍ਹਾਂ ਨੂੰ ਸਿੱਖ-ਪੰਥ ਵਿਰੁੱਧ ਖੜੇ ਹੋਣ ਲਈ ਇੱਕ ਧਿਰ ਬਣਨ ਵਿੱਚ ਬਹੁਤ ਸਹਾਈ ਹੋਏ। ਇਸ ਦੇ ਫਲਸਰੂਪ ਇਹ ਮਹੰਤ ਆਦਿ ਗੁਰਦੁਆਰਿਆਂ ਨੂੰ ਆਪਣੀਆਂ ਨਿੱਜੀ ਜਾਇਦਾਦਾਂ ਸਮਝਣ ਲੱਗ ਪਏ ਅਤੇ ਪੰਥ ਤੋਂ ਬਾਗ਼ੀ ਹੋਣੇ ਸ਼ੁਰੂ ਹੋ ਗਏ।

ਗੁਰਦੁਆਰਿਆਂ ਦੀ ਆਮਦਨ ਕਾਰਨ ਇਹ ਮਹੰਤ ਸਿਰੇ ਦੇ ਬਦਮਾਸ਼ ਤੇ ਬਦਚੱਲਣ ਬਣਦੇ ਗਏ। ਕਈ ਇਤਿਹਾਸਕ ਗੁਰਦੁਆਰਿਆਂ ਨੂੰ ਇਨ੍ਹਾਂ ਮਹੰਤਾਂ ਨੇ ਬਦਮਾਸ਼ੀ ਦੇ ਅੱਡੇ ਬਣਾ ਦਿੱਤਾ। ਦਰਸ਼ਨਾਂ ਨੂੰ ਆਈਆਂ ਸੰਗਤਾਂ ਦੀ ਬੇਪਤੀ ਕੀਤੀ ਜਾਂਦੀ। ਦਰਬਾਰ ਸਾਹਿਬ ਅੰਮ੍ਰਿਤਸਰ ਦੇ ਇੱਕ ਪੁਜਾਰੀ ਨੇ ਤਾਂ ਇਥੋਂ ਤਕ ਕਹਿ ਦਿਤਾ ਸੀ ਕਿ 'ਲੋਕਾਂ ਦੀਆਂ ਦੁਕਾਨਾਂ ਵਾਂਗ ਦਰਬਾਰ ਸਾਹਿਬ ਸਾਡੀ ਦੁਕਾਨ ਹੈ, ਜੋ ਔਰਤਾਂ ਦਰਬਾਰ ਸਾਹਿਬ ਆਉਣਗੀਆਂ ਬੇਪੱਤ ਕਰਾਂਗੇ, ਜਿਨ੍ਹਾਂ ਨੂੰ ਸ਼ਰਮ ਹੈ, ਉਹ ਨਾ ਭੇਜਣ।'

ਇਨ੍ਹਾਂ ਦਿਨਾਂ ਵਿੱਚ ਗੁਰਦੁਆਰਾ ਨਨਕਾਣਾ ਸਾਹਿਬ ਦਾ ਪ੍ਰਬੰਧ ਉਦਾਸੀ ਸਾਧ ਮਹੰਤ ਨਰੈਣ ਦਾਸ ਦੇ ਕਬਜ਼ੇ ਵਿੱਚ ਸੀ। ਇਹ ਮਹੰਤ ਸਿਰੇ ਦਾ ਬਦਚਲਣ ਅਤੇ ਸ਼ਰਾਬੀ ਸੀ। ਇਹ ਸਾਧ ਚਾਲ-ਚਲਣ ਦਾ ਏਨਾਂ ਗਿਰਿਆ ਹੋਇਆ ਸੀ

ਕਿ ਇਸ ਨੇ ਅਗਸਤ 1917 ਵਿੱਚ ਗੁਰਦੁਆਰੇ ਅੰਦਰ ਕੰਜਰੀਆਂ ਦਾ ਨਾਚ ਕਰਾਇਆ, ਸੰਨ 1918 ਵਿੱਚ ਦਰਸ਼ਨਾਂ ਲਈ ਆਏ ਇੱਕ ਸਿੰਧੀ ਪ੍ਰਵਾਰ ਦੀ 13 ਸਾਲਾਂ ਦੀ ਲੜਕੀ ਨੂੰ ਮਹੰਤ ਦੇ ਗੁੰਡੇ ਜ਼ਬਰਦਸਤੀ ਚੁੱਕ ਕੇ ਲੈ ਗਏ ਅਤੇ ਉਸ ਦੀ ਪੱਤ ਲੁਟੀ।

ਅਜੀਬ ਕਹਾਣੀ ਹੈ ਕਿ ਅੰਗਰੇਜ਼ ਸਰਕਾਰ, ਸਿੱਖਾਂ ਦੇ ਰੱਜੇ-ਪੁੱਜੇ ਅਮੀਰ ਘਰਾਣੇ, ਸਰਦਾਰ ਬਹਾਦਰ ਕਹਾਉਣ ਵਾਲੇ ਜਾਗੀਰਦਾਰ, ਬਾਬਾ ਖੇਮ ਸਿੰਘ ਬੇਦੀ ਦਾ ਪੁੱਤਰ ਬਾਬਾ ਸਰ ਕਰਤਾਰ ਸਿੰਘ ਬੇਦੀ, ਵੱਡੀਆਂ ਵੱਡੀਆਂ ਜਾਗੀਰਾਂ ਦੇ ਮਾਲਕ ਸੋਢੀ, ਨਾਮਧਾਰੀਏ, ਨਿਰਮਲੇ, ਉਦਾਸੀ ਸਾਧਾਂ ਦੇ ਡੇਰੇ ਅਤੇ ਨਿਰੰਕਾਰੀ ਆਦਿ ਸਭ ਮਿਲਕੇ ਪੰਥ ਵਿਰੁੱਧ, ਕਪਟੀ ਮਹੰਤ ਨਰੈਣ ਦਾਸ ਦਾ ਸਾਥ ਦੇ ਰਹੇ ਸਨ। ਨਨਕਾਣਾ ਸਾਹਿਬ ਗੁਰਦੁਆਰੇ ਅੰਦਰ ਮਹੰਤ ਵਲੋਂ ਇਖ਼ਲਾਕ ਤੋਂ ਗਿਰੀਆਂ ਹੋਈਆਂ ਕਾਰਵਾਈਆਂ ਨੂੰ ਮੁੱਖ ਰੱਖ ਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 24 ਜਨਵਰੀ ਨੂੰ ਫੈਸਲਾ ਕੀਤਾ ਕਿ 4 ਤੋਂ 6 ਮਾਰਚ 1921 ਨੂੰ ਗੁਰਦੁਆਰਾ ਜਨਮ ਅਸਥਾਨ ਵਿਖੇ ਸਮੂੰਹ ਪੰਥ ਦੀ ਇੱਕ ਮੀਟਿੰਗ ਕੀਤੀ ਜਾਵੇ ਅਤੇ ਮਹੰਤ ਨੂੰ ਆਪਣਾ ਆਪ ਸੁਧਾਰਨ ਲਈ ਚਿਤਾਵਨੀ ਦਿੱਤੀ ਜਾਏ।

ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਦੀ ਖ਼ਬਰ ਮਿਲਦਿਆਂ ਹੀ ਮਹੰਤ ਨੇ ਗੁਰਦੁਆਰੇ ਅੰਦਰ ਹਥਿਆਰ ਜਮ੍ਹਾਂ ਕਰਨੇ ਸ਼ੁਰੂ ਕਰ ਦਿੱਤੇ। ਕੁੱਝ ਬਦਮਾਸ਼ਾਂ ਤੇ ਗੁੰਡਿਆਂ ਨੂੰ ਪੈਸੇ ਦੇ ਕੇ ਭਰਤੀ ਕਰ ਲਿਆ। ਮਹੰਤ ਨੇ ਸਾਜਸ਼ ਇਹ ਰਚੀ ਕਿ ਜਦੋਂ ਗੁਰਦੁਆਰੇ ਅੰਦਰ ਸਿੱਖ ਲੀਡਰਸ਼ਿਪ ਮੀਟਿੰਗ ਕਰ ਰਹੀ ਹੋਵੇਗੀ, ਚੌਹਾਂ ਪਾਸਿਆਂ ਤੋਂ ਹਮਲਾ ਕਰਕੇ ਸਾਰੀ ਸਿੱਖ ਲੀਡਰਸ਼ਿਪ ਖਤਮ ਕਰ ਦਿੱਤੀ ਜਾਏ।

ਕੁਝ ਜੋਸ਼ੀਲੇ ਸਿੱਖਾਂ ਨੇ ਸੁਲਾਹ ਬਣਾਈ ਕਿ ਮਾਰਚ ਦੀ ਮੀਟਿੰਗ ਤੱਕ ਉਡੀਕ ਕਰਨੀ ਦੂਰ ਦੀ ਗੱਲ ਹੈ। ਇਸ ਤੋਂ ਪਹਿਲਾਂ ਹੀ ਸਾਨੂੰ ਗੁਰਦੁਆਰੇ ਦੀ ਸੇਵਾ-ਸੰਭਾਲ ਦਾ ਪ੍ਰਬੰਧ ਮਹੰਤ ਪਾਸੋਂ ਲੈ ਲੈਣਾ ਚਾਹੀਦਾ ਹੈ। ਭਾਈ ਲਛਮਣ ਸਿੰਘ ਧਾਰੋਵਾਲ ਦੀ ਅਗਵਾਈ ਵਿੱਚ ਕੋਈ 150 ਸਿੰਘਾਂ ਦਾ ਜਥਾ, 20 ਫਰਵਰੀ 1921 ਨੂੰ ਨਨਕਾਣਾ ਸਾਹਿਬ ਵਲ ਚਲ ਪਿਆ ਇਸ ਜੱਥੇ ਨੂੰ ਮਹੰਤ ਦੀ ਸਾਜਸ਼ ਬਾਰੇ ਕੋਈ ਥਹੁ-ਪਤਾ ਨਹੀਂ ਸੀ । ਸ਼੍ਰੋਮਣੀ ਕਮੇਟੀ ਨੂੰ ਮਹੰਤ ਦੀ ਸਕੀਮ ਵਾਰੇ ਸੂਹ ਮਿਲ ਗਈ। ਉਨ੍ਹਾਂ ਨੇ ਭਾਈ ਲਛਮਣ ਸਿੰਘ ਦੇ ਜਥੇ ਨੂੰ ਰਾਹ ਵਿੱਚ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਹ ਰੋਕ ਨਾ ਸਕੇ। ਇਹ ਜਥਾ 21 ਫਰਵਰੀ ਸੰਨ 1921 ਨੂੰ ਸਵੇਰੇ ਮੂੰਹ ਹਨੇਰੇ ਨਨਕਾਣਾ ਸਾਹਿਬ ਗੁਰਦੁਆਰਾ ਜਨਮ ਅਸਥਾਨ ਜਾ ਪੁੱਜਾ ਅਤੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕੀਤਾ ਹੀ ਸੀ ਕਿ ਚੌਹਾਂ ਪਾਸਿਆਂ ਤੋਂ ਗੋਲੀਆਂ ਦੀ ਬੁਛਾੜ ਸ਼ੁਰੂ ਹੋ ਗਈ। ਜਥੇ ਵਿੱਚ ਸ਼ਾਮਲ ਬਹੁਤੇ ਸਿੰਘ ਸ਼ਹੀਦ ਕਰ ਦਿੱਤੇ ਗਏ। ਕਈਆਂ ਨੂੰ ਬਰਛਿਆਂ ਅਤੇ ਗੰਡਾਸਿਆਂ ਨਾਲ ਵੱਡ-ਟੁੱਕ ਦਿੱਤਾ। ਸ਼ਹੀਦਾਂ ਅਤੇ ਜ਼ਖ਼ਮੀਆਂ ਦੇ ਢੇਰ ਕੱਠੇ ਕਰਕੇ ਤੇਲ ਪਾ ਕੇ ਸਾੜ ਦਿੱਤੇ ਗਏ। ਕਈਆਂ ਨੂੰ ਜਿਊਂਦਿਆਂ ਹੀ ਬਲਦੀਆਂ ਭੱਠੀਆਂ ਵਿੱਚ ਸੁੱਟ ਕੇ ਸਾੜ ਦਿੱਤਾ ਗਿਆ। ਇੱਕ ਸਿੰਘ ਨੂੰ ਜਿਊਂਦਿਆਂ ਹੀ ਜੰਡ ਦੇ ਦਰੱਖ਼ਤ ਨਾਲ ਬੰਨ੍ਹ ਕੇ, ਤੇਲ ਪਾ ਕੇ ਸਾੜ ਦਿੱਤਾ ਗਿਆ। ਜਥੇ ਵਿੱਚ ਸ਼ਾਮਲ 150 ਸਿੰਘ ਸ਼ਹੀਦ ਕਰ ਦਿੱਤੇ ਗਏ।


**ਗੁਰਦੁਆਰਾ ਗੁਰਮਤਿ ਦੀ ਯੂਨੀਵਰਸਟੀ ਹੈ, ਸਿੱਖੀ ਦੀ ਟਕਸਾਲ ਹੈ। ਏਥੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੇ ਅੰਤਰਗਤ ਸਿੱਖੀ ਜੀਵਨ ਦੀ ਉਸਾਰੀ ਹੋਣੀ ਚਾਹੀਦੀ ਹੈ। ਜਦੋਂ ਇਸ ਕੇਂਦਰ ਦਾ ਪ੍ਰਬੰਧ, ਖਾਸ ਕਰਕੇ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ "ਗੁਰੂ ਗ੍ਰੰਥ ਅਤੇ ਗੁਰੂ ਖ਼ਾਲਸਾ ਪੰਥ" ਦੇ ਉਪਾਸ਼ਕਾਂ ਦੇ ਹੱਥ ਆਉਂਦਾ ਹੈ, ਸਿੱਖ ਕੌਮ ਚੜ੍ਹਦੀ ਕਲਾ ਵਿਚ ਜਾਂਦੀ ਹੈ। ਸਿੱਖੀ ਭੇਖ ਵਿੱਚ ਵਿਚਰ ਰਹੇ ਸੁਆਰਥੀ ਲੋਕ, ਸਿੱਖੀ ਦੀ ਚੜ੍ਹਦੀ ਕਲਾ ਦੇਖ ਕੇ ਬੌਂਦਲ਼ ਜਾਂਦੇ ਹਨ। ਇਨ੍ਹਾਂ ਨੂੰ ਆਪਣੀਆਂ ਗੱਦੀਆਂ ਖਿਸਕਦੀਆਂ ਨਜ਼ਰ ਆਉਂਦੀਆਂ ਹਨ। ਇਹ ਲੋਕ ਗੁਰੂ ਗ੍ਰੰਥ ਤੇ ਪੰਥ ਦੀ ਆਵਾਜ਼ ਨੂੰ ਖ਼ਾਮੋਸ਼ ਕਰਨ ਲਈ, ਸਮੇਂ ਦੀਆਂ ਸਰਕਾਰਾਂ ਨਾਲ ਮਿਲ ਕੇ ਸਾਜਸ਼ਾਂ ਘੜਦੇ ਹਨ। ਜਿਨ੍ਹਾਂ ਦੇ ਫਲਸਰੂਪ ਸ਼ਹੀਦੀ ਸਾਕੇ ਹੁੰਦੇ ਹਨ।**


ਇਸ ਖ਼ੂਨੀ ਸਾਕੇ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਸਾਰੇ ਦੇਸ਼ ਵਿੱਚ ਫੈਲ ਗਈ। ਕੁੱਝ ਹੀ ਘੰਟਿਆਂ ਵਿੱਚ ਸਭ ਪਾਸਿਆਂ ਤੋਂ ਸਿੱਖਾਂ ਨੇ ਨਨਕਾਣਾ ਸਾਹਿਬ ਵਲ ਵਹੀਰਾਂ ਪਾ ਦਿੱਤੀਆਂ। 21 ਫਰਵਰੀ 1921 ਨੂੰ ਸ਼ਾਮ ਵੇਲੇ ਤੱਕ ਜਥੇਦਾਰ ਕਰਤਾਰ ਸਿੰਘ ਝੱਬਰ 2200 ਸਿੰਘਾਂ ਦਾ ਸ਼ਹੀਦੀ ਜਥਾ ਲੈ ਕੇ ਨਨਕਾਣਾ ਸਾਹਿਬ ਪਹੁੰਚ ਗਿਆ। ਉਧਰ ਪੁਲਸ ਨੇ ਗੁਰਦੁਆਰੇ ਨੂੰ ਤਾਲਾ ਲਾਕੇ ਫੌਜੀ ਨਾਕਾਬੰਦੀ ਕੀਤੀ ਹੋਈ ਸੀ। ਡਿਪਟੀ ਕਮਿਸ਼ਨਰ ਨੇ ਜਥੇ ਨੂੰ ਅੱਗੇ ਜਾਣ ਤੋਂ ਰੋਕਦਿਆਂ ਹੁਕਮ ਦਿੱਤਾ ਕਿ ਅਗੇ ਵਧੇ ਤਾਂ ਮਸ਼ੀਨਗੰਨਾਂ ਦੀ ਗੋਲੀ ਚਲ ਜਾਏਗੀ। ਅੱਗੋਂ ਕਰਤਾਰ ਸਿੰਘ ਝੱਬਰ ਨੇ ਜੁਆਬ ਦਿੱਤਾ "ਅਸੀਂ ਅਰਦਾਸ ਕਰਕੇ ਚੱਲੇ ਹਾਂ ਕਿ ਗੁਰਦੁਆਰੇ ਤੇ ਕਬਜ਼ਾ ਕਰਨਾ ਹੈ, ਤੁਸੀਂ ਗੋਲੀ ਚਲਾਓ, ਤੁਹਾਡੀਆਂ ਮਸ਼ੀਨਗੰਨਾਂ ਸਾਨੂੰ ਰੋਕ ਨਹੀਂ ਸਕਦੀਆਂ।" ਜਥੇਦਾਰ ਦੇ ਦ੍ਰਿੜ੍ਹ ਇਰਾਦੇ ਅੱਗੇ ਪੁਲੀਸ ਨੂੰ ਝੁਕਣਾ ਪਿਆ ਅਤੇ ਗੁਰਦੁਆਰੇ ਦੇ ਦਰਵਾਜ਼ੇ ਖੋਲ੍ਹ ਦਿੱਤੇ ਗਏ। ਇਸ ਤੋਂ ਬਾਅਦ ਗੁਰਦੁਆਰਾ ਸੁਧਾਰ ਲਹਿਰ ਹੋਰ ਤੇਜ਼ ਹੁੰਦੀ ਗਈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਹੇਠ, ਗੁਰਦੁਆਰਾ ਪ੍ਰਬੰਧ ਮਹੰਤਾਂ ਦੇ ਕਬਜ਼ੇ ਚੋਂ ਕੱਢ ਕੇ ਸ਼੍ਰੋਮਣੀ ਕਮੇਟੀ ਦੇ ਹੱਥ ਆਇਆ।



ਆਪਣਾ ਇਤਿਹਾਸ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਗੁਰਦੁਆਰਾ ਪ੍ਰਬੰਧ ਨੂੰ ਆਪਣੇ ਕਬਜ਼ੇ ਵਿੱਚ ਕਰਨ ਲਈ ਗੁਰਮਤਿ ਅਤੇ ਪੰਥ ਵਿਰੋਧੀ ਤਾਕਤਾਂ ਹਮੇਸ਼ਾ ਉਪੱਦਰ ਕਰਦੀਆਂ ਆ ਰਹੀਆਂ ਹਨ। ਆਮ ਸਿੱਖ ਲਈ ਇਨ੍ਹਾਂ ਪੰਥ ਵਿਰੋਧੀ ਤਾਕਤਾਂ ਨੂੰ ਪਛਾਣ ਕੇ ਲਿਤਾੜਨ ਦੀ ਲੋੜ ਹੈ। ਸਿੱਖ ਸੰਸਾਰ ਵਿੱਚ ਖਾਸ ਕਰਕੇ ਅਕਾਲ ਤਖ਼ਤ ਸਾਹਿਬ ਤੇ ਵਾਪਰ ਰਹੀਆਂ ਵਰਤਮਾਨ ਘਟਨਾਵਾਂ ਨੂੰ ਇਤਿਹਾਸਕ ਝਰੋਖੇ ਚੋਂ ਦੇਖਣ ਦੀ ਲੋੜ ਹੈ।

ਗੁਰੂ ਨਾਨਕ ਸਾਹਿਬ ਨੇ ਗੁਰਬਾਣੀ ਦੀ ਵਿਚਾਰਧਾਰਾ ਰਾਹੀਂ ਇੱਕ ਨਿਆਂਕਾਰੀ ਸਮਾਜ ਦੀ ਨੀਂਹ ਰੱਖੀ। ਜਿਸ ਵਿੱਚ ਹਰ ਇਸਤਰੀ ਅਤੇ ਪੁਰਸ਼ ਨੂੰ ਬਿਨਾਂ ਕਿਸੇ ਵਿਤਕਰੇ ਦੇ ਬਰਾਬਰ ਦਾ ਹੱਕ ਦਿੱਤਾ। ਬੇਇਨਸਾਫ਼ੀ ਅਤੇ ਧੱਕੇ-ਸ਼ਾਹੀ ਦੇ ਸਹਾਰੇ ਚਲ ਰਹੇ ਰਾਜ-ਭਾਗ ਦਾ ਖੰਡਨ ਕੀਤਾ। ਸਰਕਾਰ ਦੀਆਂ ਜਨਤਾ ਵਿਰੋਧੀ ਕਾਰਵਾਈਆਂ ਨੂੰ ਭੰਡਿਆ ਅਤੇ ਵੰਗਾਰਿਆ। ਬੇ-ਗੈਰਤ ਅਤੇ ਬੇ-ਪੱਤ ਦਾ ਖਾਣਾ-ਪੀਣਾ ਵੀ ਹਰਾਮ ਦੱਸਿਆ। ਗੁਰੂ ਪਾਤਸ਼ਾਹ ਦਾ ਫ਼ੁਰਮਾਨ ਹੈ:

**ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥ (ਪੰਨਾ-142)**

ਗੁਰਦੁਆਰਾ ਗੁਰਮਤਿ ਦੀ ਯੂਨੀਵਰਸਟੀ ਹੈ, ਸਿੱਖੀ ਦੀ ਟਕਸਾਲ ਹੈ। ਏਥੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦੇ ਅੰਤਰਗਤ ਸਿੱਖੀ ਜੀਵਨ ਦੀ ਉਸਾਰੀ ਹੋਣੀ ਚਾਹੀਦੀ ਹੈ। ਜਦੋਂ ਇਸ ਕੇਂਦਰ ਦਾ ਪ੍ਰਬੰਧ, ਖਾਸ ਕਰਕੇ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ "ਗੁਰੂ ਗ੍ਰੰਥ ਅਤੇ ਗੁਰੂ ਖ਼ਾਲਸਾ ਪੰਥ" ਦੇ ਉਪਾਸ਼ਕਾਂ ਦੇ ਹੱਥ ਆਉਂਦਾ ਹੈ, ਸਿੱਖ ਕੌਮ ਚੜ੍ਹਦੀ ਕਲਾ ਵਿਚ ਜਾਂਦੀ ਹੈ। ਸਿੱਖੀ ਭੇਖ ਵਿੱਚ ਵਿਚਰ ਰਹੇ ਸੁਆਰਥੀ ਲੋਕ, ਸਿੱਖੀ ਦੀ ਚੜ੍ਹਦੀ ਕਲਾ ਦੇਖ ਕੇ ਬੌਂਦਲ ਜਾਂਦੇ ਹਨ। ਇਨ੍ਹਾਂ ਨੂੰ ਆਪਣੀਆਂ ਗੱਦੀਆਂ ਖਿਸਕਦੀਆਂ ਨਜ਼ਰ ਆਉਂਦੀਆਂ ਹਨ। ਇਹ ਲੋਕ ਗੁਰੂ ਗ੍ਰੰਥ ਤੇ ਪੰਥ ਦੀ ਆਵਾਜ਼ ਨੂੰ ਖ਼ਾਮੋਸ਼ ਕਰਨ ਲਈ, ਸਮੇਂ ਦੀਆਂ ਸਰਕਾਰਾਂ ਨਾਲ ਮਿਲ ਕੇ ਸਾਜਸ਼ਾਂ ਘੜਦੇ ਹਨ। ਜਿਨ੍ਹਾਂ ਦੇ ਫਲਸਰੂਪ ਸ਼ਹੀਦੀ ਸਾਕੇ ਹੁੰਦੇ ਹਨ।

ਇਨ੍ਹਾਂ ਗੁਰੂ ਗ੍ਰੰਥ ਅਤੇ ਖ਼ਾਲਸਾ ਪੰਥ ਦੇ ਵਿਰੋਧੀ, ਸੁਆਰਥੀ ਲੋਕਾਂ ਦੀਆਂ ਸਾਜਸ਼ਾਂ ਕਾਰਨ ਗੁਰੂ ਸਾਹਿਬਾਨ ਦੀਆਂ ਸ਼ਹੀਦੀਆਂ ਹੋਈਆਂ, ਘਲੂੱਘਾਰੇ ਹੋਏ, ਅਕਾਲ ਤਖ਼ਤ ਅਤੇ ਹਰਿਮੰਦਰ ਸਾਹਿਬ ਢਾਹੇ ਗਏ। ਅੱਜ ਏਸੇ ਸੋਚ ਦੇ ਮਾਲਕ, ਸਿੱਖੀ ਦੇ ਤਖ਼ਤਾਂ ਤੇ ਬੈਠੇ ਪੁਜਾਰੀ ਫਿਰ ਗੁਰੂ ਗ੍ਰੰਥ ਤੇ ਪੰਥ ਦੀ ਆਵਾਜ਼ ਨੂੰ ਬੰਦ ਕਰਨ ਲਈ ਕਿਸੇ ਨਵੇਂ ਸ਼ਹੀਦੀ ਸਾਕੇ ਦੀ ਸਾਜਸ਼ ਘੜਦੇ ਨਜ਼ਰ ਆਉਂਦੇ ਹਨ। -0-

# ਭਗਤ ਰਵਿਦਾਸ ਜੀ ਅਤੇ ਉਨ੍ਹਾਂ ਦਾ ਜੀਵਨ ਦਰਸ਼ਨ

-ਰਮੇਸ਼ ਬੱਗਾ ਚੋਹਲਾ
# 94631-32719

**ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਨੇ ਭਗਤ ਰਵਿਦਾਸ ਜੀ ਨੂੰ ਰੱਜਵਾਂ ਮਾਣ-ਸਤਿਕਾਰ ਦਿੰਦੇ ਹੋਏ ਉਨ੍ਹਾਂ ਦੇ 40 ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤੇ ਹਨ। ਇਨ੍ਹਾਂ ਸ਼ਬਦਾਂ ਵਿਚ ਜਿਥੇ ਭਗਤ ਜੀ ਨੇ ਆਪਣੇ ਸਮਕਾਲੀ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਹਾਲਤਾਂ ਦਾ ਬਾਖ਼ੂਬੀ ਚਿਤਰਣ ਕੀਤਾ ਹੈ ਉਥੇ ਸੱਚੀ-ਸੁੱਚੀ ਕਾਰ-ਵਿਹਾਰ ਰਾਹੀਂ ਰੱਬੀ ਨੇੜਤਾ/ਇੱਕਮਿਕਤਾ ਹਾਸਲ ਕਰਨ ਦੀ ਜੁਗਤ (ਪ੍ਰੇਮਾ-ਭਗਤੀ) ਵੀ ਬਿਆਨ ਕੀਤੀ ਹੈ। ਇਸ ਜੁਗਤ ਨੂੰ ਅਪਨਾ ਕੋਈ ਵੀ ਮਨੁੱਖ ਪਰਮ-ਪਿਤਾ ਪਰਮਾਤਮਾ ਦੀਆਂ ਬਖ਼ਸ਼ਿਸ਼ਾਂ ਦਾ ਪਾਤਰ ਬਣ ਸਕਦਾ ਅਤੇ ਆਪਣੇ ਲੋਕ ਤੇ ਪ੍ਰਲੋਕ ਨੂੰ ਸੰਵਾਰ ਸਕਦਾ ਹੈ।**

ਭਾਰਤ ਦੀ ਧਰਤੀ ਸੰਤਾਂ-ਮਹਾਤਮਾਂ,ਗੁਰੂਆਂ-ਪੀਰਾਂ, ਰਿਸ਼ੀਆਂ-ਮੁਨੀਆਂ ਅਤੇ ਭਗਤਾਂ-ਪਿਆਰਿਆਂ ਦੀ ਧਰਤੀ ਹੈ। ਸਮੇਂ-ਸਮੇਂ ਇਨ੍ਹਾਂ ਮਹਾਂਪੁਰਖਾਂ ਨੇ ਮਨੁੱਖ ਦੀਆਂ ਪਦਾਰਥਵਾਦੀ ਬਿਰਤੀਆਂ ਨੂੰ ਅਧਿਆਤਮਕ ਰੰਗ ਵਿਚ ਰੰਗ ਕੇ ਜਿਥੇ ਜੀਵਨ ਦੇ ਅਸਲ ਮਨੋਰਥ ਤੋਂ ਗਿਆਤ ਕਰਵਾਇਆ ਹੈ,ਉਥੇ ਇਸ ਮਨੋਰਥ ਦੀ ਸਿੱਧੀ ਹਿੱਤ ਭਗਤੀ (ਨਿਰਮਲ ਪ੍ਰੇਮ ਦੇ ਆਧਾਰਤ) ਮਾਰਗ ਨੂੰ ਵੀ ਵਡਿਆਇਆ ਹੈ। ਇਸ ਮਾਰਗ 'ਤੇ ਚੱਲਣ ਵਾਲੇ ਭਗਤਾਂ ਨੇ ਆਪਣੇ ਵਿਸ਼ੇਸ਼ ਵਿਹਾਰ ਅਤੇ ਕਿਰਦਾਰ ਰਾਹੀਂ ਆਪਣੀ ਭਗਤੀ ਦੇ ਨਿਰਾਲੇਪਨ ਨੂੰ ਕਾਇਮ ਰੱਖਿਆ ਹੈ। ਇਸ ਨਿਰਾਲੇਪਨ ਦੀ ਕਾਇਮੀ ਤੋਂ ਬਲਿਹਾਰੇ ਜਾਂਦੇ ਹੋਏ ਤੀਸਰੇ ਨਾਨਕ ਸ੍ਰੀ ਗੁਰੂ ਅਮਰਦਾਸ ਜੀ ਲਿਖਦੇ ਹਨ:-

**ਭਗਤਾਂ ਕੀ ਚਾਲ ਨਿਰਾਲੀ ਚਾਲ ਨਿਰਾਲੀ॥ ਚਾਲ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥**

**ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥ (ਅੰਗ-918)**

ਇਸ ਨਿਰਾਲੀ ਚਾਲ ਕਾਰਨ ਭਗਤਾਂ ਅਤੇ ਸੰਸਾਰੀਆਂ ਦਾ ਜੋੜ ਘੱਟ ਹੀ ਆਉਂਦਾ ਰਿਹਾ ਹੈ। ਵਿਲੱਖਣਤਾ ਭਰਪੂਰ ਸੋਚ ਤੇ ਲੋਚ ਰੱਖਣ ਵਾਲੇ ਭਗਤਾਂ ਨੂੰ ਅਜ਼ਮਾਉਣ ਅਤੇ ਸਤਾਉਣ ਲਈ ਦੁਨੀਆਦਾਰਾਂ ਨੇ ਕਈ ਕੋਝੇ ਕਾਰਨਾਮੇ ਵੀ ਕੀਤੇ ਹਨ ਪਰ ਪ੍ਰਭੂ ਨੇ ਆਪਣੇ ਪਿਆਰੇ ਭਗਤਾਂ ਦੀ ਹਮੇਸ਼ਾਂ ਹੀ ਰੱਖ ਦਿਖਾਈ ਹੈ। ਆਪਣੀ ਸੱਚੀ ਅਤੇ ਸੁੱਚੀ ਭਗਤੀ ਭਾਵਨਾ ਸਦਕਾ ਇਹ ਭਗਤ ਪ੍ਰਮਾਤਮਾ ਵੱਲੋਂ ਹਮੇਸ਼ਾ ਹੀ ਸਤਿਕਾਰੇ ਅਤੇ ਪਿਆਰੇ ਜਾਂਦੇ ਰਹੇ ਹਨ। ਪ੍ਰਮਾਤਮਾ ਦੀ ਸਤਿਕਾਰਤਾ ਅਤੇ ਪਿਆਰਤਾ ਦੇ ਪਰਮ-ਪਾਤਰ ਬਣਨ ਵਾਲਿਆਂ ਇਨ੍ਹਾਂ ਭਗਤਾਂ ਵਿਚ ਹੀ ਸ਼ਾਮਿਲ ਹਨ ਭਗਤ ਰਵਿਦਾਸ ਜੀ ਦਾ ਨਾਮ।

ਸ਼੍ਰੋਮਣੀ ਭਗਤਾਂ ਵਿਚ ਸ਼ੁਮਾਰੇ ਜਾਂਦੇ ਰਵਿਦਾਸ ਜੀ ਦਾ ਜਨਮ 1376 ਈ. (ਸੰਮਤ 1433) ਵਿਚ ਇਕ ਚਰਮਕਾਰੀ ਪਰਿਵਾਰ ਦੇ ਭਾਈ ਸੰਤੋਖ ਦਾਸ ਅਤੇ ਮਾਤਾ ਧੁਰਬਿਨੀਆ ਉਰਫ਼ ਕਰਮੋਂ ਦੇਵੀ ਦੇ ਗ੍ਰਹਿ ਵਿਖੇ ਬ੍ਰਹਾਮਣੀ ਸਭਿਆਚਰ ਦਾ ਧੁਰਾ ਕਰਕੇ ਜਾਣੇ ਜਾਂਦੇ ਸ਼ਹਿਰ ਬਨਾਰਸ ਵਿਚ ਹੋਇਆ। ਭਾਵੇਂ ਭਗਤ ਜੀ ਦੀ ਜਨਮ ਮਿਤੀ ਬਾਬਤ ਵਿਦਿਵਾਨਾਂ ਵਿਚ ਇੱਕ ਮਤ ਨਹੀਂ ਪਰ ਰਵਿਦਾਸੀ ਸੰਪ੍ਰਦਾਇ ਨਾਲ ਸੰਬੰਧਤ ਸੰਤ ਕਰਮ ਦਾਸ ਦਾ ਇੱਕ ਦੋਹਰਾ ਉਪਰੋਕਤ ਹਵਾਲੇ ਦੇ ਹੱਕ ਵਿਚ ਇੰਜ ਬੋਲਦਾ ਹੈ:-

ਚੌਦਾਂ ਸੈ ਤੇਤੀਸ ਕੀ ਮਾਘ ਸੁਦੀ ਪੰਦ੍ਰਾਸ।
ਦੁਖੀਓ ਕੇ ਕਲਿਆਨ ਹਿੱਤ ਪ੍ਰਗਟੇ ਸ੍ਰੀ ਰਵਿਦਾਸ।

ਭਗਤ ਜੀ ਦੇ ਪੁਰਖਿਆਂ ਦਾ ਸੰਬੰਧ ਅਜਿਹੇ ਪਰਿਵਾਰ ਨਾਲ ਸੀ ਜਿਸ ਨੂੰ ਸਮਾਜਿਕ ਵਰਣ-ਵੱਖਰੇਵੇਂ ਕਾਰਨ ਨੀਚ ਸਮਝ ਕੇ ਨਫ਼ਰਤ ਕੀਤੀ ਜਾਂਦੀ ਸੀ। ਇਸ ਦੀ ਪੁਸ਼ਟੀ ਉਨ੍ਹਾਂ ਨੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਕੀਤੀ ਹੈ:-

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥ (1293)**

ਪਵਿੱਤਰ ਨਦੀ ਕਰਕੇ ਪੂਜੀ ਜਾਂਦੀ ਗੰਗਾ ਦੇ ਕਿਨਾਰਿਉਂ ਕਈ ਤਰ੍ਹਾਂ ਦੀਆਂ ਵਿਚਾਰਧਾਰਵਾਂ ਪ੍ਰਚਲਿੱਤ ਹੋਈਆਂ। ਇਨ੍ਹਾਂ ਵਿਚਾਰਧਾਰਾਵਾਂ ਵਿਚੋਂ ਕੁੱਝ ਕੁ ਤਾਂ ਪੂਰਨ ਰੂਪ ਵਿਚ ਮਾਨਵ ਹਿੱਤਕਾਰੀ ਸਾਬਤ ਹੋਈਆਂ ਹਨ ਪਰ ਕੁੱਝ ਕੁ (ਕੱਟੜਵਾਦੀ ਸੁਭਾਅ ਦੀਆਂ) ਵਿਚਾਰਧਾਰਾਵਾਂ (ਜਿਵੇ ਕਿ ਜਾਤ-ਪਾਤ ਨਾਲ ਸੰਬੰਧਤ) ਨੇ ਸਮਾਜਿਕ ਵਿਥਾਂ ਨੂੰ ਵਧਾਉਣ ਵਿਚ ਆਪਣਾ ਨਾਂਹ ਪੱਖੀ ਰੋਲ ਅਦਾ ਕੀਤਾ।

ਭਗਤ ਰਵਿਦਾਸ ਜੀ ਦੇ ਜੀਵਨ-ਕਾਲ ਵਿਚ ਸਮਾਜ ਧਾਰਮਿਕ ਖੇਤਰ ਵਿਚ ਪੁਜਾਰੀਆਂ ਦੇ ਕਰਮਕਾਂਡ ਤੇ ਕੱਟੜਵਾਦ, ਸਮਾਜਿਕ ਪੱਧਰ ਉੱਤੇ ਵਰਣ-ਵੰਡ ਤੇ ਜਾਤਿ-ਪਾਤਿ ਦੀ ਮਨੁੱਖੀ ਵੰਡ ਅਤੇ ਰਾਜਨੀਤਿਕ ਅਤੇ ਆਰਥਿਕ ਪੱਖੋਂ ਬਿਗਾਨੀ (ਵਿਦੇਸ਼ੀ) ਹਕੂਮਤ ਹੋਣ ਕਰਕੇ ਸੰਤੁਲਿਤ ਨਹੀਂ ਸੀ। ਹਾਲਾਤ ਇਹ ਸੀ ਕਿ ਆਮ-ਜਨਤਾ ਵਿਦੇਸ਼ੀ ਰਾਜ ਦੇ ਡਰ ਅਤੇ ਪੁਜਾਰੀ ਸ਼੍ਰੇਣੀ ਦੀ ਨਫ਼ਰਤ ਕਾਰਨ ਸਾਹ-ਸਤ ਹੀਣ ਹੋ ਚੁੱਕੀ ਸੀ ਅਤੇ ਮਾਨ-ਸਨਮਾਨ ਵਾਲੀ ਜ਼ਿੰਦਗੀ ਜਿਉਣ ਦੀ ਜਾਚ ਭੁੱਲ ਚੁੱਕੀ ਸੀ। ਜਨਤਾ ਦੇ ਇਸ ਧੂ-ਘਸੀਟ ਵਾਲੇ ਜੀਵਨ ਬਾਰੇ ਭਗਤ ਰਵਿਦਾਸ ਜੀ ਲਿਖਦੇ ਹਨ:-

**ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ॥ (486)**

ਜਿਥੋਂ ਤੱਕ ਭਗਤ ਰਵਿਦਾਸ ਜੀ ਦੀ ਫ਼ਿਲਾਸਫੀ ਦਾ ਸੰਬੰਧ ਹੈ ਉਸ ਨੂੰ ਪੜ੍ਹ-ਸੁਣ ਕੇ ਕਈ ਹੈਰਾਨੀਜਨਕ ਭਾਵ ਉਪਜਦੇ ਹਨ। ਉਨ੍ਹਾਂ ਦੇ ਸਮਕਾਲੀ ਸ਼ਾਸਕਾਂ ਤੇ ਠਾਕੁਰਾਂ ਦਾ ਸੁਭਾਅ ਨਿਰਦਈ ਅਤੇ ਜ਼ਾਲਮਾਨਾ ਸੀ। ਪੰਡਤਾਂ ਅਤੇ ਮੁਲਾਣਿਆਂ ਦਾ ਵਰਗ ਕਰਮ-ਕਾਡਾਂ ਵਿਚ ਬੱਝਿਆ ਹੋਇਆ ਸੀ। ਜੇਕਰ ਕੋਈ ਨੀਵੀਂ ਜਾਤ ਵਾਲਾ ਵਿਅਕਤੀ ਇਨ੍ਹਾਂ ਦੀ ਹੁਕਮ- ਅਦੂਲੀ ਕਰਦਾ ਸੀ ਤਾਂ ਉਸ ਨੂੰ ਆਪਣੀ ਜ਼ਿੰਦਗੀ ਤੋਂ ਹੱਥ ਧੋਣੇ ਪੈ ਜਾਂਦੇ ਸਨ। ਜਿਥੇ ਸ਼ਾਸਕ ਸ਼੍ਰੇਣੀ ਸ਼ਸਤਰਧਾਰੀ ਤੇ ਧੰਨਵਾਨ ਹੋਣ ਕਰਕੇ ਅਸੀਮ ਸ਼ਕਤੀ ਦੀ ਮਾਲਿਕ ਸੀ ਉਥੇ ਰਵਿਦਾਸ ਜੀ ਕੋਲ ਇਸ ਸ਼ਕਤੀ ਦਾ ਮੁਕਾਬਲਾ ਕਰਨ ਲਈ ਨਾ ਤਾਂ ਹਾਥੀ ਘੋੜੇ ਸਨ ਅਤੇ ਨਾ ਹੀ ਕੋਈ ਸਿਖਲਾਈਯੁਕਤ ਹਥਿਆਰਬੰਦ ਫੌਜ। ਪਰ ਜਿਸ ਦਲੇਰੀ ਤੇ ਹੌਂਸਲੇ ਵਾਲੇ ਢੰਗ ਨਾਲ ਉਹ ਗੁੰਮਰਾਹਕੁੰਨ ਫੋਕੇ ਕਰਮਕਾਂਡਾਂ ਨੂੰ ਨਕਾਰਦੇ ਹਨ ਉਸ ਨੂੰ ਬਹੁਤ ਹੀ ਕਾਬਲ-ਏ-ਤਰੀਫ਼ ਅਤੇ ਨਿਵੇਕਲੀ ਪਹੁੰਚ ਵਾਲਾ ਕਿਹਾ ਜਾ ਸਕਦਾ ਹੈ। ਆਪਣੀ ਅਤੇ ਆਪਣੇ ਭਾਈਚਾਰੇ ਦੀ ਇਸ ਤਰਸੀਲੀ ਹਾਲਤ ਨੂੰ ਬਿਆਨ ਕਰਦੇ ਹੋਏ ਭਗਤ ਜੀ ਲਿਖਦੇ ਹਨ:-

**ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥ (858)**

ਭਗਤ ਰਵਿਦਾਸ ਜੀ ਦੇ ਜੀਵਨ-ਦਰਸ਼ਨ ਦੀ ਇਹ ਵਿਸ਼ੇਸ਼ਤਾ ਹੈ ਕਿ ਆਪਣੇ ਸਮਕਾਲੀ ਸਮਾਜ ਦੇ ਸ਼ਾਸਕ ਵਰਗ ਦੀ ਜ਼ਾਲਮਾਨਾ ਰੁਚੀ ਅਤੇ ਪੂਜਾਰੀ ਸ਼੍ਰੇਣੀ ਦੇ ਹੰਕਾਰੀ ਵਤੀਰੇ ਨੂੰ ਰੱਦ ਕਰਦਿਆਂ ਨਾ ਤਾਂ ਉਨ੍ਹਾਂ ਨੇ ਕਿਸੇ ਹਿੰਸਾਤਮਕ ਵਿਹਾਰ ਦੀ ਵਕਾਲਤ ਕੀਤੀ ਹੈ ਅਤੇ ਨਾ ਹੀ ਕਿਸੇ ਕੌੜੀ ਭਾਵਨਾ ਵਾਲੀ ਸ਼ਬਦਾਵਲੀ ਦਾ ਪ੍ਰਯੋਗ। ਆਪਣੀ ਭਗਤੀ-ਭਾਵਨਾ ਅਤੇ ਕਰਮਸ਼ੀਲ-ਵਿਹਾਰ ਨਾਲ ਉਨ੍ਹਾਂ ਨੇ ਆਪਣੇ ਜੀਵਨ ਨੂੰ ਇਨ੍ਹਾਂ ਉੱਚਾ ਤੇ ਸੁੱਚਾ ਬਣਾ ਲਿਆ ਸੀ ਕਿ ਕਈ ਰਾਜੇ-ਰਾਣਿਆਂ ਅਤੇ ਪੁਜਾਰੀਆਂ ਨੂੰ ਉਨ੍ਹਾਂ ਦੇ ਚਰਨਾਂ ਉਪਰ ਆਪਣੇ ਸੀਸ ਨੂੰ ਝੁਕਾ ਦਿੱਤਾ। ਇਸ ਗੱਲ ਦੀ ਗਵਾਹੀ ਗੁਰੂ ਗ੍ਰੰਥ ਸਾਹਿਬ ਵਿਚਲੀ ਉਨ੍ਹਾਂ ਦੀ ਬਾਣੀ ਇਸ ਪ੍ਰਕਾਰ ਦਿੰਦੀ ਹੈ:

**ਬਾਕੀ ਸਫਾ 42 'ਤੇ**

# ਵੱਡੇ ਘੱਲੂਘਾਰੇ ਦੌਰਾਨ ਹਾਲਾਤ

–ਪਿਆਰਾ ਸਿੰਘ ਪਦਮ

ਸਿੰਘ ਇਸ ਤੋਂ ਪਹਿਲਾਂ ਹੀ ਸਰਹੰਦ ਵੱਲ ਨਿਕਲ ਗਏ ਸਨ ਤਾਂ ਕਿ ਆਪਣੇ ਪਰਿਵਾਰ ਸਾਂਭ-ਸੰਭਾਲ ਕੇ ਮਾਲਵੇ ਪਹੁੰਚਾ ਸਕਣ। ਖਾਲਸੇ ਦਾ ਵਹੀਰ ਅਜੇ ਕੁੱਪ-ਰਹੀੜੇ ਦੇ ਮੈਦਾਨ ਵਿੱਚ ਹੀ ਜਾ ਰਿਹਾ ਸੀ ਜਦੋਂ ਕਿ 3 ਫਰਵਰੀ ਨੂੰ ਲਾਹੌਰੋਂ ਚੱਲ ਕੇ ਦੁਰਾਨੀ ਫ਼ੌਰਨ 5 ਫਰਵਰੀ 1762 ਨੂੰ ਕੁੱਪ ਪੁੱਜ ਗਿਆ। ਅੱਗੋਂ ਮੂਹਰਿਓਂ ਜ਼ੈਨ ਖਾਂ ਹਾਕਮ ਸਰਹੰਦ ਤੇ ਭੀਖਨ ਖਾਂ ਨਵਾਬ ਮਲੇਰਕੋਟਲੇ ਦੀਆਂ ਫ਼ੌਜਾਂ ਖਾਲਸਈ ਵਹੀਰ ਨੂੰ ਘੇਰ ਕੇ ਲੜ ਰਹੀਆਂ ਸਨ ਤੇ ਪਿਛੋਂ ਦੁਰਾਨੀ 50 ਹਜ਼ਾਰ ਫੌਜ ਤੇ 20-25 ਹਜ਼ਾਰ ਮੁਸਲਮ ਮੁਲਖਈਆ ਲੈ ਕੇ ਚੜ੍ਹ ਆਇਆ। ਸਿੰਘਾਂ ਦੀ ਗਿਣਤੀ ਵੀ ਸਿੰਘਣੀਆਂ ਤੇ ਬੱਚਿਆਂ ਸਮੇਤ 50 ਹਜ਼ਾਰ ਤੋਂ ਉੱਤੇ ਸੀ, ਬਹੁਤ ਭਾਰਾ ਖ਼ੂਨੀ ਸੰਗਰਾਮ ਹੋਇਆ, ਕੋਈ ਸਿੰਘ ਨਾ ਬਚਿਆ ਜੋ ਜ਼ਖਮੀ ਨਾ ਹੋਇਆ ਹੋਵੇ। ਸ: ਸੰਗੂ ਸਿੰਘ ਤੇ ਸ: ਸੇਖੂ ਸਿੰਘ ਹੰਬਲਵਾਲ ਵਹੀਰ ਨੂੰ ਬਚਾ ਕੇ ਬਰਨਾਲੇ ਵੱਲ ਲੈ ਜਾ ਰਹੇ ਸਨ ਤੇ ਸ਼ਾਹ ਵਲੀ ਖਾਂ 10 ਹਜ਼ਾਰ ਫ਼ੌਜ ਲੈ ਕੇ ਉਸ ਪਾਸੇ ਨਿਕਲਿਆ ਤੇ ਸਿੰਘਣੀਆਂ ਅਤੇ ਬੱਚਿਆਂ ਦਾ ਬਹੁਤ ਨੁਕਸਾਨ ਕੀਤਾ। ਸ: ਜੱਸਾ ਸਿੰਘ ਆਹਲੂਵਾਲੀਏ ਨੂੰ 22 ਜ਼ਖਮ ਤੇ ਸ: ਚੜ੍ਹਤ ਸਿੰਘ ਨੂੰ 16 ਜ਼ਖਮ ਆਏ। ਸਿੰਘ ਪਿੱਛੇ ਹਟਦੇ ਹਟਦੇ ਕੁਤਬੇ ਬਾਮਣੀ ਤੋਂ ਅੱਗੇ ਹਠੂਰ ਦੀ ਢਾਬ ਉੱਤੇ ਪਹੁੰਚੇ ਤੇ ਇਥੇ ਦੋਹਾਂ ਥੱਕੀਆਂ ਫੌਜਾਂ ਨੇ ਪਾਣੀ ਪੀਤਾ। ਅਬਦਾਲੀ ਬਰਨਾਲੇ ਪਹੁੰਚਿਆ ਤਾਂ ਜ਼ੈਨ ਖਾਂ ਤੇ ਭੀਖਨ ਖਾਂ ਨੇ ਸ਼ਿਕਾਇਤ ਕੀਤੀ ਕਿ ਆਲਾ ਸਿੰਘ ਵੀ ਦਲ ਖਾਲਸੇ ਦਾ ਗੁਪਤ ਮਦਦਗਾਰ ਹੈ, ਇਸ ਨੂੰ ਕੈਦ ਕੀਤਾ ਜਾਵੇ ਤੇ 50 ਲੱਖ ਜੁਰਮਾਨਾ ਲਿਆ ਜਾਵੇ। ਆਲਾ ਸਿੰਘ ਭਵਾਨੀਗੜ੍ਹ ਚਲਿਆ ਗਿਆ, ਦੁਰਾਨੀ ਨੇ ਬਰਨਾਲਾ ਲੁੱਟਿਆ, ਫੂਕਿਆ ਤੇ ਕਿਹਾ ਕਿ ਆਲਾ ਸਿੰਘ ਨੂੰ ਸਿਰ ਮੁੰਨ ਕੇ ਮੇਰੇ ਪੇਸ਼ ਕਰੋ। ਆਲਾ ਸਿੰਘ ਨੇ ਕਿਹਾ ਕਿ ਸਵਾ ਲੱਖ ਵੱਧ ਨਜ਼ਰਾਨਾ ਭੇਟ ਕਰ ਦਿਆਂਗਾ ਪਰ ਮੇਰੇ ਕੇਸ ਨਾ ਕੱਟੇ ਜਾਣ। ਇਵੇਂ ਹੀ ਹੋਇਆ ਆਲਾ ਸਿੰਘ ਨੇ ਪੰਜ ਲੱਖ ਨਜ਼ਰਾਨਾ ਤੇ ਸਵਾ ਲੱਖ ਕੇਸਾਂ ਦਾ ਦੇ ਕੇ ਰਿਹਾਈ ਪਾਈ। 15 ਫਰਵਰੀ 1762 ਨੂੰ ਅਬਦਾਲੀ ਸਰਹੰਦ ਤੋਂ ਲਾਹੌਰ ਵੱਲ ਨੂੰ ਮੁੜਿਆ ਤੇ ਉਸ ਦੇ ਨਾਲ 50 ਗੱਡੇ ਸਿੰਘਾਂ ਦੇ ਸਿਰਾਂ ਦੇ ਲੱਦੇ ਹੋਏ ਸਨ, ਰਸਤੇ ਵਿੱਚ ਉਸ ਨੇ ਅੰਮ੍ਰਿਤਸਰ ਦੇ ਹਰਿਮੰਦਰ ਨੂੰ ਬਾਰੂਦ ਦੇ ਕੁੱਪੇ ਰੱਖ ਕੇ ਉਡਾ ਦਿੱਤਾ। ਇਸ ਮੌਕੇ ਇੱਕ ਇੱਟ ਉਸ ਦੇ ਵੀ



ਨੱਕ'ਤੇ ਲੱਗੀ ਜਿਸ 'ਤੇ ਉਮਰ ਭਰ ਨਾਸੂਰ ਵਗਦਾ ਰਿਹਾ। ਉਸ ਨੇ ਤਲਾਅ ਮਿੱਟੀ ਨਾਲ ਪੂਰ ਦਿੱਤਾ। 3 ਮਾਰਚ, 1762 ਨੂੰ ਦੁਰਾਨੀ ਲਾਹੌਰ ਪਹੁੰਚਿਆ ਤੇ ਉਥੇ ਸ਼ਹਿਰ ਦੇ ਦਰਵਾਜ਼ਿਆਂ ਉੱਤੇ ਸਿੰਘਾਂ ਦੇ ਸਿਰਾਂ ਦੇ ਮੀਨਾਰ ਬਣਾ ਕੇ ਖੜੇ ਕੀਤੇ ਤਾਂ ਕਿ ਦੁਨੀਆਂ ਦੇਖੇ ਕਿ ਸਿੰਘ ਮਾਰ ਮੁਕਾ ਦਿੱਤੇ ਹਨ। ਇਸ ਸਮੇਂ ਘੱਲੂਘਾਰੇ ਵਿੱਚ 12 ਹਜ਼ਾਰ ਤੋਂ ਉੱਤੇ ਸਿੰਘ ਸ਼ਹੀਦ ਹੋਏ, ਤਾਰੀਖਿ-ਅਹਿਮਦਸ਼ਾਹੀ ਤੇ ਇਬਰਤਨਾਮਾ ਵਿੱਚ ਸ਼ਹੀਦ ਹੋਏ ਸਿੰਘਾਂ ਦੀ ਗਿਣਤੀ 30 ਹਜ਼ਾਰ ਅਤੇ ਸੱਯਦ ਲਤੀਫ਼ ਤੇ ਕਨ੍ਹਈਆ ਲਾਲ ਨੇ 24 ਹਜ਼ਾਰ ਦਿੱਤੀ ਹੈ।

ਇਸ ਗਿਣਤੀ ਵਿੱਚ ਵਧੇਰੇ ਸੰਖਿਆ ਵਹੀਰ ਦੇ ਬਾਲ ਬੱਚੇ, ਬੁੱਢੇ-ਠੇਰੇ ਤੇ ਜ਼ਨਾਨੀਆਂ ਆਦਿ ਦੀ ਸੀ, ਜੋ ਚੁਪਾਸਿਓਂ ਘਿਰ ਜਾਣ ਕਾਰਨ ਕਤਲਾਮ ਦਾ ਸ਼ਿਕਾਰ ਹੋਏ। ਵੱਡਾ ਕਾਰਨ ਇਹ ਵੀ ਸੀ ਕਿ ਸਿੰਘਾਂ ਨੂੰ ਅਬਦਾਲੀ ਦੇ ਇਤਨਾ ਜਲਦੀ ਆਉਣ ਦੀ ਆਸ ਨਹੀਂ ਸੀ। ਦੂਜੇ ਅਬਦਾਲੀ ਪਾਸ ਕੇਵਲ ਫ਼ੌਜ ਹੀ ਸੀ, ਪਰਿਵਾਰਾਂ ਦੀ ਰਾਖੀ ਦਾ ਕੰਮ ਨਹੀਂ ਸੀ। ਸਿੰਘਾਂ ਚੁਤਰਫੀਂ ਵੈਰੀ ਦੇ ਵੀ ਆਹੂ ਲਾਹੇ ਅਤੇ ਨਾਲ-ਨਾਲ ਵਹੀਰ ਨੂੰ ਵੀ ਬਚਾ ਕੇ ਕੱਢਿਆ। ਐਸੀ ਮੁਸੀਬਤ ਸਮੇਂ ਦਿਲ ਤਕੜਾ ਕਰ ਕੇ ਅਜਿਹੀ ਕਠਿਨ ਜ਼ਿੰਮੇਵਾਰੀ ਨਿਭਾਉਣਾ ਹਾਰੀ-ਸਾਰੀ ਦਾ ਕੰਮ ਨਹੀਂ।

ਇਤਨਾ ਜਾਨੀ ਨੁਕਸਾਨ ਹੋਣ ਦੇ ਬਾਵਜੂਦ ਸਿੰਘ ਇਹ ਆਖ ਰਹੇ ਸਨ ਕਿ ਖ਼ਾਲਸਾ ਘੱਲੂਘਾਰੇ ਦੀ ਅੱਗ ਵਿੱਚ ਪੈ ਕੇ ਸ਼ੁਧ ਕੁੰਦਨ ਹੋ ਗਿਆ ਹੈ। ਮਾਲਵੇ ਦੇ ਸਿੱਖਾਂ ਆਪਣੇ ਜ਼ਖਮੀ ਭਰਾਵਾਂ ਦੀਆਂ ਮੱਲ੍ਹਮ ਪੱਟੀਆਂ ਕੀਤੀਆਂ ਤੇ ਉਨ੍ਹਾਂ ਨੂੰ ਰਾਜ਼ੀ ਕੀਤਾ। ਸਿੰਘ ਘਬਰਾਏ ਨਹੀਂ, ਦੁਰਾਨੀ ਅਜੇ ਲਾਹੌਰ ਸੀ, ਮਈ 1762 ਵਿੱਚ ਸਿੱਖਾਂ ਸਰਹੰਦ ਉੱਤੇ ਧਾਵਾ ਕੀਤਾ ਤੇ ਦੋਖੀਆਂ ਨੂੰ ਦੰਡ ਦਿੱਤਾ। 50 ਹਜ਼ਾਰ ਰੁਪਿਆ ਭੇਟਾ ਕਰ ਕੇ ਜ਼ੈਨ ਖਾਂ ਨੇ ਸਿੰਘਾਂ ਤੋਂ ਖਹਿੜਾ ਛੁਡਾਇਆ। ਸਰਹੰਦ ਤੋਂ ਦਿੱਲੀ ਪਾਸੇ ਤੱਕ ਸਿੰਘਾਂ ਦੇ ਦਲ ਮਾਰਾਂ ਮਾਰ ਰਹੇ ਸਨ ਅਤੇ ਕਿਸੇ ਨੂੰ ਹਿੰਮਤ ਨਹੀਂ ਸੀ ਕਿ ਉਹ ਇਨ੍ਹਾਂ ਨਾਲ ਆ ਕੇ ਟੱਕਰ ਲਵੇ। ਸਿੰਘ ਚਾਹੁੰਦੇ ਸਨ ਕਿ ਅਬਦਾਲੀ ਤੋਂ ਬਦਲਾ ਜ਼ਰੂਰ ਲਿਆ ਜਾਵੇ। 17 ਅਕਤੂਬਰ 1762 ਦੀ ਦੀਵਾਲੀ ਨੂੰ 60 ਹਜ਼ਾਰ ਸਿੰਘ ਅੰਮ੍ਰਿਤਸਰ ਇਕੱਠਾ ਹੋ ਕੇ ਆਇਆ। ਦੁਰਾਨੀ ਨੇ ਸੰਧੀ ਕਰਨ ਲਈ ਦੂਤ ਭੇਜਿਆ ਪਰ ਬੇਅਰਥ, ਸਿੰਘਾਂ ਕਰਾਰੇ ਹੱਥ ਦਿਖਾ ਕੇ ਸਖ਼ਤ ਭਾਂਜ ਦਿੱਤੀ ਤੇ ਉਹ ਲਾਹੌਰ ਮੁੜ ਗਿਆ। ਸਿੰਘ ਲੱਖੀ ਜੰਗਲ ਵੱਲ ਆ ਗਏ ਅਤੇ ਨਵੰਬਰ 1762 ਵਿੱਚ ਉਸ ਲੱਖੀ ਜੰਗਲ ਵੱਲ ਵੀ ਫੌਜ ਭੇਜੀ, ਪਰ ਉਹ ਸਿੰਘਾਂ ਦਾ ਕੁਝ ਨਾ ਵਿਗਾੜ ਸਕਿਆ। ਅਖ਼ੀਰ ਪ੍ਰੇਸ਼ਾਨ ਹੋ ਕੇ 10-11 ਮਹੀਨੇ ਟੱਕਰਾਂ ਮਾਰ ਕੇ ਤੇ 40 ਲੱਖ ਸਾਲਾਨਾ ਲੈਣਾ ਕਰ ਕੇ ਜਾਂਦੀ ਵਾਰੀ ਆਲਮਗੀਰ ਸਾਨੀ ਦੇ ਬੇਟੇ ਅਲੀ ਗੌਹਰ ਨੂੰ ਤਖਤ 'ਤੇ ਬਿਠਾ, ਨਜੀਬੁਦੌਲਾ ਨੂੰ ਉਸ ਦਾ ਵਜ਼ੀਰ ਥਾਪ ਕੇ ਅਤੇ ਖੁਆਜਾ ਅਬੀਦ ਖਾਂ ਨੂੰ ਹਾਕਮ ਲਾਹੌਰ ਤੇ ਕਾਬਲੀ ਮੱਲ ਨੂੰ ਉਸ ਦਾ ਦੀਵਾਨ ਬਣਾ ਅਹਿਮਦ ਸ਼ਾਹ ਦੁਰਾਨੀ 12 ਦਸੰਬਰ, 1762 ਨੂੰ ਆਪਣੇ ਵਤਨ ਅਫਗਾਨਿਸਤਾਨ ਨੂੰ ਮੁੜ ਗਿਆ। ਸਿੰਘਾਂ ਉਸ ਨੂੰ ਝਨਾਂ ਤੱਕ ਲੁੱਟਿਆ, ਦੋ ਲੱਖ ਮਰਾਠੇ ਨੂੰ ਕੁੱਟ ਕੁੱਟ ਮੂਹਰੇ ਭਜਾਉਣ ਵਾਲਾ ਅਬਦਾਲੀ ਹੈਰਾਨ ਸੀ ਕਿ ਮੈਂ ਹੁਣੇ ਹੀ ਇਸ ਕੌਮ 'ਤੇ ਕਰਾਰੀ ਸੱਟ ਮਾਰ ਕੇ ਮੁੜਿਆ ਹਾਂ, ਪਰ ਇਹ ਫਿਰ ਵੀ ਚੜ੍ਹ ਚੜ੍ਹ ਪੈਂਦੇ ਹਨ। ਦਲ ਖਾਲਸੇ ਨੇ ਪਹਿਲੇ ਵਾਂਙ ਫਿਰ ਦਿਨਾਂ ਵਿੱਚ ਹੀ ਸਾਰਾ ਪੰਜਾਬ ਆਪਣੇ ਕਬਜ਼ੇ ਕਰ ਲਿਆ।

-0-



ਕੁੱਪ ਰੋਹੀੜਾ ਵਿਖੇ ਵੱਡੇ ਘੱਲੂਘਾਰੇ ਨੂੰ ਸਮਰਪਿਤ ਉਸਾਰਿਆ ਗਿਆ ਯਾਦਗਾਰੀ ਮਿਨਾਰ

# ਸਿੱਖੀ ਦੇ ਧੁਰੇ ਤੇ, ਸਿੱਖੀ ਦੀ ਦੁਰਦਸ਼ਾ ਬਨਾਮ ਈਸਾਈਅਤ ਦਾ ਫੈਲ ਰਿਹਾ ਮੱਕੜਜਾਲ

-ਕੁਲਵੰਤ ਕੌਰ (ਡਾ.) # 98156-20515

ਦਸ ਪਾਤਿਸ਼ਾਹੀਆਂ ਦੀ ਸਰਜ਼ਮੀ, ਰਿਸ਼ੀਆਂ-ਮੁਨੀਆਂ ਦੀ ਪਵਿੱਤਰ-ਛੋਹ ਨਾਲ ਸਰਸ਼ਾਰੀ ਧਰਤੀ ਅਤੇ ਪਿੰਡ-ਪਿੰਡ, ਨਗਰ-ਨਗਰ ਉੱਸਰੇ ਹਜ਼ਾਰਾਂ ਨਹੀਂ ਲੱਖਾਂ ਗੁਰਦਵਾਰੇ (ਇਕੱਲੇ ਪਟਿਆਲਾ ਸ਼ਹਿਰ ਤੇ ਚੌਗਿਰਦੇ ਵਿਚ ਹੀ ਅਸੀਂ 180 ਗਿਣੇ ਸਨ) ਕਾਇਮ ਦਾਇਮ ਹੁੰਦਿਆਂ, ਇਸ ਵੇਲੇ 65000 ਪਾਦਰੀਆਂ ਵਲੋਂ ਪੰਜਾਬ ਦੇ ਚੱਪੇ-ਚੱਪੇ 'ਤੇ ਈਸਾਈਅਤ ਦਾ ਪ੍ਰਚਾਰ ਤੇ ਪ੍ਰਸਾਰ, ਆਖ਼ਰ ਕਿੱਧਰ ਸੰਕੇਤ ਕਰਦਾ ਹੈ? ਪਤਿਤਪੁਣੇ ਦੇ ਬੋਲਬਾਲੇ ਦੇ ਅਨੇਕ ਅਨੇਕ ਕਾਰਨ ਗਿਣਾਏ ਜਾਂਦੇ ਹਨ ਪਰ 'ਪਗੜੀ ਵਾਲੇ ਈਸਾਈ' ਜਦੋਂ ਪਿੰਡ-ਪਿੰਡ ਨਜ਼ਰੀਂ ਪੈਣ ਲੱਗ ਜਾਣ ਤਾਂ ਸਾਡੇ ਮਰਨ-ਡੁੱਬਣ ਦਾ ਸਬੱਬ ਦੂਰ ਨਹੀਂ।

ਮਾਝਾ- ਕਦੇ ਸਿੱਖੀ ਦਾ ਗੜ੍ਹ! ਮਾਝਾ-ਗੁਰੂ ਪਾਤਿਸਾਹਾਂ ਦੀ ਚਰਨ-ਛੁਹ ਨਾਲ ਵਰੋਸਾਈ ਭੋਇੰ!! ਮਾਝਾ ਜਿਹੜੀ ਬਾਬਾ-ਬੁੱਢਾ ਜੀ, ਭਾਈ ਮੰਝ, ਭਾਈ ਲੰਗਾਹ,ਭਾਈ ਬਹਿਲੋ ਅਤੇ ਹੋਰ ਬੇਹਿਸਾਬ ਗੁਰਸਿੱਖਾਂ ਤੇ ਅਨਿੰਨ ਪਿਆਰਿਆਂ ਦੀ ਧਰਤੀ ਰਹੀ ਹੈ!! ਮਾਝਾ ਜੋ ਅਨੇਕ ਅਨੇਕ ਗੁਰੂ-ਨਿਵਾਜੇ ਨਗਰਾਂ ਦੀ ਸ਼ਾਨ ਰਿਹਾ ਹੈ, ਅਜ ਈਸਾਈਅਤ ਦਾ ਗੜ੍ਹ ਬਣ ਚੁੱਕਾ ਹੈ। ਤਰਨਤਾਰਨ, ਅੰਮ੍ਰਿਤਸਰ ਅਤੇ ਗੁਰਦਾਸਪੁਰ ਤੋਂ ਮਿਲੇ ਅੰਕੜੇ ਤ੍ਰਾਹੁਣੇ ਤੇ ਸਾਹ ਸੂਤਵੇਂ ਹਨ ਜਿੱਥੇ ਪੂਰੇ ਧੜੱਲੇ ਨਾਲ ਈਸਾਈ ਧਰਮ ਦੀ ਲਹਿਰ ਚਲ ਰਹੀ ਹੈ। ਉਂਞ ਤਾਂ ਪੰਜਾਬ ਵਿਚ ਹਰ ਪਿੰਡ ਤੇ ਹਰ ਗਲੀ ਇਹ ਧਰਮ ਪਰਿਵਰਤਨ ਕੀਤਾ ਜਾ ਰਿਹਾ ਹੈ ਪਰ ਸਰਹੱਦੀ ਕਸਬਿਆਂ ਅਤੇ ਥਾਵਾਂ 'ਤੇ ਇਸ ਦੀ ਗਤੀ ਬੜੀ ਤੇਜ਼ ਹੈ। ਗ਼ੁਰਬਤ, ਬੀਮਾਰੀ, ਲਾਚਾਰੀ, ਅਨਪੜ੍ਹਤਾ ਅਤੇ ਵਿਚਾਰਗੀ ਦੀ ਆੜ ਵਿਚ, ਭੋਲੇ ਭਾਲੇ ਲੋਕਾਂ ਲਈ ਈਸਾ ਨੂੰ ਇਕ ਜਾਦੂਗਰ ਵਾਂਗ ਦੁੱਖ-ਦਰਦ ਦੂਰ ਕਰ ਦੇਣ ਵਾਲਾ ਮਸੀਹਾ ਦਰਸਾ ਕੇ, ਉਨ੍ਹਾਂ ਦੀ ਆਰਥਿਕ ਮੱਦਦ ਕਰਕੇ, ਉਨ੍ਹਾਂ ਲਈ ਘਰ ਮਕਾਨ ਛੱਤ ਕੇ ਅਤੇ ਬੀਮਾਰੀ ਦਾ ਇਲਾਜ ਕਰਕੇ, ਇਹ ਚਾਲਾਕ ਪਾਦਰੀ ਆਪਣਾ ਉੱਲੂ ਸਿੱਧਾ ਕਰ ਰਹੇ ਹਨ ਅਤੇ ਸਾਡੀਆਂ ਸ਼੍ਰੋਮਣੀ ਸੰਸਥਾਵਾਂ ਗੋਲਕਾਂ ਦੇ ਪੈਸੇ ਗਿਣ ਕੇ ਸਿਆਸਤ ਕਰਨ ਅਤੇ ਆਪਣੇ ਲਗਦਿਆਂ ਦੀ ਹਾਜ਼ਰੀ ਭਰਨ ਤੇ ਆਪਣੀ ਕੁਰਸੀ ਸਲਾਮਤ ਰੱਖਣ ਤੱਕ ਸੀਮਤ ਹੋ ਚੁੱਕੀਆਂ ਹਨ।




ਪਿਛਲੇ ਸਮੇਂ ਵਿਚ, ਆਪਣੇ ਨਾਲ ਵਾਪਰੀਆਂ ਦੋ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਕਰਕੇ 9ਨਦਿਓ “ਦਓ ਵਲੋਂ ਇਕੱਤਰਤ ਅੰਕੜਿਆਂ 'ਤੇ ਕੇਂਦਰਿਤ ਕਰਨ ਦੀ ਕੋਸ਼ਿਸ਼ ਕਰਾਂਗੀ। ਸਾਡੇ ਘਰ ਦੇ ਨੇੜੇ ਰਹਿੰਦੀ ਇਕ ਮਾਲਸ਼ਣ ਨੂੰ ਅਕਸਰ ਹੀ ਮੈਂ ਆਪਣੇ ਘਰ ਮਾਲਿਸ਼ ਲਈ ਬੁਲਾ ਲਿਆ ਕਰਦੀ ਸਾਂ ਜੋ ਦੇਸੀ ਮਾਲਿਸ਼ ਦੀ ਮੰਨੀ ਪ੍ਰਮੰਨੀ ਬੀਬੀ ਸੀ। ਇਕ ਦਿਨ ਕਹਿਣ ਲੱਗੀ ਕਿ ਮੈਂ ਬਹੁਤ ਕਾਹਲੀ ਵਿਚ ਹਾਂ ਕਿਉਂਕਿ ਮੈਂ ਗਿਰਜੇ ਜਾਣਾ ਹੈ। ਮੇਰੇ ਵਲੋਂ ਸਵਾਲ ਦਰ ਸਵਾਲ ਪੁੱਛੇ ਜਾਣ 'ਤੇ, ਇਕੋ ਗੱਲ ਸੁਣ ਕੇ ਉਹ ਇਸ ਕਦਰ ਨਾਰਾਜ਼ ਹੋ ਗਈ ਕਿ ਮੁੜ ਕੇ ਉਸ ਨੇ ਕਦੇ ਮੇਰੇ ਘਰ ਫੇਰਾ ਨਾ ਪਾਇਆ - ਮੈਂ ਕਹਿ ਬੈਠੀ ਕਿ ''ਜਿੱਥੇ ਦਾ ਤੁਸੀਂ ਖਾਂਦੇ ਹੋ ਪੀਂਦੇ ਹੋ, ਰਹਿੰਦੇ ਹੋ, ਵਰਤਦੇ ਹੋ, ਓਸ ਧਰਤੀ ਨਾਲ ਇਸ ਕਦਰ ਬੇਵਫ਼ਾਈ? ਕਿਉਂ ਗਿਰਜਾ ਘਰ ਜਾਂਦੀ ਏਂ ਤੂੰ? ਸਾਡੇ ਦੇਖਦਿਆਂ ਦੇਖਦਿਆਂ, ਤੇਰੀ ਧੀ ਨੇ ਖ਼ੁਦਕਸ਼ੀ ਕਰ ਲਈ, ਨੂੰਹ ਬੱਚੇ ਲੈ ਕੇ ਪੇਕੇ ਜਾ ਬੈਠੀ, ਛੋਟਾ ਲੜਕਾ ਪ੍ਰਦੇਸੀ ਹੋ ਕੇ ਕਦੇ ਮੁੜਿਆ ਨਹੀਂ, ਕੀ ਦਿੱਤਾ ਤੈਨੂੰ ਈਸਾਈਅਤ ਨੇ'' ਦਰਅਸਲ, ਗਿਰਜੇ ਵਾਲਿਆਂ ਨੇ ਇਹਦੀ ਛੱਤ ਪੁਆ ਕੇ ਜਿਵੇਂ ਖ਼ਰੀਦ ਲਿਆ ਹੋਵੇ ਇਸ ਟੱਬਰ ਨੂੰ ਜੋ ਹੁਣ ਕਿਸੇ ਕੀਮਤ 'ਤੇ ਵੀ ਇਸ ਤੋਂ ਅਲੱਗ ਹੋਣ ਨੂੰ ਤਿਆਰ ਨਹੀਂ। ਇਵੇਂ ਹੀ ਦੂਜਾ ਵਾਕਿਆ, ਸਨੌਰ ਲਾਗਲੇ ਇਕ ਪਿੰਡ ਦਾ ਹੈ ਜਿੱਥੇ ਅਖਬਾਰ 'ਚੋਂ ਖ਼ਬਰ ਪੜ੍ਹ ਕੇ ਮੈਂ ਆਪਣੇ ਸਾਥੀਆਂ ਸਮੇਤ ਪਿੰਡ ਦੀ ਪਛੜੀ ਹੋਈ ਬਸਤੀ ਦੇ ਇਕ ਘਰ ਵਿਚ ਪਹੁੰਚੀ ਸੀ ਜਿਸ ਦੀ ਛੱਤ ਮੀਂਹ ਵਿਚ ਡਿਗ ਚੁੱਕੀ ਸੀ ਤੇ ਉਹ ਸੱਤ ਧੀਆਂ ਵਾਲਾ ਘਰ ਸੀ ਜੋ ਬਰਸਾਤ ਵਿਚ ਲਾਗਲੇ ਗਵਾਂਢੀਆਂ ਦੇ ਘਰਾਂ ਵਿਚ ਸ਼ਰਨ ਲਈ ਬੈਠੇ ਸਨ। ਪੈਸੇ ਜਾਂ ਛੱਤ ਲਈ ਮੈਟੀਰੀਅਲ 'ਚੋਂ ਕੀ ਲੈਣਾ, ਦਾ ਫ਼ੈਸਲਾ ਕਰਨ ਵਾਲਾ, ਘਰ ਵਿਚ ਕੋਈ ਵੱਡਾ ਨਹੀਂ ਸੀ ਮੌਜੂਦ। ਧੀਆਂ ਦੇ ਮਾਪੇ ਨੇੜਲੇ ਕਿਸੇ ਗਿਰਜੇ ਵਲ ਗਏ ਹੋਏ ਸਨ ਜਿਸ ਬਾਰੇ ਉਹ ਖੁਲ ਕੇ ਨਹੀਂ ਸਨ ਦੱਸ ਰਹੀਆਂ। ਅਖ਼ੀਰ, ਅਸੀਂ ਛੱਤ ਜੋਗੇ ਪੈਸੇ ਦੇ ਕੇ ਮੁੜ ਆਏ ਤੇ ਮਹੀਨੇ ਕੁ ਬਾਅਦ ਫੇਰ ਗੇੜਾ ਮਾਰਿਆ। ਇਸ ਵਾਰ ਵੀ ਰਾਸ਼ਨ, ਪਾਣੀ ਤੇ ਹੋਰ ਨਿਕ ਸੁਕ ਦੇ ਕੇ ਅਸੀਂ ਫਿਰ ਆਪਣੇ ਅਗਲੇ ਟੂਰ 'ਤੇ ਨਿਕਲ ਗਏ।

ਅਗਲੇ ਸਾਲ ਘੱਗਰ 'ਚ ਹੜ੍ਹ ਆਇਆ ਤਾਂ ਇਹ ਇਲਾਕਾ ਵੀ ਘੱਗਰ ਦੀ ਮਾਰ ਵਾਲਾ ਬਣ ਗਿਆ। ਪਿੰਡਾਂ 'ਚ ਰਾਸ਼ਨ ਪਾਣੀ ਵੰਡਦੇ ਅਸੀਂ ਇਸ ਪਿੰਡ ਤੇ ਇਸ ਪਰਿਵਾਰ ਦੀ ਮੱਦਦ ਲਈ ਵੀ ਬਹੁੜੇ। ਸਰਪੰਚ ਤੋਂ ਪਤਾ ਲੱਗਾ ਕਿ ਇਹ ਸਾਰੀ ਬਸਤੀ ਈਸਾਈ ਬਣ ਚੁੱਕੀ ਹੈ, ਇਸ ਲਈ ਅਸੀਂ ਇਨ੍ਹਾਂ ਨਾਲ ਕੋਈ ਮੇਲ ਗੇਲ ਨਹੀਂ ਰਖਦੇ ਤੇ ਉਨ੍ਹਾਂ ਧੀਆਂ ਨੂੰ ਜਦੋਂ ਮੈਂ ਪੁੱਛਿਆ ਕਿ ਛੱਤ ਪੁਆਉਣ ਵੇਲੇ ਉਹ ਕਿਉਂ ਨਹੀਂ ਬਹੁੜੇ? ਤਾਂ ਪਤਾ ਲੱਗਾ ਕਿ ਈਸਾਈਅਤ ਨੂੰ ਪ੍ਰਣਾਏ ਪਰਿਵਾਰਾਂ ਵਿਚ ਪਾਦਰੀ ਕਿਸੇ ਹੋਰ ਦਾ ਦਾਖ਼ਲ ਬਰਦਾਸ਼ਤ ਨਹੀਂ ਕਰਦੇ ਤੇ ਗੁਰੂ ਨਾਨਕ ਨਹੀਂ ਸਿਰਫ਼ ਈਸਾ ਮਸੀਹ ਤੇ ਹੀ ਈਮਾਨ ਰੱਖਣ ਲਈ ਕਹਿੰਦੇ ਹਨ। ਐਨੀ ਮੱਦਦ ਦੇ ਬਾਵਜੂਦ, ਉਹ ਕੁੜੀਆਂ ਸਿੱਖੀ ਵਿਚ ਪਰਤਣ ਲਈ ਰਾਜ਼ੀ ਨਹੀਂ ਹੋਈਆਂ। ਕਰੋਨਾ ਦੇ ਕਰਫਿਊ ਦੌਰਾਨ, ਜਦੋਂ ਉਹ ਵਾਰ-ਵਾਰ ਮੱਦਦ ਦੀ ਗੁਹਾਰ ਲਾਉਂਦੀਆਂ ਸਨ ਤਾਂ ਦਿਲੋਂ ਮਨੋਂ ਚਾਹੁੰਦਿਆਂ ਵੀ ਅਸੀਂ ਦੋਬਾਰਾ ਉੱਧਰ ਨਹੀਂ ਗਏ ਕਿਉਂਕਿ ਮਨ ਵਿਚ ਇਕ ਰੋਸ ਸੀ ਕਿ ਆਪਣੇ ਜਾਨ ਤੋਂ ਪਿਆਰੇ ਪੰਜਾਬ ਨੂੰ ਈਸਾਈਅਤ ਵਿਚ ਰੰਗਣ ਵਾਲੇ ਇਨ੍ਹਾਂ ਮੱਕਾਰ ਲੋਕਾਂ ਨੂੰ ਦੋਵੇਂ ਹੱਥੀਂ ਸੀਰਨੀ ਕਿਉਂ ਵੰਡੀਏ। ਖ਼ੈਰ! ਇਹ ਕਹਾਣੀ ਕੇਵਲ ਇਕ ਪਿੰਡ, ਸ਼ਹਿਰ, ਬਸਤੀ ਤੇ ਇਲਾਕੇ ਦੀ ਨਹੀਂ ਰਹਿ ਗਈ, ਪੂਰਾ ਪੰਜਾਬ ਇਸੇ ਦੀ ਲਪੇਟ ਵਿਚ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੇ ਬੀਤੇ ਵਰ੍ਹੇ ਬਹੁਤ

ਸੰਜੀਦਗੀ ਨਾਲ ਇਸ ਵਬਾ ਵੱਨੀ ਧਿਆਨ ਦਿਵਾਉਣ ਦੀ ਦਲੇਰੀ ਕੀਤੀ ਸੀ ਪਰੰਤੂ ਸ਼੍ਰੋਮਣੀ ਕਮੇਟੀ ਵਾਲਿਆਂ ਨੇ ਇਸ ਗੱਲ ਨੂੰ ਅਣਗੌਲਿਆਂ ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਲਈ ਕੋਈ ਸਿਰਸੇ ਜਾਵੇ ਜਾਂ ਈਸਾਈ ਬਣ ਜਾਵੇ ਉਨ੍ਹਾਂ ਦੀਆਂ ਕੁਰਸੀਆਂ ਸਲਾਮਤ ਹਨ ਤੇ ਇਹ ਸਲਾਮਤ ਰਹਿਣੀਆਂ ਚਾਹੀਦੀਆਂ ਹਨ। ਇਸੇ ਲਈ, ਸਾਡੇ ਪ੍ਰਧਾਨ ਜੀ ਦਾ ਤਰਕ ਹੈ ਕਿ "ਲੋਕ ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਹੱਲ ਲਈ ਪਾਦਰੀਆਂ ਕੋਲ ਜਾਂਦੇ ਹਨ। ਦੇਰ-ਸਵੇਰ, ਉਨ੍ਹਾਂ ਨੂੰ ਸੱਚਾਈ ਪਤਾ ਲੱਗ ਜਾਵੇਗੀ ਤੇ ਉਹ ਆਪਣੇ ਮੂਲ ਧਰਮ ਵਲ ਮੁੜ ਆਉਣਗੇ।" 'ਘਰ-ਘਰ ਅੰਦਰ ਧਰਮਸ਼ਾਲ' ਵਾਲਾ ਗੁਰੂ ਪਾਤਿਸ਼ਾਹੀਆਂ ਦਾ ਸੁਨੇਹਾ ਆਖ਼ਰ ਕਿੱਥੇ ਗ਼ਾਇਬ ਕਰ ਦਿੱਤਾ ਗਿਆ? ਪੰਜ ਕੁ ਸਦੀਆਂ ਵਿਚ ਹੀ ਇਸ ਬ੍ਰਹਿਮੰਡੀ ਫਲਸਫ਼ੇ ਨੂੰ ਗ੍ਰਹਿਣ ਕਿਉਂ ਲਾ ਦਿੱਤਾ ਗਿਆ ਹੈ।

1873 ਵਿਚ, ਚਾਰ ਸਿੱਖ ਵਿਦਿਆਰਥੀਆਂ ਦੇ ਈਸਾਈਅਤ ਵਲ ਜਾਣ ਦੀ ਖ਼ਬਰ ਨੇ ਤਰਥੱਲੀ ਮਚਾ ਕੇ ਰੱਖ ਦਿੱਤੀ ਸੀ ਤੇ ਸਿਆਣਿਆਂ ਨੇ ਸਿਰ ਜੋੜ ਕੇ ਉਸੇ ਸਮੇਂ ਸਿੰਘ ਸਭਾ ਲਹਿਰ ਸਿਰਜ ਦਿੱਤੀ ਸੀ ਪਰ ਅੱਜ ਅਸੀਂ ਕਿੱਥੇ ਗ਼ਰਕ ਗਏ ਹਾਂ? 2011 ਦੀ ਮਰਦਮ ਸ਼ੁਮਾਰੀ ਵਿਚ ਜਿੱਥੇ ਈਸਾਈਆਂ ਦੀ ਗਿਣਤੀ 1.26 ਫੀਸਦੀ ਸੀ, ਉੱਥੇ ਹੁਣ ਇਸ ਵਿਚ ਬੇਸ਼ੁਮਾਰ ਵਾਧਾ ਹੋ ਚੁੱਕਾ ਹੈ। ਸਿੰਘ ਸਭਾ ਲਹਿਰ ਦੀ ਡੇਢਵੀਂ ਸ਼ਤਾਬਦੀ ਵੀ ਸਾਡੀਆਂ ਬਰੂਹਾਂ ਤੋਂ ਦਸਤਕ ਦੇ ਕੇ ਲੰਘ ਚੁੱਕੀ ਹੈ ਪਰ ਅਸੀਂ ਅੱਜ ਵੀ ਉਵੇਂ ਹੀ ਅਵੇਸਲੇ, ਲਾਪ੍ਰਵਾਹ ਅਤੇ ਬੇਅਸਰ ਹਾਂ ਜਿਵੇਂ ਕਿ ਪਹਿਲਾਂ ਸਾਂ। ਕਿਸੇ ਪਾਸੇ ਕੋਈ ਹਰਕਤ ਨਹੀਂ, ਪ੍ਰਚਾਰ ਨਹੀਂ, ਫ਼ਿਕਰ ਨਹੀਂ ਤੇ ਯੋਜਨਾ ਨਹੀਂ ਹੈ। ਦੂਜੇ ਪਾਸੇ, ਜੋ ਕੁਝ ਧੜੱਲੇ ਨਾਲ ਪਾਦਰੀ ਕਰ ਰਹੇ ਹਨ, ਓਸ 'ਤੇ ਇਕ ਨਜ਼ਰ ਪਾ ਲੈਣੀ, ਬਹੁਤ ਜ਼ਰੂਰੀ ਹੈ।

'ਇੰਡੀਆ ਟੂਡੇ' ਇਕ ਭਰੋਸੇਯੋਗ ਰਸਾਲਾ ਹੈ। ਇਸ ਦੀ ਕਾਰਜ ਕੁਸ਼ਲਤਾ ਪ੍ਰਵਾਨਿਤ ਰਹੀ ਹੈ। ਇਸ ਵਲੋਂ ਕੀਤੇ ਸਰਵੇਖਣ ਅਨੁਸਾਰ, 'ਪੰਜ ਪਿਆਰਿਆਂ ਦੀ ਧਰਤੀ', ਹੁਣ 'ਪਗੜੀਧਾਰੀ ਈਸਾਈਆਂ' ਨੇ ਹੜੱਪ ਲਈ ਹੈ ਜਿਨ੍ਹਾਂ ਦਾ ਜਾਲ ਪੰਜਾਬ ਦੇ ਚੱਪੇ-ਚੱਪੇ 'ਤੇ ਵਿਛਿਆ ਹੋਇਆ ਹੈ। ਇਸ ਮੈਗਜ਼ੀਨ ਨੇ ਤੌਖਲਾ ਜ਼ਾਹਿਰ ਕੀਤਾ ਹੈ ਕਿ ਜੇਕਰ ਜ਼ਿੰਮੇਵਾਰ ਸੰਸਥਾਵਾਂ ਨੇ ਕੋਈ ਉਚੇਚੀ ਚਾਰਾਗੋਈ ਨਾ ਕੀਤੀ ਤਾਂ ਇਸ ਦੇ ਬਹੁਤ ਤਬਾਹਕੁਨ ਨਤੀਜੇ ਹੋ ਸਕਦੇ ਹਨ। 2022 ਦੀਆਂ ਵਿਧਾਨ ਸਭਾਵੀ ਚੋਣਾਂ ਵੇਲੇ ਵੀ ਇੱਥੇ ਇਕ ਵਰਗ ਆਪਣੇ ਆਪ ਨੂੰ ਦਲਿਤ ਵੀ ਐਲਾਨ ਰਿਹਾ ਸੀ ਤੇ ਈਸਾਈ ਵੀ ਕਿਉਂਕਿ ਦਲਿਤਾਂ ਦਾ ਧਰਮ ਬਦਲ ਕੇ ਹੀ ਇਨ੍ਹਾਂ ਨੂੰ ਈਸਾਈ ਬਣਾਇਆ ਜਾ ਰਿਹਾ ਸੀ। ਵੋਟ-ਬੈਂਕ ਦੀ ਨੀਤੀ ਕਾਰਨ, ਨਾ ਸਰਕਾਰਾਂ ਇਸ ਪੱਖੋਂ ਗੰਭੀਰ ਹਨ ਤੇ ਨਾ ਧਾਰਮਿਕ ਸੰਸਥਾਵਾਂ। ਇੰਡੀਆ ਟੂਡੇ ਦੀ ਟੀਮ, ਜਲੰਧਰ ਜ਼ਿਲ੍ਹੇ ਦੇ ਖਾਂਬੜਾ ਪਿੰਡ ਪਹੁੰਚੀ ਜਿੱਥੇ ਹਰੇਕ ਐਤਵਾਰ ਨੂੰ ਮੋਟਰਸਾਇਕਲਾਂ ਤੋਂ ਲੈ ਕੇ ਕਾਰਾਂ ਤੇ ਕਿਰਾਏ ਤੇ ਲਿਆਂਦੀਆਂ ਬੱਸਾਂ ਵਿਚ ਸਵਾਰ ਹੋ ਕੇ ਸ਼ਰਧਾਲੂ ਇੱਥੋਂ ਦੇ ਗਿਰਜਾ ਘਰ ਵਿਚ ਆ ਰਹੇ ਸਨ। ਆ ਰਹੇ ਇਨ੍ਹਾਂ ਹਜ਼ਾਰਾਂ ਲੋਕਾਂ ਨੂੰ ਇੱਥੇ ਲਿਆਉਣ ਵਾਲਾ ਪਾਦਰੀ ਅੰਕੁਰ ਨਰੂਲਾ ਹੈ। ਹਿੰਦੂ ਖੱਤਰੀ ਪਰਿਵਾਰ ਵਿਚ ਜਨਮਿਆ ਨਰੂਲਾ 2008 ਵਿਚ ਈਸਾਈ ਬਣ ਗਿਆ ਸੀ। ਫਿਰ 'ਅੰਕੁਰ ਨਰੂਲਾ ਮਨਿਸਟਰੀ' ਸਥਾਪਿਤ ਕੀਤੀ ਤੇ ਨਾਲ ਹੀ 'ਚਰਚ ਆਫ਼ ਸਾਇੰਸ ਐਂਡ ਵੰਡਰਜ' ਸ਼ੁਰੂ ਕੀਤਾ। ਖਾਂਬੜੇ ਪਿੰਡ ਵਿਚ, 65 ਏਕੜ ਵਿਚ ਫੈਲਿਆ ਅਤੇ ਬਣ ਰਿਹਾ ਨਵਾਂ ਚਰਚ, ਕਿਹਾ ਜਾ ਰਿਹਾ ਹੈ ਕਿ ਏਸ਼ੀਆ ਦਾ ਸਭ ਤੋਂ ਵੱਡਾ ਚਰਚ ਹੋਵੇਗਾ। ਇਸ ਤੋਂ ਇਲਾਵਾ, ਪੰਜਾਬ ਦੇ ਨੌਂ ਜ਼ਿਲ੍ਹਿਆਂ, ਬਿਹਾਰ, ਬੰਗਾਲ, ਅਮਰੀਕਾ, ਕੈਨੇਡਾ, ਜਰਮਨੀ ਤੇ ਲੰਡਨ ਵਿਚ ਵੀ ਉਸ ਦੇ ਟਿਕਾਣੇ ਹਨ। 2011 ਦੀ ਮਰਦਮ ਸ਼ੁਮਾਰੀ ਅਨੁਸਾਰ, ਪੂਰੇ ਪੰਜਾਬ ਵਿਚ ਤਿੰਨ ਲੱਖ ਅਠਤਾਲੀ ਹਜ਼ਾਰ ਈਸਾਈ ਰਹਿੰਦੇ ਸਨ ਪਰੰਤੂ ਹੁਣ ਇਕੱਲੀ ਨਰੂਲਾ ਮਨਿਸਟਰੀ ਨਾਲ ਹੀ ਤਿੰਨ ਲੱਖ ਤੋਂ ਜ਼ਿਆਦਾ ਲੋਕ ਜੁੜੇ ਹੋਏ ਦੱਸੇ ਜਾਂਦੇ ਹਨ। ਜਲੰਧਰ ਤੋਂ ਬਾਅਦ, ਗੁਰੂ-ਨਗਰੀ ਅੰਮ੍ਰਿਤਸਰ ਦਾ ਜ਼ਿਕਰ ਕੀਤਾ ਜਾਣਾ ਬਣਦਾ ਹੈ ਜਿੱਥੇ ਸਹਿੰਸਰਾ ਕਲਾ (ਜੋ ਮਹਾਨ ਇਨਕਲਾਬੀ ਸ੍ਰ. ਗੁਰਚਰਨ ਸਿੰਘ ਸਹਿੰਸਰਾ ਜੀ ਦਾ ਜੱਦੀ ਪਿੰਡ ਹੈ) ਦੀਆਂ ਤੰਗ ਗਲੀਆਂ ਵਿਚ ਬਣਿਆ ਗਿਰਜਾਘਰ ਧਰਮ ਪਰਿਵਰਤਨ ਦਾ ਧੁਰਾ ਬਣ ਚੁੱਕਾ ਹੈ। ਇਕ ਪੁਲੀਸ ਮੁਲਾਜ਼ਮ (ਸਰਦਾਰ) ਇਸ ਦਾ ਕਰਤਾ ਧਰਤਾ ਦੱਸਿਆ ਜਾ ਰਿਹਾ ਹੈ।

ਪੰਜਾਬ ਵਿਚ ਭਾਵੇਂ ਧਰਮ ਪਰਿਵਰਤਨ ਕੋਈ ਅਸਲੋਂ ਨਵੀਂ ਗੱਲ ਨਹੀਂ ਪਰੰਤੂ ਹੁਣ ਇਸ ਦੇ ਨਵੇਂ-ਨਵੇਂ ਬਣੇ ਪਾਦਰੀ ਸਰਦਾਰ ਢਿੱਲੋਂ, ਸੰਧੂ, ਮਿੱਤਲ, ਰਾਣਾ ਅਤੇ ਹੋਰ ਅਨੇਕ ਸਿੱਖ ਚਿਹਰੇ ਹਨ ਜੋ ਧੜਾਧੜ ਪਗੜੀਧਾਰੀ ਈਸਾਈ ਪੈਦਾ ਕਰਨ ਦੀ ਕਰਤੂਤ ਕਰ ਰਹੇ ਹਨ। ਡਾਕਟਰ, ਇੰਜੀਨੀਅਰ, ਵਕੀਲ, ਪੁਲੀਸ ਕਰਮੀ, ਕਾਰੋਬਾਰੀ ਤੇ ਜ਼ਿਮੀਦਾਰ, ਕੋਈ ਵੀ ਵਰਗ ਅਜਿਹਾ ਨਹੀਂ ਬਚਿਆ ਜੋ ਇਸ ਵਬਾ ਤੋਂ ਬਚ ਸਕਿਆ ਹੋਵੇ। ਕਪੂਰਥਲੇ ਜ਼ਿਲ੍ਹੇ ਦੇ ਖੋਜੇਵਾਲ ਪਿੰਡ ਵਿਚ, ਸੁਣਿਆ ਹੈ ਕਿ ਓਪਨ ਡੋਰ ਚਰਚ ਬਣਿਆ ਹੈ ਜੋ ਯੋਰਪੀ ਪ੍ਰੋਟੈਸਟੈਂਟ ਡਿਜ਼ਾਈਨ ਦਾ ਹੈ। ਇਵੇਂ ਹੀ ਬਟਾਲਾ ਦੇ ਹਰਪੁਰਾ ਪਿੰਡ ਦਾ ਪਾਦਰੀ ਜੱਟ ਸਿੱਖ ਹੈ। ਬਨੂੜ ਵਿਚ ਬਣੇ ਚਰਚ ਆਫ਼ ਪੀਸ ਦਾ ਇੰਚਾਰਜ ਮਿੱਤਲ ਹੈ ਤੇ ਚਮਕੌਰ ਸਾਹਿਬ (ਸ਼ਹੀਦ ਸਿੰਘਾਂ ਤੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤਗਾਹ) ਦਾ ਪਾਦਰੀ ਮਜ਼ਹਬੀ ਸਿੱਖ ਹੈ। ਪੰਜਾਬ ਵਿਚ ਸਿੱਖਾਂ ਨੂੰ ਈਸਾਈ ਬਣਾਉਣ ਦੀ ਪ੍ਰਕਿਰਿਆ ਜ਼ੋਰ ਸ਼ੋਰ ਨਾਲ ਚਲ ਰਹੀ ਹੈ। ਮਾਝੇ ਤੋਂ ਬਾਅਦ, ਹੁਣ ਦੋਆਬਾ ਤੇ ਮਾਲਵਾ ਵੀ ਹੁਣ ਇਸ ਚੱਕਰ ਤੋਂ ਅਛੂਤੇ ਨਹੀਂ ਰਹੇ। ਸਰਹੱਦੀ ਇਲਾਕਿਆਂ ਵਿਚ ਜਿੱਥੇ ਇਹ ਚਾਲ ਬਹੁਤ ਤੇਜ਼ ਹੈ, ਉੱਥੇ ਇਕ ਮੋਟੇ ਅਨੁਮਾਨ ਅਨੁਸਾਰ, 65000 ਪਾਦਰੀ, ਦਿਨ ਰਾਤ ਇਸੇ ਗਤੀਵਿਧੀ ਵਿਚ ਰੁੱਝੇ ਹੋਏ ਹਨ। ਕੀ ਸਾਡੀ ਅਖੌਤੀ ਸ਼੍ਰੋਮਣੀ ਕਮੇਟੀ ਕੋਲ 65 ਵੀ ਅਜਿਹੇ ਸਿਰੜੀ, ਸਿਦਕੀ, ਮਿਹਨਤੀ, ਲਗਨ ਵਾਲੇ ਤੇ ਪ੍ਰਤਿਬੱਧ ਪ੍ਰਚਾਰਕ ਹਨ? ਤਰਨ ਤਾਰਨ, ਅੰਮ੍ਰਿਤਸਰ ਤੇ ਚਮਕੌਰ ਸਾਹਿਬ ਵਰਗੇ ਸਿੱਖੀ 'ਚ ਗੜੁੱਚ ਰਹੇ ਇਲਾਕਿਆਂ ਵਿਚ ਇਹ ਧਰਮ ਪਰਿਵਰਤਨ ਹੋਣ ਵੇਲੇ, ਸਾਡੇ ਚੌਧਰੀ ਕਿੱਥੇ ਗ਼ਰਕੇ ਬੈਠੇ ਸਨ? ਇੰਞ ਜਿੱਥੇ 2011 ਦੀ ਮਰਦਮ ਸ਼ੁਮਾਰੀ ਅਨੁਸਾਰ ਪੂਰੇ ਪੰਜਾਬ ਵਿਚ 1.26 ਫੀਸਦੀ ਇਸਾਈ ਸਨ, ਉੱਥੇ 2021 ਤੱਕ ਇਹ ਵਾਧਾ 102.73 ਫੀਸਦੀ ਦਰਜ ਕੀਤਾ ਗਿਆ ਹੈ। ਅਰਥਾਤ ਧੜਾਧੜ ਤੇ ਧੜੱਲੇ ਨਾਲ ਸਿੱਖੀ ਦਾ ਖ਼ਾਤਮਾ ਕੀਤਾ ਜਾ ਰਿਹਾ ਹੈ ਤੇ ਉਹ ਵੀ ਉਸ ਧਰਤੀ 'ਤੇ ਜਿੱਥੇ ਹਰ ਜ਼ੱਰੇ ਜ਼ੱਰੇ 'ਤੇ ਸਤਿਗੁਰੂ ਸਾਹਿਬਾਨ ਦੇ ਚਰਨ ਪਏ ਸਨ ਤੇ ਥਾਂ-ਥਾਂ ਗੁਰਦਵਾਰੇ ਸੁਸ਼ੋਭਿਤ ਹਨ। ਕੀ ਇਹ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਅਣਗਹਿਲੀ ਤੇ ਨਾਲਾਇਕੀ ਨਹੀਂ? ਕਿੱਥੇ ਹਨ ਇਸ ਦੇ ਪ੍ਰਚਾਰਕ? ਕਿੱਥੇ ਹਨ ਗੁਦਵਾਰਿਆਂ 'ਚ ਬੈਠੇ ਮਹੰਤ? ਕੀ ਕਦੇ ਕਿਸੇ ਨੇ ਇਹ ਚਿੱਠਾ ਫੋਲਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿਉਂ ਲੋਕ ਵਾਹੋਦਾਹੀ ਈਸਾਈ ਬਣਦੇ ਜਾ ਰਹੇ ਹਨ? ਇਹੀ ਉਹੀ ਇਲਾਕਾ ਹੈ ਜਿੱਥੇ ਕਦੇ ਸਖੀ ਸਰਵਰਾਂ ਦੇ ਸ਼ਾਗਿਰਦ ਰਹੇ ਭਾਈ ਲੰਗਾਹ ਜੀ, ਪੰਚਮ ਨਾਨਕ ਦੀ ਸ਼ਰਨ ਵਿਚ ਆ ਕੇ ਅਮਰਤਾ ਪ੍ਰਾਪਤ ਕਰ ਗਏ ਹਨ ਤੇ ਉਨ੍ਹਾਂ ਦੀ ਵੰਸ਼ਜ਼, ਮਾਈ ਭਾਗੋ ਜੀ ਨੇ ਇਸ ਦੇਸ਼ ਦੇ ਇਤਿਹਾਸ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ ਸੀ।

ਕੁੱਝ ਸਮਾਂ ਪਹਿਲਾਂ 'ਨਿਊਜ਼ ਨੇਸ਼ਨ ਨੇ' 'ਯੂਨਾਈਟਿਡ ਕਰਿਸ਼ੀਅਨ ਫਰੰਟ' ਦੇ ਅੰਕੜਿਆਂ 'ਤੇ ਗ਼ੌਰ ਕਰਦਿਆਂ ਦੱਸਿਆ ਸੀ ਕਿ ਪੰਜਾਬ ਦੇ 12000 ਤੋਂ ਜ਼ਿਆਦਾ ਪਿੰਡਾਂ 'ਚੋਂ 8000 ਪਿੰਡਾਂ ਵਿਚ ਈਸਾਈਆਂ ਦੀਆਂ ਮਜ਼ਹਬੀ ਸੰਮਤੀਆਂ ਬਣ ਚੁੱਕੀਆਂ ਹਨ ਤੇ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹਿਆਂ ਵਿਚ, ਚਾਰ ਈਸਾਈ ਫ਼ਿਰਕਿਆਂ ਦੇ 600 ਤੋਂ 700 ਤੱਕ ਚਰਚ ਬਣ ਚੁੱਕੇ ਹਨ ਜਿਨਾਂ ਵਿਚੋਂ, ਪਿਛਲੇ ਪੰਜ ਸਾਲਾਂ ਵਿਚ 60 ਤੋਂ 70 ਫੀਸਦੀ ਹੋਂਦ ਵਿਚ ਆਏ ਹਨ। ਸੋ, ਇਸ ਵੇਲੇ ਪੰਜਾਬ ਦੀ ਹਾਲਤ ਤਾਮਿਲਨਾਡੂ ਵਰਗੇ ਦੱਖਣੀ ਰਾਜ ਜਿਹੀ ਬਣ ਚੁੱਕੀ ਹੈ। 1980 ਤੋਂ ਬਾਅਦ ਉੱਥੇ ਇਹੋ ਜਿਹੇ ਹਾਲਾਤ ਬਣੇ ਸਨ ਪਰ ਉੱਥੇ ਅੱਜ ਕੇਵਲ 6.2 ਫੀਸਦੀ ਈਸਾਈ ਹਨ ਜਦੋਂ ਕਿ ਸਾਰੇ ਉੱਤਰ ਪੂਰਬੀ ਰਾਜਾਂ ਵਿਚ 90 ਫੀਸਦੀ ਵਾਸੀ ਈਸਾਈਆਂ ਨੇ ਆਪਣੇ ਵੱਸ ਕਰ ਲਏ ਹਨ। ਪੰਜ ਪਿਆਰਿਆਂ ਦੀ ਜ਼ਮੀਨ 'ਤੇ, ਦੇਖਦੇ ਹੀ ਦੇਖਦੇ, ਇਹ ਪਗੜੀ ਵਾਲੇ ਈਸਾਈ ਕਿਵੇਂ ਛਾ ਗਏ ਹਨ, ਇਹ ਬੇਹੱਦ ਚਿੰਤਾ, ਫਿਕਰ, ਗੌਲਣ, ਵਿਚਾਰਨ ਤੇ ਆਤਮ ਮੰਥਨ ਦਾ ਵਿਸ਼ਾ ਹੈ। ਪੰਜਾਬ ਦਾ ਜਿਹੜਾ ਸਰਬਨਾਸ਼ ਪਿਛਲੇ ਕੁਝ ਦਹਾਕਿਆਂ ਵਿਚ ਨਿਰੰਤਰ ਹੁੰਦਾ ਆ ਰਿਹਾ ਹੈ, ਈਸਾਈਅਤ ਦੀ ਚੜ੍ਹਤ ਵੀ ਉਸੇ ਵਿਨਾਸ਼, ਤਬਾਹੀ ਅਤੇ ਉਜਾੜੇ ਦੀ ਹੀ ਇਕ ਕੜੀ ਹੈ। 'ਐ ਪੰਜਾਬ! ਕਰਾਂ ਕੀ ਸਿਫ਼ਤ ਤੇਰੀ' ਨੂੰ ਵਾਕਈ ਕਿਸੇ ਚੰਦਰੇ ਦੀ ਨਜ਼ਰ ਲੱਗ ਗਈ ਹੈ।

-0-

11 ਫਰਵਰੀ ਜਨਮ ਦਿਹਾੜੇ 'ਤੇ ਵਿਸ਼ੇਸ਼

# ਬਹਾਦਰ ਯੋਧੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ

ਗੁਰੂ ਨਾਨਕ ਪਾਤਸ਼ਾਹ ਜੀ ਦੀ 10 ਵੀਂ ਜੋਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਫ਼ਰਜ਼ੰਦ ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਸੰਮਤ 1743 (ਦੇਸੀ ਮਹੀਨਾ 23 ਮਾਘ) ਮੁਤਾਬਕ 26 ਜਨਵਰੀ 1687 ਈ. ਨੂੰ ਹਿਮਾਚਲ ਪ੍ਰਦੇਸ਼ ਦੇ ਰਮਣੀਕ ਸਥਾਨ ਪਾਉਂਟਾ ਸਾਹਿਬ ਵਿਖੇ ਹੋਇਆ। ਛੋਟੀ ਵਰੇਸ (ਅਵਸਥਾ) ਵਿਚ ਵਡੇਰੀ ਕੁਰਬਾਨੀ ਸਦਕਾ ਸਿੱਖ ਸਮਾਜ 'ਚ ਉਨ੍ਹਾਂ ਨੂੰ ਸਤਿਕਾਰ ਵਜੋਂ ਬਾਬਾ ਅਜੀਤ ਸਿੰਘ ਜੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

15 ਅਪ੍ਰੈਲ 1687 ਨੂੰ ਪਹਾੜੀ ਰਾਜਿਆਂ ਵੱਲੋਂ ਜਦ ਗੁਰੂ ਗੋਬਿੰਦ ਸਿੰਘ ਜੀ ਨਾਲ ਪਹਿਲਾ ਭੰਗਾਣੀ ਯੁੱਧ ਹੋਇਆ ਤਾਂ ਇਸ ਵਿੱਚ ਹੋਈ ਜਿੱਤ ਸਦਕਾ ਬਾਬਾ ਜੀ ਦਾ ਨਾਮ ਵੀ ਅਜੀਤ ਸਿੰਘ ਰੱਖਿਆ ਗਿਆ, ਜਿਨ੍ਹਾਂ ਦੀ ਉਮਰ ਤਦ ਤਿੰਨ ਮਹੀਨਿਆਂ ਤੋਂ ਵੀ ਘੱਟ ਸੀ।

ਛੋਟੀ ਉਮਰ ਵਿਚ ਹੀ ਬਾਬਾ ਜੀ ਕਾਫ਼ੀ ਚੁਸਤ ਤੇ ਚਲਾਕ ਬਿਰਤੀ ਦੇ ਮਾਲਕ ਸਨ। ਜਿੱਥੇ ਉਨ੍ਹਾਂ ਗੁਰਬਾਣੀ ਨੂੰ ਗਹਿਰਾਈ ਨਾਲ ਵੀਚਾਰਿਆ ਉੱਥੇ ਸ਼ਸਤਰ ਵਿੱਦਿਆ 'ਚ ਵੀ ਨਿਪੁਨਤਾ ਹਾਸਲ ਕੀਤੀ। ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਆਪਣੀ ਆਯੂ ਦਾ ਜ਼ਿਆਦਾਤਰ ਭਾਗ ਗੁਰੂ ਗੋਬਿੰਦ ਸਿੰਘ ਜੀ ਦੀ ਛਤਰ-ਛਾਇਆ ਹੇਠ ਆਨੰਦਪੁਰ ਸਾਹਿਬ ਵਿਖੇ ਹੀ ਬਤੀਤ ਕੀਤਾ।

23 ਮਈ 1699 ਈ: ਨੂੰ ਬਾਬਾ ਅਜੀਤ ਸਿੰਘ, 100 ਸਿੰਘਾਂ ਦੇ ਜਥੇ ਦੀ ਅਗਵਾਈ ਕਰਦੇ ਹੋਏ ਆਨੰਦਪੁਰ ਸਾਹਿਬ ਦੇ ਨੇੜਲੇ ਪਿੰਡ ਨੂਹ ਵਿਖੇ ਪਹੁੰਚ ਗਏ, ਜਿੱਥੇ ਉਨ੍ਹਾਂ ਉਥੋਂ ਦੇ ਰੰਗੜਾਂ ਨੂੰ ਚੰਗਾ ਸਬਕ ਸਿਖਾਇਆ ਜਿਨ੍ਹਾਂ ਨੇ ਪੋਠੋਹਾਰ ਦੀਆਂ ਸੰਗਤਾਂ ਨੂੰ ਆਨੰਦਪੁਰ ਆਉਣ ਸਮੇਂ ਲੁੱਟਿਆ ਸੀ।

29 ਅਗਸਤ 1700 ਈ: ਨੂੰ ਜਦੋਂ ਪਹਾੜੀ ਰਾਜਿਆਂ ਨੇ ਤਾਰਾਗੜ੍ਹ ਕਿਲ੍ਹੇ ਉੱਤੇ ਹਮਲਾ ਕੀਤਾ ਤਾਂ ਬਾਬਾ ਜੀ ਨੇ ਬੜੀ ਸੂਰਬੀਰਤਾ ਨਾਲ ਉਨ੍ਹਾਂ ਦਾ ਸਾਹਮਣਾ ਕੀਤਾ। ਅਕਤੂਬਰ ਦੇ ਆਰੰਭਲੇ ਦਿਨਾਂ ਵਿਚ ਜਦੋਂ ਪਹਾੜੀ ਰਾਜਿਆ ਨੇ ਨਿਰਮੋਹਗੜ੍ਹ 'ਤੇ ਧਾਵਾ ਬੋਲਿਆ ਤਾਂ ਉਸ ਵਕਤ ਵੀ ਸਾਹਿਬਜ਼ਾਦਾ ਅਜੀਤ ਸਿੰਘ ਨੇ ਦਸਮ ਪਿਤਾ ਦਾ ਡੱਟਵਾਂ ਸਾਥ ਦਿੱਤਾ।

ਇਕ ਦਿਨ ਕਲਗੀਧਰ ਪਾਤਸ਼ਾਹ ਦਾ ਦਰਬਾਰ ਸੱਜਿਆ ਹੋਇਆ ਸੀ। ਇਕ ਗਰੀਬ ਬ੍ਰਾਹਮਣ ਦੇਵਦਾਸ ਰੋਂਦਾ-ਕੁਰਲਾਉਂਦਾ ਹੋਇਆ ਦਰਬਾਰ 'ਚ ਆ ਕੇ ਕਹਿਣ ਲੱਗਾ 'ਮੈਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੱਸੀ ਦਾ ਰਹਿਣ ਵਾਲਾ ਹਾਂ। ਪਿੰਡ ਦੇ ਪਠਾਣਾਂ ਨੇ ਮੇਰੇ ਨਾਲ ਧੱਕੇਸ਼ਾਹੀ ਕੀਤੀ ਹੈ। ਮੇਰੀ ਕੁੱਟਮਾਰ ਕਰਕੇ ਮੇਰੀ ਧਰਮ-ਪਤਨੀ ਵੀ ਮੇਰੇ ਕੋਲੋਂ ਖੋਹ ਲਈ ਹੈ। ਹੋਰ ਕਿਸੇ ਨੇ ਮੇਰੀ ਫ਼ਰਿਆਦ ਵੱਲ ਕੋਈ ਧਿਆਨ ਨਹੀਂ ਦਿੱਤਾ। ਗੁਰੂ ਨਾਨਕ ਦਾ ਦਰ ਹਮੇਸ਼ਾਂ ਹੀ ਨਿਮਾਣਿਆਂ ਦਾ ਮਾਣ ਬਣਦਾ ਆ ਰਿਹਾ ਹੈ, ਸੋ ਕਿਰਪਾ ਕਰੋ ਮੇਰੀ ਇੱਜ਼ਤ ਮੈਨੂੰ ਵਾਪਸ ਦਿਵਾ ਦਿਉ। ਮੈਂ ਸਦਾ ਵਾਸਤੇ ਗੁਰੂ ਨਾਨਕ ਦੇ ਘਰ ਦਾ ਰਿਣੀ ਰਹਾਂਗਾ।'

ਗੁਰੂ ਸਾਹਿਬ ਨੇ ਸਾਹਿਬਾਜ਼ਾਦਾ ਅਜੀਤ ਸਿੰਘ ਨੂੰ ਕਿਹਾ ਕਿ ਪੁੱਤਰ ਜੀ ਕੁੱਝ ਸਿੰਘਾਂ ਨੂੰ ਨਾਲ ਲੈ ਕੇ ਜਾਉ ਅਤੇ ਜਾਬਰ ਖਾਂ ਤੋਂ ਇਸ ਮਜ਼ਲੂਮ ਦੀ ਤੀਵੀਂ ਛੁਡਾ ਕੇ ਲਿਆਉ। ਸਾਹਿਬਜ਼ਾਦਾ ਅਜੀਤ ਸਿੰਘ ਨੇ 100 ਘੋੜ ਸਵਾਰ ਸਿੰਘਾਂ ਦਾ ਜਥਾ ਨਾਲ ਲੈ ਕੇ ਬੱਸੀ ਪਿੰਡ 'ਤੇ ਧਾਵਾ ਬੋਲ ਦਿੱਤਾ। ਜਾਬਰ ਖਾਂ ਦੀ ਹਵੇਲੀ ਨੂੰ ਜਾ ਘੇਰਿਆ ਅਤੇ ਗਰੀਬ ਬ੍ਰਾਹਮਣ ਦੀ ਪਛਾਣ 'ਤੇ ਉਸ ਦੀ ਅਬਲਾ ਪਤਨੀ ਨੂੰ ਜਾਲਮ ਦੇ ਪੰਜੇ 'ਚੋ ਛੁਡਾ ਲਿਆ। ਪਿੰਡ 'ਤੇ ਹਮਲੇ ਸਮੇਂ ਕਸੂਰਵਾਰ ਨੂੰ ਛੱਡ ਕੇ ਕਿਸੇ ਹੋਰ ਦਾ ਕੋਈ ਨੁਕਸਾਨ ਨਹੀਂ ਹੋਇਆ।

ਮਨੋਰਥ ਦੀ ਸਿੱਧੀ ਤੋਂ ਬਾਅਦ ਜਦੋਂ ਸ੍ਰੀ ਆਨੰਦਪੁਰ ਸਾਹਿਬ ਵਿਖੇ ਆਏ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਜੀ ਨੂੰ ਬੜਾ ਹੀ ਸਤਿਕਾਰ ਬਖ਼ਸ਼ਿਆ। ਫ਼ਰਿਆਦੀ ਦੀ ਪਤਨੀ ਉਸ ਦੇ ਹਵਾਲੇ ਕੀਤੀ ਗਈ ਅਤੇ ਕੁਕਰਮੀ ਜਾਬਰ ਖਾਂ ਨੂੰ ਢੁੱਕਵੀ ਸਜ਼ਾ ਦਿੱਤੀ ਗਈ।

ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਏ ਮੁਗਲਾਂ ਅਤੇ ਪਹਾੜੀਆਂ ਦੇ ਹਮਲਿਆਂ ਦਾ ਸਾਹਿਬਜ਼ਾਦਾ ਅਜੀਤ ਸਿੰਘ ਨੇ ਬੜੇ ਹੀ ਦਲੇਰਾਨਾ ਅਤੇ ਸੂਝਪੂਰਵਕ ਢੰਗ ਨਾਲ ਸਾਹਮਣਾ ਕੀਤਾ। ਆਨੰਦਪੁਰ ਸਾਹਿਬ ਦੀ ਛੇਕੜਲੀ ਲੜਾਈ ਸਮੇਂ ਪਹਾੜੀ ਰਾਜਿਆਂ ਤੇ ਮੁਗਲਾਂ ਦੀਆਂ ਸਾਂਝੀਆਂ ਫੌਜਾਂ ਨੇ ਆਨੰਦਪੁਰ ਸਾਹਿਬ ਨੂੰ ਅੱਧੇ ਸਾਲ ਤੋਂ ਵੱਧ ਸਮਾਂ ਘੇਰਾ ਪਾਈ ਰੱਖਿਆ। ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਬਾਜਾਂ ਵਾਲੇ ਮਾਹੀ ਨੇ ਆਪਣੇ ਪਿਤਾ (ਗੁਰੂ ਤੇਗ ਬਹਾਦਰ) ਦੁਆਰਾ ਵਸਾਈ ਨਗਰੀ ਨੂੰ ਦਸੰਬਰ 1704 ਈ. ਨੂੰ ਛੱਡ ਜਾਣ ਦਾ ਫੈਸਲਾ ਕਰ ਲਿਆ। ਗੁਰੂ ਪਰਿਵਾਰ ਅਤੇ ਖਾਲਸਾ ਫੌਜ ਅਜੇ ਸਰਸਾ ਨਦੀ ਦੇ ਨਜਦੀਕ ਹੀ ਪਹੁੰਚੇ ਸਨ ਕਿ ਦੁਸ਼ਮਣ ਦੀ ਫੌਜ ਨੇ ਆ ਹਮਲਾ ਕੀਤਾ।

ਸਾਹਿਬਜ਼ਾਦਾ ਅਜੀਤ ਸਿੰਘ ਦੀ ਕਮਾਂਡ ਹੇਠ ਕੁੱਝ ਸ਼ੇਰਦਿਲ ਸਿੰਘਾਂ ਲੇ ਦੁਸ਼ਮਣ ਦੇ ਟਿੱਡੀ ਦਲ ਨੂੰ ਉਨ੍ਹਾਂ ਚਿਰ ਤੱਕ ਰੋਕੀ ਰੱਖਿਆ ਜਦ ਤੱਕ ਗੁਰੂ ਪਿਤਾ ਸਮੇਤ ਵੱਡਾ ਜਥਾ ਸਰਸਾ ਨਦੀ ਪਾਰ ਕਰਨ ਲਈ ਨਦੀ 'ਚ ਨਹੀਂ ਬੜ ਗਏ। ਪਿੱਛੋਂ ਉਹ ਆਪਣੇ ਸਾਥੀਆਂ ਸਮੇਤ ਆਪ ਵੀ ਨਦੀ ਪਾਰ ਕਰ ਗਏ।

ਨਦੀ ਪਾਰ ਕਰਨ ਤੋਂ ਬਾਅਦ ਗੁਰੂ ਸਾਹਿਬ 40 ਕੁ ਸਿੰਘਾਂ ਸਮੇਤ ਚਮਕੌਰ ਸਾਹਿਬ ਵਿਖੇ ਚੋਧਰੀ ਬੁਧੀ ਚੰਦ ਦੀ ਇਕ ਗੜ੍ਹੀਨੁਮਾ ਕੱਚੀ ਹਵੇਲੀ 'ਚ ਸ਼ਰਨ ਲੈ ਲਈ। ਇਸ ਗੜ੍ਹੀ ਵਿਚਲੀ ਓਟ ਸਦਕਾ ਗੁਰੂ ਸਾਹਿਬ ਨੇ ਦੁਸ਼ਮਣ ਦੀ ਫੌਜ ਨਾਲ ਲੋਹਾ ਲੈਣ ਦਾ ਮਨ ਬਣਾ ਲਿਆ। ਪੰਜ-ਪੰਜ ਸਿੰਘਾਂ ਦੇ ਜਥੇ ਵਾਰੀ-ਵਾਰੀ ਦੁਸ਼ਮਣਾਂ ਨਾਲ ਜੂਝ ਕੇ ਸ਼ਹੀਦੀਆਂ ਪ੍ਰਾਪਤ ਕਰਨ ਲੱਗੇ।

ਸਿੰਘਾਂ ਨੂੰ ਜੂਝਦਿਆਂ ਦੇਖ ਕੇ ਬਾਬਾ ਅਜੀਤ ਸਿੰਘ ਦਾ ਖੂਨ ਵੀ ਉਬਾਲੇ ਖਾਣ ਲੱਗਿਆ। ਜਦੋਂ ਉਨ੍ਹਾਂ ਨੇ ਗੁਰੂ ਪਿਤਾ ਕੋਲੋਂ ਮੈਦਾਨੇ-ਏ-ਜੰਗ ਵਿਚ ਜਾਣ ਦੀ ਆਗਿਆ ਮੰਗੀ ਤਾਂ ਕਲਗੀਧਰ ਪਾਤਸ਼ਾਹ ਨੇ ਆਪਣੇ ਸਪੁੱਤਰ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ ਅਤੇ ਕਿਹਾ 'ਲਾਲ ਜੀਓ ! ਜਦ ਮੈਂ ਆਪਣੇ ਪਿਤਾ (ਗੁਰੂ ਤੇਗ ਬਹਾਦਰ) ਜੀ ਨੂੰ ਸ਼ਹੀਦ ਹੋਣ ਲਈ ਘੱਲਿਆ ਸੀ ਤਾਂ ਉਸ ਸਮੇਂ ਮੈਂ ਆਪਣਾ ਧਰਮੀ ਪੁੱਤਰ ਹੋਣ ਦਾ ਫ਼ਰਜ਼ ਅਦਾ ਕੀਤਾ ਸੀ ਤੇ ਅੱਜ ਮੈਂ ਤੈਨੂੰ ਰਣ-ਤੱਤੇ ਵਲ ਭੇਜ ਕੇ ਧਰਮੀ ਪਿਤਾ ਹੋਣ ਦਾ ਫ਼ਰਜ਼ ਅਦਾ ਕਰ ਰਿਹਾ ਹਾਂ। ਵਾਹਿਗੁਰੂ ਨੇ ਮੈਨੂੰ ਏਥੇ ਭੇਜਿਆ ਹੀ ਇਸ ਵਾਸਤੇ ਹੈ।

ਦਸਵੇਂ ਪਾਤਸ਼ਾਹ ਨੇ ਏਨੀ ਖੁਸ਼ੀ ਅਤੇ ਉਤਸ਼ਾਹ ਨਾਲ ਸਾਹਿਬਜ਼ਾਦੇ ਨੂੰ ਜੰਗ ਵੱਲ ਤੋਰਿਆ; ਜਿਵੇਂ ਲਾੜੀ ਮੌਤ ਨੂੰ ਵਿਆਹੁਣ ਜਾ ਰਹੇ ਹੋਣ। ਸੀਸ ਉੱਪਰ ਹੀਰਿਆਂ ਨਾਲ ਜੜੀ ਸੁੰਦਰ ਕਲਗੀ ਝਲਕਾਂ ਮਾਰ ਰਹੀ ਸੀ। ਜਦੋਂ ਉਹ ਬਾਹਰ ਨਿਕਲੇ ਤਾਂ ਮੁਗਲਾਂ ਦੀਆਂ ਫੌਜਾਂ ਨੂੰ ਭਾਸਿਆ ਕਿ ਜਿਵੇਂ ਹਜ਼ੂਰ ਆਪ ਹੀ ਗੜ੍ਹੀ ਵਿੱਚੋਂ ਬਾਹਰ ਆ ਗਏ ਹੋਣ। ਜਿਧਰ ਕਿਸੇ ਨੂੰ ਰਾਹ ਮਿਲਿਆ ਉਧਰ ਹੀ ਡਰਦਾ ਹੋਇਆ ਦੌੜ ਪਿਆ। ਵੱਡੀ ਗਿਣਤੀ ਵਿਚ ਵੈਰੀਆਂ ਨੂੰ ਸਦਾ ਦੀ ਨੀਂਦ ਸੁਲਾ ਕੇ ਬਾਬਾ ਜੀ ਆਪ ਵੀ ਸ਼ਹਾਦਤ ਪ੍ਰਾਪਤ ਕਰ ਗਏ। ਸਾਰਾ ਜਿਸਮ ਤੀਰਾਂ ਤੇ ਤਲਵਾਰਾਂ ਨਾਲ ਛੱਲਣੀ ਹੋ ਗਿਆ ਸੀ, ਪਰ ਆਤਮਾ ਅਨੰਦਿਤ ਹੁੰਦੀ ਪਰਮਾਤਮਾ ਵਿਚ ਲੀਨ ਹੋ ਗਈ: ''ਜੋਤੀ ਜੋਤਿ ਰਲੀ; ਸੰਪੂਰਨੁ ਥੀਆ ਰਾਮ ॥'' (ਮ: ੫/੮੪੬)

ਲਾਲ ਦੀ ਬਹਾਦਰੀ ਦੇਖ ਕੇ ਦਸਮੇਸ਼ ਪਿਤਾ ਜੀ ਗੁਰਬਾਣੀ ਦੇ ਪਾਵਨ ਵਚਨ ''ਸੂਰਾ ਸੋ ਪਹਿਚਾਨੀਐ; ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ; ਕਬਹੂ ਨ ਛਾਡੈ ਖੇਤੁ ॥'' (ਭਗਤ ਕਬੀਰ/੧੧੦੫) ਅਨੁਸਾਰ ਜੀਵਨ ਲੇਖੇ ਲਗਦੇ ਨੂੰ ਆਪਣੀ ਨਜ਼ਰੀ ਤੱਕਦਿਆਂ ਅਕਾਲ ਪੁਰਖ ਦਾ ਸ਼ੁਕਰੀਆ ਅਦਾ ਕੀਤਾ।

-0-

## ਕਾਵਿ ਕਿਆਰੀ

# ਨਨਕਾਣਾ ਸਾਹਿਬ ਦੇ ਸ਼ਹੀਦ

-ਚਰਨ ਸਿੰਘ ਸਫਰੀ

ਗੁਰੂ ਨਾਨਕ ਦੇ ਪਿਆਰ ਦੀ ਰਮਜ਼ ਗੁੱਝੀ
ਵਿਰਲਾ ਜਾਣਦਾ ਕੋਈ ਵਿਰਲਾ ਬੁੱਝਦਾ ਏ।
ਉਹਦੇ ਇਸ਼ਕ ਦੀ ਇਕ ਤਸਵੀਰ ਤੱਕ ਕੇ
ਨਾ ਕੁਝ ਔੜ੍ਹਦਾ ਏ ਨਾ ਕੁਝ ਸੁੱਝਦਾ ਏ।
ਜੰਡ ਨਾਲ ਤਮਾਸ਼ਾ ਕੀ ਹੋ ਰਿਹਾ ਏ
ਭੱਠੇ ਵਿਚ ਕੀ ਗੋਹੜ ਪਿਆ ਗੁੱਝਦਾ ਏ।
ਵੱਖੋ-ਵੱਖ ਸ਼ਹੀਦਾਂ ਦਾ ਮਾਸ ਉਜਲਾ
ਏਧਰ ਰਿੱਝਦਾ ਤੇ ਓਧਰ ਭੁਜਦਾ ਏ।
ਜਲਦੇ ਜੰਡ ਨੇ ਪੁੱਛਿਆ ਭੱਠ ਕੋਲੋਂ
ਸੜ ਕੇ ਮਰਨ ਵਾਲਾ ਸੜ ਕੇ ਮਰ ਗਿਆ ਏ।
ਭਖਦੇ ਭੱਠ ਨੇ ਅੱਗੋਂ ਜਵਾਬ ਦਿੱਤਾ।
ਉਹ ਤਾਂ ਮੈਨੂੰ ਵੀ ਠੰਡਿਆ ਕਰ ਗਿਆ ਏ।

ਜਿਉਂ ਜਿਉਂ ਗੋਲੀਆਂ ਵਰ੍ਹਦੀਆਂ ਜਾਂਦੀਆਂ ਸਨ
ਜਥਾ ਹੋਰ ਅੱਗੇ ਵਧਦਾ ਜਾ ਰਿਹਾ ਸੀ।
ਪੱਥਰ ਦਿਲ ਮਹੰਤ ਵੀ ਤੜਫ ਰਹੀਆਂ ਲਾਸ਼ਾਂ ਵੱਲ
ਤੱਕ-ਤੱਕ ਮੁਸਕਰਾ ਰਿਹਾ ਸੀ।
ਉੱਛਲ ਉੱਛਲ ਸ਼ਹੀਦਾਂ ਦਾ ਖੂਨ ਹਾਏ
ਏਦਾਂ ਭੋਂ ਉੱਤੇ ਗੇੜੇ ਖਾ ਰਿਹਾ ਸੀ।
ਮੋਘਾ ਨਹਿਰ ਦਾ ਪੱਟ ਕੇ ਜੱਟ ਕੋਈ
ਜਿਵੇਂ ਪਾਣੀ ਮੁਰੱਬੇ ਨੂੰ ਲਾ ਰਿਹਾ ਸੀ।
ਇਕ ਅੰਬਰੋਂ ਆਈ ਆਵਾਜ਼ ਵੀਰਾ
ਜੰਡ ਵਾਲਿਆ ਪੁੱਠਾ ਕਿਉਂ ਲਟਕਿਆ ਏਂ।
ਸੜ ਕੇ ਮਾਸ ਸਰੀਰ ਦਾ ਡਿੱਗ ਪਿਆ ਏ
ਆ ਜਾ ਹੁਣ ਕਿਹਦੀ ਖ਼ਾਤਿਰ ਅਟਕਿਆ ਏਂ।
ਅੱਗੋਂ ਓਸ ਸ਼ਹੀਦ ਜਵਾਬ ਦਿੱਤਾ
ਕੌਣ ਕਹਿੰਦਾ ਮੈਂ ਸਮਾਂ ਗੁਆਉਣਾ ਚਾਹੁੰਨਾ।
ਮੇਰੀ ਰਾਖ ਤੱਕ ਵੀ ਕਾਹਲੀ ਪੈ ਰਹੀ ਹੈ
ਮੈਂ ਤਾਂ ਕੋਲ ਸ਼ਹੀਦਾਂ ਦੇ ਆਉਣਾ ਚਾਹੁੰਨਾ।
ਗੁਰੂ ਤੇਗ਼ ਬਹਾਦਰ ਦੇ ਚਰਨ ਕੰਵਲੀਂ
ਆ ਕੇ ਆਪਣਾ ਸੀਸ ਨਿਵਾਉਣਾ ਚਾਹੁੰਨਾ।
ਸਾਡਾ ਹਾਲ ਮੁਰੀਦਾਂ ਦਾ ਹਾਲ ਹਾਏ
ਮਿੱਤਰ ਪਿਆਰੇ ਨੂੰ ਹਾਲ ਸੁਣਾਉਣਾ ਚਾਹੁੰਨਾ।
ਮੈਨੂੰ ਦੇਰ ਹੋ ਗਈ ਬਲਦੀ ਅੱਗ 'ਚੋਂ ਮੈਂ
ਗੁਰੂ ਨਾਨਕ ਦੀ ਸਿੱਖੀ ਦਾ ਰਾਹ ਲੱਭਦਾਂ।
ਮਤਾਂ ਕੋਈ ਕੁਰਹਿਤੀਆ ਕਹੇ ਮੈਨੂੰ
ਆਪਣੇ ਕੇਸਾਂ ਦੀ ਫਿਰਦਾਂ ਸੁਆਹ ਲੱਭਦਾ।

ਨਾ ਰਹਿਣਾ ਨਰੈਣੂ ਨਾ ਬਾਜ਼ ਆਇਆ
ਉੱਤੇ ਅੰਬਰ ਦੇ ਬਾਜ਼ੀਆਂ ਪਾਉਣ ਲੱਗਾ।
ਡੁੱਲ੍ਹੇ ਹੋਏ ਸ਼ਹੀਦਾਂ ਦੇ ਖ਼ੂਨ ਉੱਤੇ
ਪਾਪੀ ਪਾਣੀ ਦੇ ਡੋਲ ਛਿੜਕਾਉਣ ਲੱਗਾ।
ਮੁਗ਼ਲ ਰਾਜ ਨਾ ਜਿਹਨੂੰ ਮਿਟਾ ਸਕਿਆ
ਉਹ ਸਿੱਖੀ ਦੇ ਚਿੰਨ੍ਹ ਮਿਟਾਉਣ ਲੱਗਾ।
ਡੁੱਲ੍ਹੀ ਹੋਈ ਦਲੀਪ ਦੀ ਰੱਤ ਵਿਚੋਂ
ਵਾਰ ਵਾਰ ਆਵਾਜ਼ਾ ਇਹ ਆਉਣ ਲੱਗਾ।
ਗੁਰੂ ਗ੍ਰੰਥ ਪਿਆਰੇ ਦੀ ਦਿਹ ਅੰਦਰ
ਜੋ ਤੂੰ ਪਾਪੀਆ ਗੋਲੀਆਂ ਮਾਰੀਆਂ ਨੇ।
ਗੁਰੂ ਨਾਨਕ ਨੇ ਮਸਾਂ ਕਸੀਕ ਵਟ ਕੇ
ਆਪਣੀ ਹਿੱਕ ਦੇ ਵਿਚ ਸਹਾਰੀਆਂ ਨੇ।

ਲਛਮਨ ਪੁੱਛਿਆ ਵੀਰਾ ਦਲੀਪ ਸਿੰਘਾ
ਸਿੰਘ ਪਾ ਹਮੇਸ਼ ਲਈ ਚਾਲੇ ਗਏ ਨੇ।
ਔਹ ਜੋ ਲੁਕ ਲੁਕ ਕੇ ਮੱਥਾ ਟੇਕ ਰਹੀ ਏ
ਇਹਨੂੰ ਛੱਡ ਕੇ ਕਿਹਦੇ ਹਵਾਲੇ ਗਏ ਨੇ।
ਪਟੜੀ ਰੇਲ ਦੀ ਤੋਂ ਉਠਦੇ ਨਹੀਂ ਸਨ ਜੋ
ਗੁਰੂ ਘਰ 'ਚੋਂ ਕਿੱਦਾਂ ਉਠਾਲੇ ਗਏ ਨੇ।
ਮੀਆਂ ਮੀਰ ਦੀ ਰੂਹ ਤੜਪਾਈ ਗਈ ਏ
ਛਿੱਲੇ ਪੰਜਵੇਂ ਗੁਰੂ ਦੇ ਛਾਲੇ ਗਏ ਨੇ।
ਸਦਾ ਆਊ ਸ਼ਹੀਦਾਂ ਦੀ ਯਾਦ ਸਾਨੂੰ
ਹੋਈਆਂ ਬੀਤੀਆਂ ਕਾਲਜੇ ਕੋਹਣਗੀਆਂ।
ਅੰਤ ਗੁਰੂ ਦਰਬਾਰ ਦੇ ਵਿਚ ਸਫ਼ਰੀ
ਗੱਲਾਂ ਸੱਚੀਆਂ ਸੁੱਚੀਆਂ ਹੋਣਗੀਆਂ।

***

# ਚਮਤਕਾਰ ਤੇਰਾ

-ਵਿਧਾਤਾ ਸਿੰਘ ਤੀਰ

ਦੁਸ਼ਟ ਦਮਨ ਅਣਖੀਲਿਆ ਸ਼ਾਹ-ਸ੍ਵਾਰਾ,
ਉਠ ਉਠ ਰਾਹ ਵੇਖਾਂ ਸੌ ਸੌ ਵਾਰ ਤੇਰਾ।
ਤੇਰੇ ਮੋਹਣੇ ਮੁਹਾਂਦਰੇ ਮਨ ਮੋਹਿਆ,
ਵਹਿੰਦਾ ਅੱਖੀਆਂ ਥਾਣੀ ਪਿਆਰ ਤੇਰਾ।
ਚੰਨਾ! ਚਾਨਣਾ ਕਰੀਂ ਇਕ ਵਾਰ ਮੁੜ ਕੇ,
ਸੁੰਞਾ ਸੋਭਦਾ ਨਹੀਂ ਪਰਵਾਰ ਤੇਰਾ।
’ਕੱਠੇ ਕੀਤੇ ਕੁਰਬਾਨੀ ਦੇ ਫੁੱਲ ਚੁਣ ਚੁਣ,
ਸ਼ਰਧਾ ਨਾਲ ਪਰੋਇਆ ਮੈਂ ਹਾਰ ਤੇਰਾ।

ਮੈਨੂੰ ਪਟਨੇ ਵਾਲਿਆ! ਮਿਲੇਂ ਜੇਕਰ,
ਸਾਵੇਂ ਸਿਰ ਦੇ ਕਰਾਂ ਸਤਿਕਾਰ ਤੇਰਾ।
ਪਲਕਾਂ ਪੱਟ ਪਾਵਾਂ, ਅੱਖਾਂ ਪੱਟ ਰੱਖਾਂ,
ਪਵੇ 'ਪਟਨਿਓ' ਜਾਂ ਚਮਤਕਾਰ ਤੇਰਾ।

ਤੇਰੀ ਲੀਲ੍ਹਾ ਤੇ ਚੋਜਾਂ ਦਾ ਭੇਦ ਗੂਹੜਾ,
ਕਿਸੇ ਓਭੜ ਉਜੱਡ ਕੀ ਜਾਣ ਲੈਣਾ?
ਹੱਥੀਂ ਕਾਨਿਆਂ ਦਾ ਧਣਖ-ਬਾਣ ਲੈਣਾ,
ਬਾਲ-ਸਾਥੀਆਂ ਦਾ ਨਾਲ ਢਾਣ ਲੈਣਾ।
ਮਾਂ ਨੇ ਵਰਜਣਾ, ਨਾਲ ਨਿਆਣਿਆਂ ਦੇ,
ਜੱਥੇ ਬੰਨ੍ਹ ਕੇ ਵਿੱਡ ਘਮਸਾਣ ਲੈਣਾ।
ਆਪੇ ਰਾਣੀਆਂ ਦੇ ਕੁਛੜ ਜਾ ਚੜ੍ਹਨਾ
ਛੋਲੇ ਪੂਰੀਆਂ ਦਾ ਭੋਜਨ ਆਣ ਲੈਣਾ।

ਅਜਬ ਖੇਡ ਤੇਰੀ, ਤੇਰੀ ਅਜਬ ਲੀਲ੍ਹਾ,
ਸਾਰੇ ਹਿਰਦਿਆਂ ਵਿਚ ਪਿਆਰ ਤੇਰਾ।
ਰਾਜੇ, ਪੰਡਿਤ, ਫ਼ਕੀਰ ਤੇ ਬਾਲ-ਸਾਥੀ,
ਵਾਰੇ ਜਾਣ, ਤੇ ਕਰਨ ਸਤਿਕਾਰ ਤੇਰਾ।

ਬਾਲ-ਯੁੱਧ ਕਰਨੇ, ਜੱਥੇ ਬੰਨ੍ਹ ਫਿਰਨਾ,
ਕਲਗੀ ਝਲਕਦੀ, ਸੀਸ ਦਸਤਾਰ ਰੱਖਣੀ।
ਗੰਗਾ ਪਾਰ ਹੋਣਾ ਸਣੇ ਸਾਥੀਆਂ ਦੇ,
ਸੱਜੇ ਤੀਰ ਤੇ ਖੱਬੇ ਤਲਵਾਰ ਰੱਖਣੀ।
ਧੌਂਸਾ ਮਾਰ ਚੜ੍ਹਨਾ, 'ਮਾਰ' ਮਾਰ ਲੈਣੀ,
ਸਦਾ ਖਾਲਸਾ ਫੌਜ ਤਿਆਰ ਰੱਖਣੀ।
ਸਦਾ ਤੇਗ ਦੀ ਧਾਰ ਲਿਸ਼ਕਾ ਰੱਖਣੀ,
ਜਾਲਮ ਸੋਧਣੇ, ਦੀਨਾਂ ਦੀ ਸਾਰ ਰੱਖਣੀ।

ਨੱਠਣ ਦੁੰਮ ਦਬਾਉਂਦੇ ਪਿਛਾਂਹ ਵੈਰੀ,
ਜਦੋਂ ਸੁਣਨ ਇਕ ਵਾਰ ਲਲਕਾਰ ਤੇਰਾ।
ਪਈਆਂ ਸੁਸਰੀ ਦੇ ਵਾਂਗ ਸੌਣ ਫ਼ੌਜਾਂ,
ਜਦੋਂ ਦਲ ਨਿਕਲੇ ਭਬਕ ਮਾਰ ਤੇਰਾ।

ਭੀਮੇ ਵਰਗਿਆਂ ਕੱਚੇ ਪਹਾੜੀਆਂ ਨੂੰ,
ਕਰ ਕੇ ਠਿੱਠ ਸਿਉਂਕ ਵਾਂਗ ਝਾੜ ਸੁਟੇਂ।
ਭਾਜੜ ਪਾ ਦੇਵੇਂ ਧਰਮ-ਵੈਰੀਆਂ ਨੂੰ,
ਕਿਤੋਂ ਨਾਲੇ 'ਹਿਮਾਇਤੀ' ਚਾੜ੍ਹ ਸੁਟੇ।
ਕਿਤੇ ਫੇਰੇਂ ਮਸੰਦਾਂ ਨੂੰ ਸੌੜ ਚੰਗੀ,
ਤੱਤੇ ਤੇਲ ਵਿਚ ਸੁੱਟ ਕੇ ਸਾੜ ਸੁਟੇਂ।
ਲਿਖੇ ਹੋਏ ਬੇਦਾਵੇ ਅਸਿੱਖੀਆਂ ਦੇ,
ਚੁੰਮ-ਚੱਟ ਮੱਥੇ ਆਪੇ ਪਾੜ ਸੁਟੇਂ।

ਬਹਿ ਕੇ ਜ਼ੁਲਮ ਦੀ ਹਿੱਕ ਤੇ ਮੂੰਗ ਦਲਣੇ,
ਸੂਰਮਗਤੀ ਦਾ ਰਿਹਾ ਵਿਹਾਰ ਤੇਰਾ।
ਉਹਨੂੰ ਆਪਣੀ ਜਾਨ ਦੇ ਪੈਣ ਪਿੱਸੂ,
ਜਿਸ ਨੇ ਉਗਰ੍ਹਿਆ ਵੇਖਿਆ ਵਾਰ ਤੇਰਾ।

ਕਦੇ ਬੈਠ ਸੁਹਾਵਣੇ ਟਿੱਲਿਆਂ ਤੇ,
ਚਿੱਲਾ ਚਾੜ੍ਹ ਕੇ ਤੀਰ ਚਲਾਣ ਲੱਗ ਪਏਂ।
ਛਡੇਂ ਚਿੱਠੀ ਅੜੁੰਗ ਕੇ ਅਣੀ ਅੱਗੇ,
ਪਾਸਾ ਖੇਡੂਆਂ ਪਾਸ ਪੁਚਾਣ ਲੱਗ ਪਏਂ।

ਖੋਲ੍ਹੇ ਪਾਜ ਬਣਾਉਟੀ ਮੁਰਦਿਆਂ ਦੇ,
ਕਿਤੇ ਚਿੜ੍ਹੀ ਤੋਂ ਬਾਜ਼ ਤੁੜਾਣ ਲੱਗ ਪਏਂ,
ਵੈਰੀ ਦਲਾਂ ਦੇ ਤੂੰਬੇ ਉਡਾਣ ਲੱਗ ਪਏਂ।
ਸਵਾ ਲੱਖ ਸੰਗ ਇਕ ਲੜਾਣ ਲੱਗ ਪਏਂ।

ਕਿਤੇ ਪਾਂਵਦਾ ਤੇਰਾ ਅਜੀਤ ਧਾਂਕਾਂ,
ਆਹੂ ਲਾਹੁੰਦਾ ਕਿਤੇ ਜੁਝਾਰ ਤੇਰਾ।
ਸਦਕੇ ਕਰਨ ਲਈ ਸੱਦ ਕੇ ਆਪ ਘੱਲੇਂ,
ਪਿਛੋਂ ਆਖ ਦਏਂ 'ਸ਼ੁਕਰ ਕਰਤਾਰ ਤੇਰਾ। '

ਤਾਣ ਦੇ ਕੇ ਸਿੱਖਾਂ ਨਿਤਾਣਿਆਂ ਨੂੰ,
ਮਸਤ ਹਾਥੀਆਂ ਦੇ ਮੱਥੇ ਲਾ ਦੇਵੇਂ।
'ਮਾਧੋ ਦਾਸ ਬੈਰਾਗੀ' ਦੇ ਬੀਰ ਜਿਤ ਕੇ,
ਉਹਨੂੰ 'ਮਿੱਟੀ ਦਾ ਮਾਧੋ' ਬਣਾ ਦੇਵੇਂ।
ਜਦੋਂ ਬਣੇ 'ਬੰਦਾ', ਓਹਨੂੰ ਬਲ ਬਖਸ਼ੇਂ,
ਅਤੇ ਜਾਬਰਾਂ ਨਾਲ ਲੜਵਾ ਦੇਵੇਂ।
ਕਿਤੇ ਚਤਰ ਤੇ ਚੋਰ ਕਵੀਸ਼ਰਾਂ ਦੇ,
ਧੰਨੇ ਘਾਹੀ ਤੋਂ ਉਤਰ ਸੁਣਵਾ ਦੇਵੇਂ।

ਕਿਤੇ ਸੰਗਤਾਂ ਦੇ ਅੰਦਰ ਪਿਆ ਸੋਭੇਂ,
ਕੰਨ ਖੋਲ੍ਹਦਾ ਧਰਮ ਪ੍ਰਚਾਰ ਤੇਰਾ।
ਕਿਤੇ 'ਆਪਣੇ ਜੋਗੇ' ਦੀ ਕਰੇਂ ਰਾਖੀ,
ਕਿਤੇ ਸੱਜਣਾ ਕਵੀ ਦਰਬਾਰ ਤੇਰਾ।

ਧਰਮ-ਵੈਰੀਆਂ ਦੇ ਕਰੇਂ ਦੰਦ ਖੱਟੇ,
ਮਿਲੇ ਜ਼ਾਲਮਾਂ ਨੂੰ ਸੂਰਬੀਰ ਹੋ ਕੇ।
ਕਦੇ ਮਾਰ ਘਚਾਨੀਆਂ ਬਾਹਰ ਨਿਕਲੇਂ,
ਲੰਘੇ ਰਾਹ 'ਚੋਂ 'ਉੱਚ ਦਾ ਪੀਰ' ਹੋ ਕੇ।
ਮਾਪੇ ਪੁੱਤ ਘੁਮਾ ਕੇ ਲਾਹ ਲਾਂਭੇ,
ਕਦੇ ਜੰਗਲੀਂ ਫਿਰੇਂ 'ਫ਼ਕੀਰ' ਹੋ ਕੇ।
ਕਦੀ ਪਲੰਘ 'ਸੇਜਾਂ' ਕਦੀ 'ਦੱਬ ਸੱਥਰ',
ਹੇਠਾਂ ਕਣਾਂ ਦੇ ਸਕੇ ਗੰਬੀਰ ਹੋ ਕੇ।

ਜੋ ਜੋ ਨੇਕੀਆਂ ਹਿੰਦ ਤੇ ਕੀਤੀਆਂ ਤੂੰ,
ਪ੍ਰਲੈ ਤੀਕ ਨਹੀਂ ਲਹਿਣਾ ਉਧਾਰ ਤੇਰਾ।
ਲੂੰਅ ਲੂੰਅ ਤੇ ਉਕਰਿਆ ਚਮਕਦਾ ਏ,
ਦਸਮ ਪਿਤਾ ! ਅਸੰਖ ਉਪਕਾਰ ਤੇਰਾ।

ਐਂਠ ਆਣ ਦੇ ਨਾਲ ਸੰਜੋਅ ਪਾ ਕੇ,
ਮੱਥਾ ਡਲ੍ਹਕਦਾ ਨੈਣ ਕਰ ਲਾਲ ਨਿਕਲੇਂ।
ਧੌਂਸਾ ਮਾਰ, ਤਲਵਾਰ ਹੱਥ, ਸੀਸ ਕਲਗੀ,
ਜੱਥਾ ਲੈ ਸਿਰ-ਲੱਥਾਂ ਦਾ ਨਾਲ ਨਿਕਲੇਂ।
ਹੱਥੋਂ-ਹੱਥ ਉੱਡਣ ਤੋਤੇ ਵੈਰੀਆਂ ਦੇ,
ਰਣਾਂ ਵਿੱਚ ਜਾਂ ਬੋਲ ਅਕਾਲ ਨਿਕਲੇਂ।
ਹੱਥਾਂ ਪੈਰਾਂ ਦੀ ਪਾ ਦਏਂ ਜ਼ਾਲਮਾਂ ਨੂੰ,
ਜਦੋਂ ਆਪਣਾ ਆਪ ਸੰਭਾਲ ਨਿਕਲੇਂ।

ਤੇਗ਼ ਗਾਤਰੇ, ਹੱਥ ਵਿੱਚ 'ਤੀਰ' ਧਣਖੀਂ,
ਤੇਰੇ ਹੇਠ ਹੋਵੇ 'ਦਲ ਸ਼ਿੰਗਾਰ' ਤੇਰਾ।
ਕਿਹੜਾ ਜੰਮਿਆ, ਸਾਹਮਣੇ ਝੱਲ ਸਕੇ,
ਅੱਖਾਂ ਉੱਚੀਆਂ ਕਰ ਚਮਤਕਾਰ ਤੇਰਾ।

-0-



# ਅਕਾਲੀ

-ਭਾਈ ਹੀਰਾ ਸਿੰਘ ਦਰਦ

21 ਮਈ 1920 ਨੂੰ ਅਕਾਲੀ ਅਖ਼ਬਾਰ ਦਾ ਪਹਿਲਾ ਦਿਨ ਸੀ । ਇਸ ਅਕਾਲੀ ਅਖ਼ਬਾਰ ਵਿੱਚ ਭਾਈ ਹੀਰਾ ਸਿੰਘ ਦਰਦ ਦੀ ਬੜੀ ਪਿਆਰੀ ਕਵਿਤਾ ਛਪੀ ਸੀ । ਜਿਹੜੀ ਹਰ ਅਕਾਲੀ ਨੂੰ ਯਾਦ ਹੁੰਦੀ ਸੀ।

ਅੱਖਾਂ ਖੋਲੋ ਢਿੱਲੜ ਵੀਰੋ, ਆ ਗਿਆ ਫੇਰ ਅਕਾਲੀ ਜੇ ।
ਖੰਡਾ ਫੜਿਆ ਹੱਥ ਵਿੱਚ ਸੱਚ ਦਾ, ਜੋਤ ਮਾਰਦੀ ਲਾਲੀ ਜੇ ।
ਧਰਮੀ ਯੋਧੇ ਕੌਮੀ ਰਾਖੇ, ਦਿੱਤੀ ਆਣ ਵਿਖਾਲੀ ਜੇ ।
ਅੱਖਾਂ ਖੋਲੋ ਢਿੱਲੜ ਵੀਰੋ, ਆ ਗਿਆ ਫੇਰ ਅਕਾਲੀ ਜੇ ।
ਅੱਖੀਂ ਵੇਖ ਬੇਅਦਬੀ ਹੁੰਦੀ, ਬੀਰ ਨਾ ਕਦੇ ਸਹਾਰ ਸਕੇ ।
ਜਿਸ ਨੇ ਸੀਸ ਤਲੀ ਤੇ ਧਰਿਆ, ਉਸਨੂੰ ਕੋਈ ਨਾ ਮਾਰ ਸਕੇ ।
ਜਿਉਂਦੇ ਹੋਣ ਅਕਾਲੀ ਵਰਗੇ, ਕੌਮ ਕਦੀ ਨਾ ਹਾਰ ਸਕੇ ।
ਨਾ ਕੋਈ ਉਸਦਾ ਕਾਰਜ ਖੋਹੇ, ਨਾ ਕੋਈ ਖੋਹ ਦਰਬਾਰ ਸਕੇ ।
ਇਕ ਅਕਾਲੀ ਬਾਝੋਂ ਯਾਰੋ, ਬਣ ਗਈ ਕੌਮ ਪਰਾਲ਼ੀ ਜੇ ।
ਅੱਖਾਂ ਖੋਲੋ ਢਿੱਲੜ ਵੀਰੋ, ਆ ਗਿਆ ਫੇਰ ਅਕਾਲੀ ਜੇ ।

# ਮੈਂ ਧਰਤੀ ਕਰਮਾਂ ਮਾਰੀ

**-ਗਗਨਦੀਪ ਸਿੰਘ ਬੁਗਰਾ # 98149-19299**

ਭੁੱਖਾਂ ਨੂੰ ਹਰਦੇ ਰਹੇ ਮੇਰੇ ਮੋਤੀਆਂ ਵਰਗੇ ਦਾਣੇ।
ਮੇਰੇ ਹੀ ਜਾਇਆਂ ਨੇ ਡੱਕੇ ਕਈ ਵੈਰੀ ਜਰਵਾਣੇ ।
ਦੁੱਖਾਂ ਨਾਲ ਲੜਦੀ ਦੀ ਮੇਰੀ ਉਮਰ ਬੀਤ ਗਈ ਸਾਰੀ,
ਮੈਂ ਪੰਜ ਦਰਿਆਵਾਂ ਦੀ ਲੋਕੋ ਧਰਤੀ ਕਰਮਾਂ ਮਾਰੀ ।
ਮੈਂ ਉੱਜੜੀ ਕਈ ਵਾਰੀ ਮੰਨਿਆ ਮੁੜ - ਮੁੜ ਰੱਬ ਦਾ ਭਾਣਾ ।
ਕੁਰਸੀ ਦੇ ਭੁੱਖਿਆਂ ਨੇ ਮੈਥੋਂ ਵੱਖ ਕੀਤਾ ਨਨਕਾਣਾ ।
ਲਾਹੌਰ ਨੂੰ ਮਿਲਣੇ ਨੂੰ ਰੋਂਦਾ ਜ਼ਾਰੋ-ਜ਼ਾਰ ਅਟਾਰੀ ,
ਮੈਂ ਪੰਜ ਦਰਿਆਵਾਂ ਦੀ ਲੋਕੋ ਧਰਤੀ ਕਰਮਾਂ ਮਾਰੀ ।
ਮੇਰੀ ਚੁੰਨੀ ਲੀਰ ਹੋਈ ਰਹਿੰਦੀ ਅੱਖ ਸਦਾ ਹੀ ਗਿੱਲੀ।
ਮੈਨੂੰ ਚਾਰੇ ਪਾਸੇ ਤੋਂ ਚੰਦਰੀ ਲੁੱਟ ਕੇ ਖਾ ਗਈ ਦਿੱਲੀ।
ਹੱਕੀ ਆਵਾਜ਼ ਮੇਰੀ ਹਰ ਅੱਤਵਾਦੀ ਕਹਿ ਕੇ ਸਾੜੀ ,
ਮੈਂ ਪੰਜ ਦਰਿਆਵਾਂ ਦੀ ਲੋਕੋ ਧਰਤੀ ਕਰਮਾਂ ਮਾਰੀ ।
ਜੋ ਵੀਰ ਸਰਾਭੇ ਦੇ ਉਹ ਨੇ ਲੱਗੇ ਨਸ਼ਿਆਂ ਉੱਤੇ ।
ਵਾਰਸ ਅੱਜ ਨਲੂਏ ਦੇ ਉਹ ਸਪਰੇਹਾਂ ਪੀ ਕੇ ਸੁੱਤੇ ।
ਗੁਰੂ ਕਲਗੀਧਰ ਤਾਈਂ ਜਾਵਾਂ ਵਾਰੋ ਵਾਰ ਪੁਕਾਰੀ ,
ਮੈਂ ਪੰਜ ਦਰਿਆਵਾਂ ਦੀ ਲੋਕੋ ਧਰਤੀ ਕਰਮਾਂ ਮਾਰੀ ।
ਵਿਰਸੇ ਨੂੰ ਸਾਂਭ ਲਵੋ ਸਾਂਭੋ ਹਵਾ ਤੇ ਮਿੱਟੀ ਪਾਣੀ।
ਆਪਣੀ ਮਾਂ ਬੋਲੀ ਨੂੰ ਮੁੜਕੇ ਫੇਰ ਬਣਾਓ ਰਾਣੀ।
ਰਹੋ ਨਾਲ਼ ਪਿਆਰਾਂ ਦੇ ਭਾਵੇਂ ਆਵੇ ਸੰਕਟ ਭਾਰੀ ,
ਮੈਂ ਪੰਜ ਦਰਿਆਵਾਂ ਦੀ ਲੋਕੋ ਧਰਤੀ ਕਰਮਾਂ ਮਾਰੀ।

-0-

# ਨਵਾਂ ਵਰ੍ਹਾ- ਔਰਤਾਂ ਲਈ ਨਵਾਂ ਕੀ?

**ਇਸ ਸਾਰੇ ਵਰਤਾਰੇ ਨੂੰ ਵੇਖਦੇ, ਕੋਈ ਦੱਸਣ ਦੀ ਹਿਮਾਕਤ ਤਾਂ ਕਰੇ ਕਿ ਹੁਣ ਔਰਤ ਲਈ ਭਾਰਤ ਵਿਚ ਕਿਹੜੀ ਥਾਂ, ਹਿੱਕ ਤਾਣ ਕੇ, ਸੁਰੱਖਿਅਤ ਕਹਿ ਸਕਦੇ ਹੋ? ਜੇ ਨਹੀਂ, ਤਾਂ ਕੀ ਇੱਕੋ ਰਾਹ ਬਚਿਆ ਹੈ-ਔਰਤ ਦੇ ਕੁੱਖੋਂ ਮਰਦ ਦੀ ਪੈਦਾਇਸ਼ ਹੋਣੀ ਬੰਦ ਹੋ ਜਾਏ? ਹਾਲੇ ਵੀ ਜੇ ਅਣਖੀ ਲੋਕ ਆਪਣੀ ਚੁੱਪੀ ਤੋੜ ਕੇ ਮੌਜੂਦਾ ਹਾਲਾਤ ਨੂੰ ਵੇਲੇ ਸਿਰ ਸਮਝ ਕੇ ਇਕਜੁੱਟ ਹੋ ਜਾਣ, ਤਾਂ ਆਉਣ ਵਾਲਾ ਸਮਾਂ ਸਹੀ ਕੀਤਾ ਜਾ ਸਕਦਾ ਹੈ! ਉਮੀਦ ਉੱਤੇ ਦੁਨੀਆ ਖੜ੍ਹੀ ਹੈ! ਔਰਤ ਨੂੰ ਕਦੇ ਤਾਂ ਇਸ਼ਤਿਹਾਰਾਂ ਵਿਚ ਸ਼ੈਅ ਵਿਖਾਉਣੀ ਬੰਦ ਕਰ ਕੇ ਰਿਸ਼ਤਿਆਂ ਦੇ ਨਿੱਘ ਦਾ ਆਧਾਰ ਮੰਨਣਾ ਸ਼ੁਰੂ ਕਰਕੇ ਘਰ ਵਿਚ ਸਹੀ ਅਰਥਾਂ ਵਿਚ ਬਰਾਬਰੀ ਦਾ ਦਰਜਾ ਦਿਆਂਗੇ!**



ਸੰਨ 2017 ਵਿਚ 86,001 ਕੇਸਾਂ ਵਿਚ ਭਾਰਤ ਵਿਚ ਔਰਤਾਂ ਦੀ ਬੇਪਤੀ ਜਾਂ ਬੇਇਜ਼ਤੀ ਕਰਨ ਦੇ ਕੇਸ ਸਾਹਮਣੇ ਆਏ। ਸੰਨ 2021 ਵਿਚ ਇਹ ਗਿਣਤੀ 89,200 ਕੇਸਾਂ ਤੱਕ ਪਹੁੰਚ ਗਈ। ਇਨ੍ਹਾਂ ਵਿੱਚੋਂ ਬੇਪਤੀ ਕਰਨ ਵਾਲਿਆਂ ਵਿੱਚੋਂ 2 ਫੀਸਦੀ ਔਰਤਾਂ ਸਨ ਅਤੇ 98 ਫੀਸਦੀ ਮਰਦ।

ਧਾਰਾ 354 ਵਿਚ ਸ਼ਾਮਲ ਤੱਥ :-

1. ਬੇਪਤੀ ਕਿਸੇ ਔਰਤ ਦੀ ਹੋਈ ਹੋਵੇ
2. ਬੇਪਤੀ ਕਰਨ ਵਾਲਾ ਆਪਣਾ ਪੂਰਾ ਜ਼ੋਰ ਅਤੇ ਰੁਤਬਾ ਵਰਤ ਰਿਹਾ ਹੋਵੇ
3. ਔਰਤ ਨੂੰ ਬੇਇਜ਼ਤੀ ਮਹਿਸੂਸ ਹੋਈ ਹੋਵੇ।

ਇਹ ਬੇਪੱਤੀ ਭੱਦੀ ਜ਼ਬਾਨ ਵਰਤ ਕੇ ਜਾਂ ਜ਼ੋਰ ਜ਼ਬਰਦਸਤੀ ਨਾਲ ਕੀਤੀ ਜਾ ਸਕਦੀ ਹੈ। ਚਾਰ ਦਸੰਬਰ 2023 ਨੂੰ ਜਾਰੀ ਹੋਈ ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ ਸੰਨ 2022 ਵਿਚ 31.4 ਫੀਸਦੀ ਔਰਤਾਂ ਵੱਲੋਂ ਮਾਰ ਕੁਟਾਈ ਸਹਿਣ ਸੰਬੰਧੀ ਜੋ ਰਿਪੋਰਟਾਂ ਦਰਜ ਹੋਈਆਂ, ਉਹ ਜਾਂ ਤਾਂ ਪਤੀ ਵੱਲੋਂ ਜਾਂ ਉਸ ਦੇ ਰਿਸ਼ਤੇਦਾਰਾਂ ਵੱਲੋਂ ਔਰਤ ਦੀ ਮਾਰ ਕੁਟਾਈ ਦੀਆਂ ਕੀਤੀਆਂ ਗਈਆਂ, 19.2 ਫੀਸਦੀ ਉਧਾਲੇ ਜਾਂ ਚੁੱਕੇ ਜਾਣ ਦੀਆਂ, 18.7 ਫੀਸਦੀ ਔਰਤ ਦੀ ਬੇਪਤੀ ਦੀਆਂ ਅਤੇ 7.1 ਫੀਸਦੀ ਬਲਾਤਕਾਰ ਦੀਆਂ ਸ਼ਿਕਾਇਤਾਂ ਉੱਤੇ ਰਿਪੋਰਟਾਂ ਦਰਜ ਕੀਤੀਆਂ ਗਈਆਂ।

ਅਜਿਹੀਆਂ 4.45 ਲੱਖ ਐਫ.ਆਈ.ਆਰ. ਸੰਨ 2022 ਵਿਚ ਦਰਜ ਕੀਤੀਆਂ ਗਈਆਂ ਜੋ ਅਸਲ ਨਾਲੋਂ ਲਗਭਗ 60 ਗੁਣਾ ਘੱਟ ਸਨ ਕਿਉਂਕਿ ਪੂਰੇ ਕੇਸ ਸ਼ਿਕਾਇਤ ਕਰਨ ਪਹੁੰਚੇ ਹੀ ਨਹੀਂ ਤੇ ਕੁੱਝ ਨੂੰ ਜ਼ੋਰ ਜ਼ਬਰਦਸਤੀ ਚੁੱਪ ਕਰਵਾ ਦਿੱਤਾ ਗਿਆ।

ਭਾਰਤ ਸਰਕਾਰ ਮੰਨ ਚੁੱਕੀ ਹੈ ਕਿ ਜੇ ਔਰਤਾਂ ਪ੍ਰਤੀ ਹੁੰਦੇ ਜੁਰਮਾਂ ਬਾਰੇ ਰਿਕਾਰਡ ਅਨੁਸਾਰ ਵੇਖੀਏ ਤਾਂ 51 ਐਫ.ਆਈ.ਆਰ. ਪ੍ਰਤੀ ਘੰਟਾ ਦਰਜ ਹੋ ਰਹੀਆਂ ਹਨ। ਪ੍ਰਤੀ ਲੱਖ ਲੋਕਾਂ ਵਿੱਚੋਂ 268 ਔਰਤਾਂ ਭਾਰੀ ਜ਼ੁਲਮ ਦਾ ਸ਼ਿਕਾਰ ਹੋ ਰਹੀਆਂ ਹਨ।

ਇਨ੍ਹਾਂ ਵਿੱਚੋਂ ਬਹੁਤੀਆਂ ਨੂੰ ਕਾਨੂੰਨ ਜਾਂ ਪੁਲਿਸ ਵੱਲੋਂ ਨਿਆਂ ਨਸੀਬ ਨਹੀਂ ਹੋਇਆ।

ਦਿੱਲੀ ਨੂੰ ਔਰਤਾਂ ਪ੍ਰਤੀ ਹੁੰਦੇ ਜੁਰਮਾਂ ਲਈ ਪੂਰੇ ਭਾਰਤ ਵਿੱਚੋਂ ਪਹਿਲੇ ਨੰਬਰ ਉੱਤੇ ਰੱਖਿਆ ਗਿਆ ਹੈ ਜਿੱਥੇ 14,247 ਕੇਸ ਰਿਪੋਰਟ ਹੋਏ ਜੋ ਬਾਕੀ ਭਾਰਤ ਦੇ ਔਸਤਨ 66.4 ਦੀ ਥਾਂ 144.4 ਪ੍ਰਤੀ ਲੱਖ ਸਨ।

ਜਨਗਣਨਾ ਦੇ ਹਿਸਾਬ ਨਾਲ ਉੱਤਰ ਪ੍ਰਦੇਸ ਵਿਚ 66,743 ਕੇਸ, ਮਹਾਰਾਸ਼ਟਰ ਵਿਚ 43,331 ਕੇਸ, ਰਾਜਸਥਾਨ 45,058, ਬੰਗਾਲ, 34,738 ਅਤੇ ਮੱਧ ਪ੍ਰਦੇਸ਼ ਵਿਚ 32,765 ਕੇਸ। ਇਨ੍ਹਾਂ ਪੰਜਾਂ ਸੂਬਿਆਂ ਵਿਚਲੇ ਕੇਸ ਮਿਲਾ ਲਈਏ ਤਾਂ 2,23,635 ਔਰਤਾਂ ਉੱਤੇ ਜ਼ੁਲਮ ਹੋਏ ਜੋ ਪੂਰੇ ਭਾਰਤ ਵਿਚਲੇ ਕੁੱਲ ਰਿਪੋਰਟ ਹੋਏ ਕੇਸਾਂ ਦਾ 50.2 ਫੀਸਦੀ ਹਿੱਸਾ ਬਣ ਜਾਂਦਾ ਹੈ।




-ਡਾ. ਹਰਸ਼ਿੰਦਰ ਕੌਰ
ਐਮ.ਡੀ.
0175-2216783


ਇਸ ਨੂੰ ਜੇ ਪ੍ਰਤੀ ਲੱਖ ਜਨਸੰਖਿਆ ਦੇ ਹਿਸਾਬ ਨਾਲ ਵੰਡੀਏ ਤਾਂ ਦਿੱਲੀ 144.4, ਹਰਿਆਣਾ 118.7, ਤੇਲੰਗਾਨਾ 117, ਰਾਜਸਥਾਨ 115.1, ਉੜੀਸਾ 103, ਆਂਧਰ ਪ੍ਰਦੇਸ 96.2, ਅੰਡਾਮਨ ਨਿਕੋਬਾਰ 93.7, ਕੇਰਲ 82, ਆਸਾਮ 81, ਮੱਧ ਪ੍ਰਦੇਸ 78.8, ਉਤਰਾਖੰਡ 77, ਮਹਾਰਾਸ਼ਟਰ 75.1, ਬੰਗਾਲ 71.8 ਅਤੇ ਉੱਤਰ ਪ੍ਰਦੇਸ 58.6 ਬਣ ਜਾਂਦੇ ਹਨ।

ਇਹ ਜੁਰਮ ਲਗਾਤਾਰ ਵਧਦਾ ਹੀ ਜਾ ਰਿਹਾ ਹੈ ਕਿਉਂਕਿ ਸੰਨ 2020 ਵਿਚ 3,71,503 ਕੇਸ ਸਨ ਅਤੇ ਸੰਨ 2021 ਵਿਚ 4,28,278 ਕੇਸ।

ਇਨ੍ਹਾਂ ਵਿੱਚੋਂ ਕੰਮ ਕਾਰ ਵਾਲੀ ਥਾਂ ਜਾਂ ਉੱਚੇ ਅਹੁਦਿਆਂ ਉੱਤੇ ਬੈਠੀਆਂ ਔਰਤਾਂ ਨਾਲ ਹੁੰਦੀ ਜਿਨਸੀ ਛੇੜਛਾੜ ਬਹੁਤੀ ਵਾਰ ਬਾਹਰ ਕੱਢੀ ਹੀ ਨਹੀਂ ਜਾਂਦੀ। ਜ਼ਿਆਦਾਤਰ ਔਰਤ ਆਪਣਾ ਅਹੁਦਾ ਬਰਕਰਾਰ ਰੱਖਣ, ਸਮਾਜਿਕ ਸ਼ਰਮ ਜਾਂ ਤਰੱਕੀ ਲੈਣ ਦੇ ਚੱਕਰ ਵਿਚ ਫਸ ਕੇ ਚੁੱਪ ਰਹਿੰਦੀ ਹੈ।

ਕੁੱਝ ਔਰਤਾਂ ਆਪ ਹੀ ਉੱਚੇ ਅਹੁਦੇ ਉੱਤੇ ਬੈਠੇ ਮਰਦ ਨਾਲ ਤਾਕਤ ਦਾ ਆਨੰਦ ਮਾਣਨ ਲਈ ਸਰੀਰਕ ਸੰਬੰਧ ਕਾਇਮ ਕਰ ਲੈਂਦੀਆਂ ਹਨ ਤੇ ਫਿਰ ਵਕਤ ਨਿਕਲ ਜਾਣ ਉੱਤੇ ਝੂਠੇ ਇਲਜ਼ਾਮ ਲਾ ਦਿੰਦੀਆਂ ਹਨ।

ਗੱਲ ਕਰੀਏ ਸੰਨ 2023 ਦੀ! ਨੌਂ ਦਸੰਬਰ 2023, ਦੀ ਰਾਤ ਨੂੰ ਇਕ 19 ਸਾਲਾ ਗ਼ਰੀਬ ਬੇਟੀ ਆਪਣੇ ਮਾਮੇ ਕੋਲ ਨੌਕਰੀ ਲੈਣ ਲਈ ਕਾਨਪਰ ਤੋਂ ਜੈਪੁਰ ਬਸ ਵਿਚ ਗਈ। ਰਾਹ ਵਿਚ ਚਲਦੀ ਬੱਸ ਵਿਚ ਹੀ ਕੰਡਕਟਰ ਨੇ ਉਸ ਨੂੰ ਲੇਟਣ ਵਾਲੀ ਸੀਟ ਉੱਤੇ ਆਰਾਮ ਕਰਨ ਲਈ ਕਿਹਾ।

ਬੇਟੀ ਨੇ ਟਿਕਟ ਮਹਿੰਗੀ ਹੋਣ ਕਾਰਨ ਸਿਰਫ਼ ਬੈਠਣ ਦੀ ਸੀਟ ਹੀ ਬੁੱਕ ਕੀਤੀ ਸੀ। ਕੰਡਕਟਰ ਨੇ ਆਪਣੀ ਕੇਬਿਨ ਵਿਚ ਲੱਗੇ ਬਿਸਤਰੇ ਉੱਤੇ ਉਸ ਨੂੰ ਕੁੱਝ ਦੇਰ ਆਰਾਮ ਕਰਨ ਲਈ ਕਿਹਾ ਕਿ ਉਹ ਤਾਂ ਬਾਹਰ ਹੀ ਬੈਠਾ ਹੈ। ਜਿਉਂ ਹੀ ਬੇਟੀ ਸੌਂ ਗਈ, ਵਾਰੋ ਵਾਰੀ ਦੋ ਡਰਾਈਵਰਾਂ ਅਤੇ ਕੰਡਕਟਰ ਨੇ ਉੱਚੀ ਗਾਣੇ ਲਾ ਕੇ, ਲੜਕੀ ਦਾ ਮੂੰਹ ਘੁੱਟ ਕੇ ਬੰਦ ਕਰ ਕੇ ਸਮੂਹਕ ਬਲਾਤਕਾਰ ਕਰ ਦਿੱਤਾ। ਸਾਰੀਆਂ ਸਵਾਰੀਆਂ ਅੱਧ ਰਾਤ ਹੋਣ ਕਾਰਨ ਘੂਕ ਸੁੱਤੀਆਂ ਰਹੀਆਂ। ਸਵੇਰੇ ਜੈਪੁਰ ਪਹੁੰਚ ਕੇ ਜਦੋਂ ਬੇਟੀ ਥੱਲੇ ਉਤਰੀ ਤਾਂ ਉਸ ਨੇ ਆਪਣੇ ਮਾਮੇ ਨੂੰ ਦੱਸਿਆ। ਉਸ ਤੋਂ ਬਾਅਦ ਹੀ ਪੁਲਿਸ ਨੇ ਸ਼ਿਕਾਇਤ ਦਰਜ ਕੀਤੀ ਤੇ ਇਹ ਮਾਮਲਾ

ਮੀਡੀਆ ਦੀ ਨਜ਼ਰੀਂ ਆਇਆ।

ਨਿੱਕੀਆਂ ਬੱਚੀਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ਭਾਵੇਂ ਬਹੁਤ ਜ਼ਿਆਦਾ ਹਨ ਪਰ ਉਹ ਲੋਕਾਂ ਦੇ ਨਜ਼ਰਾਂ ਵਿਚ ਘੱਟ ਹੀ ਆਉਂਦੇ ਹਨ ਕਿਉਂਕਿ ਕੋਈ ਸ਼ਿਕਾਇਤਕਰਤਾ ਹੁੰਦਾ ਹੀ ਨਹੀਂ। ਜ਼ਿਆਦਾ ਮਾਮਲਿਆਂ ਵਿਚ ਘਰ ਦਾ ਹੀ ਕੋਈ ਰਿਸ਼ਤੇਦਾਰ ਜਾਂ ਜਾਣਕਾਰ ਇਹ ਕਾਰਾ ਕਰਦਾ ਲੱਭਦਾ ਹੈ। ਫਿਰ ਇਸ ਸ਼ੋਸ਼ਣ ਉੱਤੇ ਮਿੱਟੀ ਪਾ ਦਿੱਤੀ ਜਾਂਦੀ ਹੈ ਅਤੇ ਨਾਬਾਲਗ ਧੀ ਮਾਨਸਿਕ ਰੋਗੀ ਬਣ ਕੇ ਰਹਿ ਜਾਂਦੀ ਹੈ।

ਆਮ ਹੀ ਅਜਿਹੇ ਕੇਸ ਸੁਣਨ ਬਾਅਦ ਇਹ ਕਹਿ ਦਿੱਤਾ ਜਾਂਦਾ ਹੈ ਕਿ ਔਰਤ ਦਾ ਸ਼ਕਤੀਕਰਨ ਹੀ ਇਸ ਦਾ ਇਲਾਜ ਹੈ! ਜੇ ਔਰਤ ਆਪ ਉੱਚੇ ਅਹੁਦੇ ਉੱਤੇ ਹੋਵੇ ਜਾਂ ਕਾਨੂੰਨ ਅਤੇ ਨਿਆਂ ਕਰਨ ਵਾਲਿਆਂ ਵਿਚ ਸ਼ਾਮਲ ਹੋਵੇ ਤਾਂ ਉਹ ਆਪਣੀ ਜਿਨਸ ਨੂੰ ਬਚਾ ਸਕਦੀ ਹੈ।

ਪਰ ਇਸ ਖ਼ਬਰ ਬਾਰੇ ਕੀ ਕਹਿਣਾ ਚਾਹੋਗੇ! ਸੰਨ 2014 ਵਿਚ ਖ਼ਬਰ ਛਪੀ ਕਿ ਉੱਤਰ ਪ੍ਰਦੇਸ ਵਿਚ ਇਕ ਮਹਿਲਾ ਜੱਜ ਨੂੰ ਜਬਰੀ ਨਸ਼ਾ ਦੇ ਕੇ ਉਸ ਦੇ ਸਰਕਾਰੀ ਮਕਾਨ ਅੰਦਰ ਹੀ ਉਸ ਦਾ ਸਮੂਹਕ ਬਲਾਤਕਾਰ ਕਰ ਦਿੱਤਾ ਗਿਆ। ਉਸ ਦੇ ਸਰੀਰ ਉੱਤੇ ਅਣਗਿਣਤ ਡੂੰਘੇ ਜ਼ਖ਼ਮ ਲੱਭੇ ਗਏ।

ਇਸ ਕਾਰੇ ਤੋਂ ਦੋ ਦਿਨ ਪਹਿਲਾਂ ਬਦੌਣ ਵਿਖੇ ਦੋ ਨਾਬਾਲਗ ਭੈਣਾਂ ਦਾ ਸਮੂਹਕ ਬਲਾਤਕਾਰ ਕਰ ਕੇ ਕਤਲ ਕਰ ਦੇਣ ਦੀ ਘਟਨਾ ਨੇ ਸਾਰੇ ਭਾਰਤ ਵਾਸੀਆਂ ਨੂੰ ਸ਼ਰਮਸਾਰ ਕਰ ਦਿੱਤਾ ਸੀ।

ਕਾਰਨ ਇਹ ਸੀ ਕਿ ਜਿਸ ਬੇਹੂਦਗੀ ਨਾਲ ਉਨ੍ਹਾਂ ਧੀਆਂ ਨੂੰ ਮਾਰਿਆ ਗਿਆ ਸੀ, ਉਹ ਤਾਂ ਦਿਲ ਕੰਬਾਊ ਹੈ ਹੀ ਸੀ ਪਰ ਉਸ ਤੋਂ ਬਾਅਦ ਉਨ੍ਹਾਂ ਦੀਆਂ ਲਾਸ਼ਾਂ ਨੂੰ ਦਰਖਤ ਉੱਤੇ ਟੰਗ ਦਿੱਤਾ ਗਿਆ ਸੀ। ਲਾਸ਼ਾਂ ਵਿੱਚੋਂ ਥੱਲੇ ਚੋਂਦੀਆਂ ਲਹੂ ਦੀਆਂ ਬੂੰਦਾਂ ਦਾ ਭਾਰ ਧਰਤੀ ਵੀ ਝੱਲਣ ਤੋਂ ਅਸਮਰਥ ਜਾਪਦੀ ਸੀ।

ਨਿਰਭਯਾ ਕਾਂਡ ਹੋਵੇ ਜਾਂ ਜੈਸਿਕਾ ਲਾਲ ਕਤਲ ਜਾਂ ਨੈਨਾ ਨੂੰ ਤੰਦੂਰ ਵਿਚ ਭੁੰਨ ਦੇਣ ਦੀ ਗੱਲ ਹੋਵੇ, ਇਨ੍ਹਾਂ ਮਾਮਲਿਆਂ ਵਿਚ ਕਦੇ ਵੀ ਕਮੀ ਨਹੀਂ ਆਈ, ਭਾਵੇਂ ਭਾਰਤ ਵਿਚ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਤੱਕ ਦੇ ਅਹੁਦਿਆਂ ਉੱਤੇ ਔਰਤ ਬਿਰਾਜਮਾਨ ਹੋਵੇ!

ਤਾਜ਼ੀ ਘਟਨਾ ਔਰਤ ਦੀ ਲਾਚਾਰਗੀ ਦੀ ਸਪਸ਼ਟ ਤਸਵੀਰ ਸਾਹਮਣੇ ਰੱਖ ਦਿੰਦੀ ਹੈ। ਕੇਰਲ ਵਿਖੇ ਵਕੀਲ ਮਨੂ ਬਾਰੇ ਜੋ ਸ਼ਿਕਾਇਤ ਦਰਜ ਕੀਤੀ ਗਈ, ਉਸ ਅਨੁਸਾਰ ਉਸ ਨੇ ਬਲਾਤਕਾਰ ਪੀੜਤ ਮਹਿਲਾ ਦਾ ਕੇਸ ਲੜਨ ਦੌਰਾਨ ਤਿੰਨ ਵਾਰ ਉਸ ਦਾ ਜਬਰਜ਼ਨਾਹ ਕੀਤਾ, ਜਿਸ ਵਿਚ ਦੋ ਵਾਰ ਕੋਰਟ ਅੰਦਰਲੇ ਆਪਣੇ ਹੀ ਕਮਰੇ ਵਿਚ ! ਜਦੋਂ ਸ਼ਿਕਾਇਤ ਦਰਜ ਹੋ ਗਈ ਤਾਂ ਉਸ ਹੱਥ ਜੋੜ ਕੇ ਮਹਿਲਾ ਕੋਲ ਜਾ ਕੇ ਬੇਨਤੀ ਕੀਤੀ ਕਿ ਉਹ ਸ਼ਿਕਾਇਤ ਵਾਪਸ ਲੈ ਲਵੇ, ਕਿਉਂਕਿ ਉਸ ਦੀ ਜੱਜ ਬਣਨ ਦੀ ਵਾਰੀ ਆ ਚੱਲੀ ਹੈ! ਸੋਚ ਕੇ ਵੇਖੀਏ ਕਿ ਇਹੋ ਜਿਹੇ ਲੋਕ ਜੱਜ ਬਣ ਕੇ ਅੱਗੋਂ ਕੀ ਨਿਆਂ ਕਰ ਸਕਦੇ ਹਨ!

ਲੁਧਿਆਣੇ ਵਿਖੇ (24 ਜੂਨ 2022 ਦੀ ਖ਼ਬਰ ਹੈ) 32 ਸਾਲਾ ਵਕੀਲ ਨੂੰ ਉਸ ਦੇ ਪਤੀ ਦੇ ਦੋਸਤ ਨੇ ਹੀ ਕੋਲਡ ਡਰਿੰਕ ਵਿਚ ਨਸ਼ਾ ਰਲਾ ਕੇ ਬੇਹੋਸ਼ ਕਰ ਕੇ ਆਪਣੇ ਸਾਥੀਆਂ ਨਾਲ ਸਮੂਹਕ ਬਲਾਤਕਾਰ ਕਰ ਕੇ ਵੀਡੀਓ ਬਣਾ ਲਈ।

ਹੁਣ ਤਾਂ ਹੱਦ ਹੀ ਹੋ ਗਈ ਕਿ ਭਾਰਤ ਦੀ ਇਕ ਜੱਜ ਇੱਛਾ ਮੌਤ ਤੱਕ ਮੰਗਣ ਲੱਗ ਪਈ ਹੈ।

**ਕਾਰਨ ?**

ਉਹ ਆਪਣੇ ਆਪ ਨੂੰ ਜ਼ਿੰਦਾ ਲਾਸ਼ ਤੋਂ ਵੱਧ ਕੁੱਝ ਮੰਨ ਹੀ ਨਹੀਂ ਰਹੀ। ਚੀਫ ਜਸਟਿਸ ਚੰਦਰਚੂੜ ਜੀ ਨੂੰ ਲਿਖੇ ਪੱਤਰ ਵਿਚ ਉਸ ਸਪਸ਼ਟ ਕੀਤਾ ਹੈ ਕਿ ਮੈਂ ਇਸ ਉੱਚੀ ਪਦਵੀ ਉੱਤੇ ਰਹਿ ਕੇ ਵੀ ਔਰਤ ਹੋਣ ਦੇ ਨਾਤੇ ਕੂੜੇ ਦੇ ਢੇਰ ਤੋਂ ਵੱਧ ਕੁੱਝ ਮੰਨੀ ਹੀ ਨਹੀਂ ਗਈ। ਉਸ ਨੂੰ ਹੋਰ ਸਾਥੀ ਅਤੇ ਉੱਪਰਲੇ ਜੱਜਾਂ ਨੇ ਰਾਤਾਂ ਨੂੰ ਮੀਟਿੰਗਾਂ ਵਾਸਤੇ ਸੱਦ ਕੇ, ਰੱਜ ਕੇ ਸਰੀਰਕ ਸ਼ੋਸ਼ਣ ਕੀਤਾ ਜਿਸ ਦੀ ਕਿਤੇ ਸੁਣਵਾਈ ਨਹੀਂ ਹੋਈ!

ਉਸ ਬਾਕੀ ਔਰਤਾਂ ਲਈ ਵੀ ਸੁਨੇਹਾ ਛੱਡਿਆ ਹੈ ਕਿ ਤੁਸੀਂ ਵੀ ਕਿਤੋਂ ਨਿਆਂ ਦੀ ਉਮੀਦ ਨਾ ਰੱਖਿਓ! ਜਿੱਥੇ ਜੱਜ ਹੀ ਬਲਾਤਕਾਰੀਏ ਹੋਣ ਤੇ ਔਰਤ ਜੱਜ ਵੀ ਸ਼ਿਕਾਰ ਬਣ ਰਹੀ ਹੋਵੇ, ਤਾਂ ਕਿਸ ਕੋਲੋਂ ਨਿਆਂ ਮੰਗਣ ਜਾ ਰਹੀਆਂ ਹੋ?

**ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਅਨੁਸਾਰ ਸੰਨ 2022 ਵਿਚ 31.4 ਫੀਸਦੀ ਔਰਤਾਂ ਵੱਲੋਂ ਮਾਰ ਕੁਟਾਈ ਸਹਿਣ ਸੰਬੰਧੀ ਜੋ ਰਿਪੋਰਟਾਂ ਦਰਜ ਹੋਈਆਂ, ਉਹ ਜਾਂ ਤਾਂ ਪਤੀ ਵੱਲੋਂ ਜਾਂ ਉਸ ਦੇ ਰਿਸ਼ਤੇਦਾਰਾਂ ਵੱਲੋਂ ਔਰਤ ਦੀ ਮਾਰ ਕੁਟਾਈ ਦੀਆਂ ਕੀਤੀਆਂ ਗਈਆਂ, 19.2 ਫੀਸਦੀ ਉਧਾਲੇ ਜਾਂ ਚੁੱਕੇ ਜਾਣ ਦੀਆਂ, 18.7 ਫੀਸਦੀ ਔਰਤ ਦੀ ਬੇਪਤੀ ਦੀਆਂ ਅਤੇ 7.1 ਫੀਸਦੀ ਬਲਾਤਕਾਰ ਦੀਆਂ ਸ਼ਿਕਾਰ ਹੋਈਆਂ।**

ਇਹ ਸੁਨੇਹਾ ਆਪਣੇ ਆਪ ਵਿਚ ਬਹੁਤ ਵੱਡਾ ਤੇ ਸਪਸ਼ਟ ਹੈ।

ਨਿਤ ਵਧਦੇ ਜਾਂਦੇ ਔਰਤਾਂ ਪ੍ਰਤੀ ਜੁਰਮ ਕੁੱਝ ਗੱਲਾਂ ਸਪੱਸ਼ਟ ਕਰ ਰਹੇ ਹਨ:-

1. ਔਰਤ ਨੂੰ ਸ਼ਕਤੀ ਦਾ ਪ੍ਰਤੀਕ ਜ਼ਰੂਰ ਮੰਨਿਆ ਜਾ ਰਿਹਾ ਹੈ ਪਰ ਉਨ੍ਹਾਂ ਨੂੰ ਧਾਰਮਿਕ ਥਾਵਾਂ ਅੰਦਰ ਕੈਦ ਕਰ ਕੇ ਪੈਸੇ ਕਮਾਉਣ ਦੇ ਜ਼ਰੀਆ ਤੱਕ ਹੀ ਸੀਮਤ ਕਰ ਦਿੱਤਾ ਗਿਆ ਹੈ ਕਿਉਂਕਿ ਧਾਰਮਿਕ ਥਾਵਾਂ ਅੰਦਰ ਵੀ ਔਰਤ ਦੀ ਪੱਤ ਲੁੱਟੇ ਜਾਣ ਦੀਆਂ ਖ਼ਬਰਾਂ ਨਸ਼ਰ ਹੋ ਚੁੱਕੀਆਂ ਹਨ।

2. ਹੱਕਾਂ ਬਾਰੇ ਆਵਾਜ਼ ਚੁੱਕਦੀ ਔਰਤ ਨੂੰ ਚਰਿੱਤਰਹੀਣ, ਚੁੜੈਲ, ਮਾਨਸਿਕ ਰੋਗੀ ਆਦਿ ਕਹਿ ਕੇ ਸਮਾਜਿਕ ਰੱਸਿਆਂ ਵਿਚ ਜਕੜ ਕੇ ਉਸ ਨੂੰ ਇਕੱਲਾ ਕਰ ਕੇ, ਉਸ ਦੇ ਹੱਕ ਵਿਚ ਉੱਠਦੀ ਹਰ ਆਵਾਜ਼ ਦੱਬ ਕੇ, ਮਰਨ ਲਈ ਛੱਡ ਦਿੱਤਾ ਜਾਂਦਾ ਹੈ।

3. ਜ਼ਾਲਮ ਨੂੰ ਰਾਜਸੀ ਤਾਕਤ ਦੇ ਕੇ, ਆਪਣਾ ਆਗੂ ਮੰਨਣ ਦਾ ਰਿਵਾਜ਼ ਪਾ ਦਿੱਤਾ ਗਿਆ ਹੈ ਤਾਂ ਜੋ ਚੁਫ਼ੇਰੇ ਭੈਅ ਦਾ ਰਾਜ ਹੋ ਜਾਵੇ।

4. ਨਿਆਂ ਪ੍ਰਣਾਲੀ ਕਮਜ਼ੋਰ ਕਰ ਕੇ ਪੂਰੀ ਉਮਰ ਕੋਰਟਾਂ ਦੇ ਧੱਕੇ ਖਾਂਦਿਆਂ ਮਾਨਸਿਕ ਤੌਰ ਉੱਤੇ ਲੋਕਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ।

5. ਬਥੇਰੇ ਜ਼ੁਲਮ ਵਿਰੁੱਧ ਆਵਾਜ਼ ਚੁੱਕਣ ਵਾਲੇ ਤਾ-ਉਮਰ ਕੈਦਖ਼ਾਨਿਆਂ ਵਿਚ ਧੱਕ ਦਿੱਤੇ ਜਾਂਦੇ ਹਨ।

6. ਆਪਸੀ ਵੈਰ ਭਾਵ ਜਗਾ ਕੇ, ਮਨਾਂ ਵਿਚ ਇੱਕ ਦੂਜੇ ਲਈ ਨਫ਼ਰਤ ਭਰ ਕੇ, ਆਮ ਲੋਕਾਂ ਵਿਚ ਫੁੱਟ ਪਾ ਕੇ, ਉਨ੍ਹਾਂ ਨੂੰ ਆਸਾਨ ਲੁੱਟ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ, ਜਿਸ ਵਿਚ ਉਨ੍ਹਾਂ ਦੀਆਂ ਧੀਆਂ ਭੈਣਾਂ ਦੀਆਂ ਕਦਰਾਂ ਉੱਕਾ ਹੀ ਮੁਕਾ ਦਿੱਤੀਆਂ ਗਈਆਂ ਹਨ ਤੇ ਧੀਆਂ ਦੇ ਰਾਖੇ ਬਣਨ ਵਾਲੇ ਬਚੇ ਹੀ ਨਹੀਂ। ਪੁਲਿਸ ਕਰਮੀ ਵੀ ਆਪਣੀ ਧੀ ਦੀ ਪੱਤ ਬਚਾਉਣ ਗਿਆ ਤਾਂ ਜ਼ਾਲਮਾਂ ਦੀ ਗੋਲੀ ਦਾ ਸ਼ਿਕਾਰ ਹੋ ਗਿਆ ਸੀ।

7. ਔਰਤ ਨੂੰ ਸਿਰਫ਼ ਅਹੁਦਿਆਂ ਦਾ ਸ਼ਿੰਗਾਰ ਹੀ ਬਣਾਇਆ ਜਾਂਦਾ ਹੈ, ਪਰ ਤਾਕਤ ਵਿਹੂਣੀ ਬਣਾ ਕੇ!

8. ਔਰਤਾਂ ਦੇ ਥਾਣਿਆਂ ਵਿਚ ਵੀ ਔਰਤ ਅਫ਼ਸਰਾਂ ਦੇ ਉੱਤੇ ਬੈਠੇ ਮਰਦ ਅਫਸਰ ਜ਼ੁਲਮ ਜਾਂ ਘਰੇਲੂ ਹਿੰਸਾ ਸਹਿੰਦੀ ਔਰਤ ਦੇ ਹੱਕ ਵਿਚ ਆਵਾਜ਼ ਚੁੱਕਣ ਦੀ ਥਾਂ ਆਪਸੀ ਸਮਝੌਤਾ ਕੇਂਦਰ ਬਣਾਉਣ ਨੂੰ ਤਰਜੀਹ ਦਿੰਦੇ ਹਨ ਜਿੱਥੇ ਔਰਤ ਨੂੰ ਦਿੱਤੇ ਜਾਂਦੇ ਕਾਨੂੰਨੀ ਹੱਕ ਦਰਕਿਨਾਰ ਕਰਕੇ ਉਸੇ ਘਰ ਵਿਚ ਮਰਨ ਤੱਕ ਪਤੀ ਵੱਲੋਂ ਮਾਰ ਕੁਟਾਈ ਸਹਿੰਦੀ ਰਹਿਣ ਲਈ ਧੱਕਿਆ ਜਾ ਰਿਹਾ ਹੈ।

ਇਸ ਸਾਰੇ ਵਰਤਾਰੇ ਨੂੰ ਵੇਖਦੇ, ਕੋਈ ਦੱਸਣ ਦੀ ਹਿਮਾਕਤ ਤਾਂ ਕਰੇ ਕਿ ਹੁਣ ਔਰਤ ਲਈ ਭਾਰਤ ਵਿਚ ਕਿਹੜੀ ਥਾਂ, ਹਿੱਕ ਤਾਣ ਕੇ, ਸੁਰੱਖਿਅਤ ਕਹਿ ਸਕਦੇ ਹੋ? ਜੇ ਨਹੀਂ, ਤਾਂ ਕੀ ਇੱਕੋ ਰਾਹ ਬਚਿਆ ਹੈ-ਔਰਤ ਦੇ ਕੁੱਖੋਂ ਮਰਦ ਦੀ ਪੈਦਾਇਸ਼ ਹੋਣੀ ਬੰਦ ਹੋ ਜਾਏ?

ਹਾਲੇ ਵੀ ਜੇ ਅਣਖੀ ਲੋਕ ਆਪਣੀ ਚੁੱਪੀ ਤੋੜ ਕੇ ਮੌਜੂਦਾ ਹਾਲਾਤ ਨੂੰ ਵੇਲੇ ਸਿਰ ਸਮਝ ਕੇ ਇਕਜੁੱਟ ਹੋ ਜਾਣ, ਤਾਂ ਆਉਣ ਵਾਲਾ ਸਮਾਂ ਸਹੀ ਕੀਤਾ ਜਾ ਸਕਦਾ ਹੈ! ਉਮੀਦ ਉੱਤੇ ਦੁਨੀਆ ਖੜ੍ਹੀ ਹੈ! ਔਰਤ ਨੂੰ ਕਦੇ ਤਾਂ ਇਸ਼ਤਿਹਾਰਾਂ ਵਿਚ ਸ਼ੈਅ ਵਿਖਾਉਣੀ ਬੰਦ ਕਰ ਕੇ ਰਿਸ਼ਤਿਆਂ ਦੇ ਨਿੱਘ ਦਾ ਆਧਾਰ ਮੰਨਣਾ ਸ਼ੁਰੂ ਕਰਕੇ ਘਰ ਵਿਚ ਸਹੀ ਅਰਥਾਂ ਵਿਚ ਬਰਾਬਰੀ ਦਾ ਦਰਜਾ ਦਿਆਂਗੇ!-0-




## ਪਲਾਸਟਿਕ ਦਾ ਖਤਰਾ

ਬੱਚਿਓ! ਨਵੇਂ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਇਕ ਲਿਟਰ ਪਾਣੀ ਦੀ ਬੋਤਲ ਵਿਚ ਪਲਾਸਟਿਕ ਦੇ ਔਸਤਨ ਕਰੀਬ 2.40 ਲੱਖ (ਮਹੀਨ) ਟੁਕੜੇ/ਕਣ ਹੋ ਸਕਦੇ ਹਨ। ਇਹ ਗਿਣਤੀ ਇਸ ਤੋਂ ਪਹਿਲੇ ਅਤੇ ਪਲਾਸਟਿਕ ਦੇ ਵਡੇਰੇ ਕਣਾਂ ਉੱਤੇ ਧਿਆਨ ਕੇਂਦਰਿਤ ਕਰਨ ਵਾਲੇ ਅੰਦਾਜ਼ਿਆਂ ਨਾਲੋਂ 10 ਤੋਂ 100 ਗੁਣਾਂ ਤੱਕ ਜ਼ਿਆਦਾ ਹੈ। 'ਪ੍ਰੋਸੀਡਿੰਗਜ਼ ਆਫ਼ ਦਾ ਨੈਸ਼ਨਲ ਅਕੈਡਮੀ ਆਫ਼ ਸਾਇੰਸਿਜ਼' ਵਿਚ ਪ੍ਰਕਾਸ਼ਿਤ ਹੋਇਆ ਇਹ – ਅਧਿਐਨ ਕੋਲੰਬੀਆ ਯੂਨੀਵਰਸਿਟੀ ਦੇ ਸਾਇੰਸਦਾਨਾਂ ਦੀ ਅਗਵਾਈ ਵਾਲੀ ਟੀਮ ਨੇ ਕੀਤਾ ਹੈ। ਉਨ੍ਹਾਂ ਨੇ ਬੋਤਲ-ਬੰਦ ਪਾਣੀ ਦੇ ਤਿੰਨ ਮਸ਼ਹੂਰ ਅਮਰੀਕੀ ਬਰਾਂਡਾਂ ਦਾ ਪਾਣੀ ਟੈਸਟ ਕੀਤਾ ਅਤੇ ਪਾਇਆ ਕਿ ਹਰ ਇਕ ਲਿਟਰ ਪਾਣੀ ਵਿਚ 1.10 ਤੋਂ 3.70 ਲੱਖ ਤੱਕ ਪਲਾਸਟਿਕ ਕਣ ਸਨ ਜਿਨ੍ਹਾਂ ਵਿਚੋਂ 90 ਫ਼ੀਸਦੀ ਨੈਨੋ-ਪਲਾਸਟਿਕ ਅਤੇ ਬਾਕੀ ਮਾਈਕਰੋ-ਪਲਾਸਟਿਕ ਸੀ। ਨੈਨੋ-ਪਲਾਸਟਿਕ ਦਾ ਜ਼ਿਕਰ ਛੋਟੇ ਅਤੇ ਪਛਾਣੇ ਨਾ ਜਾ ਸਕਣ ਵਾਲੇ ਕਣਾਂ ਵਜੋਂ ਕੀਤਾ ਗਿਆ ਹੈ ਜਿਹੜੇ ਇਕ ਮਾਈਕਰੋ-ਮੀਟਰ ਤੋਂ ਵੀ ਛੋਟੇ ਹੁੰਦੇ ਹਨ। ਮਾਈਕਰੋ-ਪਲਾਸਟਿਕ ਦਾ ਆਕਾਰ ਇਕ ਮਾਈਕਰੋ-ਮੀਟਰ (ਇਕ ਮੀਟਰ





ਦਾ ਦਸ ਲੱਖਵਾਂ ਹਿੱਸਾ) ਤੋਂ 5 ਮਾਈਕਰੋ-ਮੀਟਰ ਤੱਕ ਹੁੰਦਾ ਹੈ।

ਵਿਗਿਆਨੀਆਂ ਵੱਲੋਂ ਨੈਨੋ ਪਲਾਸਟਿਕ ਨੂੰ ਮਾਈਕਰੋ-ਪਲਾਸਟਿਕ ਨਾਲੋਂ ਜ਼ਿਆਦਾ ਖ਼ਤਰਨਾਕ ਮੰਨਿਆ ਜਾਂਦਾ ਹੈ ਕਿਉਂਕਿ ਇਨ੍ਹਾਂ ਦੀ ਗਿਣਤੀ ਕਿਤੇ ਜ਼ਿਆਦਾ ਹੁੰਦੀ ਹੈ ਅਤੇ ਇਹ ਫੇਫੜਿਆਂ, ਦਿਲ, ਦਿਮਾਗ਼ ਅਤੇ ਲਹੂ ਦੀ ਧਾਰਾ ਤੱਕ ਵਿਚ ਦਾਖ਼ਲ ਹੋ ਸਕਦੇ ਹਨ। ਇਹ ਹਾਜ਼ਮੇ ਸਬੰਧੀ ਵਿਗਾੜ, ਸੈੱਲਾਂ ਵਿਚ ਅਸੰਤੁਲਨ, ਅੰਤੜੀਆਂ ਵਿਚ ਸੋਜ਼ਿਸ਼ ਆਦਿ ਦਾ ਕਾਰਨ ਬਣ ਸਕਦੇ ਹਨ। ਇਹ ਅਧਿਐਨ ਖ਼ਪਤਕਾਰਾਂ ਲਈ ਬਹੁਤ ਅਹਿਮੀਅਤ ਵਾਲਾ ਹੈ ਕਿਉਂਕਿ ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ ਭਾਰਤ ਵਿਚ ਤਿੰਨ ਸਾਲਾਂ (2018-21) ਦੇ ਅਰਸੇ ਦੌਰਾਨ ਮਿਨਰਲ ਵਾਟਰ ਦੇ ਖੇਤਰ ਵਿਚ ਦੱਖਣੀ ਕੋਰੀਆ ਤੋਂ ਬਾਅਦ ਦੂਜੇ ਨੰਬਰ ਉੱਤੇ ਸਭ ਤੋਂ ਤੇਜ਼ ਵਿਕਾਸ ਦਰਜ ਕੀਤਾ ਗਿਆ ਹੈ। 2021 ਦੌਰਾਨ ਭਾਰਤ ਦਾ ਸੰਸਾਰ ਭਰ ਵਿਚ ਬੋਤਲ-ਬੰਦ ਪਾਣੀ ਦੀ ਖ਼ਪਤ ਦੇ ਮਾਮਲੇ ਵਿਚ ਚੌਧਵਾਂ ਸਥਾਨ ਸੀ।

ਇਕ ਪਾਸੇ ਜਿਥੇ ਭਾਰਤ ਵਿਚ ਵਿਕਣ ਵਾਲੇ ਬੋਤਲ-ਬੰਦ ਪਾਣੀ ਦੀ ਗੁਣਵੱਤਾ ਉੱਤੇ ਹੀ ਸਵਾਲੀਆ ਨਿਸ਼ਾਨ ਲੱਗਦੇ ਹਨ, ਉੱਥੇ ਬੋਤਲਾਂ ਬਣਾਉਣ ਲਈ ਵਰਤੀ ਜਾਂਦੀ ਪਲਾਸਟਿਕ ਜਿਹੜੀ ਆਮ ਕਰ ਕੇ ਪੌਲੀਥੀਨ ਟੇਰੈਫਥੈਲੇਟ ਹੁੰਦੀ ਹੈ, ਵੀ ਹੁਣ ਜਾਂਚ ਦੇ ਘੇਰੇ ਵਿਚ ਹੈ। ਇਹ ਗੱਲ ਯਕੀਨੀ ਬਣਾਉਣ ਲਈ ਮਜ਼ਬੂਤ ਨੇਮਬੰਦੀ ਢਾਂਚੇ ਦੀ ਲੋੜ ਹੈ ਕਿ ਬੋਤਲ-ਬੰਦ ਪਾਣੀ ਸਬੰਧੀ ਸਨਅਤ ਵੱਲੋਂ ਸੁਰੱਖਿਆ ਦੇ ਸਿਖਰਲੇ ਮਿਆਰਾਂ ਦਾ ਪਾਲਣ ਕੀਤਾ ਜਾਵੇ। ਇਸ ਦੇ ਨਾਲ ਹੀ ਕੱਚ ਜਾਂ ਸਟੀਲ ਦੀਆਂ ਬੋਤਲਾਂ, ਗੱਤੇ ਦੇ ਡੱਬਿਆਂ, ਐਲੂਮੀਨੀਅਮ ਦੇ ਕੇਨਾਂ ਆਦਿ ਵਰਗੇ ਬਦਲਾਂ ਦੇ ਇਸਤੇਮਾਲ ਨੂੰ ਵੀ ਹੱਲਾਸ਼ੇਰੀ ਦਿੱਤੇ ਜਾਣ ਦੀ ਲੋੜ ਹੈ। ਪਲਾਸਟਿਕ ਕਾਰਨ ਫੈਲਣ ਵਾਲਾ ਪ੍ਰਦੂਸ਼ਣ ਆਪਣੇ ਆਪ ਵਿਚ ਵੱਡੀ ਸਮੱਸਿਆ ਹੈ। ਕੰਟੇਨਰਾਂ ਦੀ ਰੀਸਾਈਕਲਿੰਗ ਸਮਰੱਥਾ ਉੱਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਸ ਮਾਮਲੇ ਵਿਚ ਸਿਰਫ਼ ਇਨਸਾਨਾਂ ਦੀ ਹੀ ਨਹੀਂ ਸਗੋਂ ਪੂਰੀ ਧਰਤੀ ਤੇ ਹੋਰ ਜੀਵਾਂ ਦੀ ਸਿਹਤ ਵੀ ਦਾਅ ਉੱਤੇ ਲੱਗੀ ਹੋਈ ਹੈ।

-0-

## ਕਲਿਆਣ-ਪਰੀ

**ਬਹਾਦਰ ਸਿੰਘ ਗੋਸਲ 98764-52223**

ਇਕ ਵੱਡੇ ਪਹਾੜ ਦੇ ਉਸ ਪਾਰ ਇਕ ਬਹੁਤ ਹੀ ਖ਼ੂਬਸੂਰਤ ਹਰੀ ਵਾਦੀ ਸੀ। ਇਸ ਵਾਦੀ ਵਿਚ ਇਕ ਪਰੀ ਆਪਣਾ ਨਿਵਾਸ ਕਰਦੀ ਸੀ। ਪਹਾੜ ਦੇ ਇਸ ਪਾਸੇ ਇਕ ਸ਼ਹਿਰ ਅਤੇ ਦੂਰ-ਦੂਰ ਤੱਕ ਬਹੁਤ ਸਾਰੇ ਪਿੰਡ ਸਨ। ਪਰੀ ਨੂੰ ਜਦੋਂ ਵੀ ਮੌਕਾ ਮਿਲਦਾ, ਉਹ ਸ਼ਹਿਰ ਜਾਂ ਇਨ੍ਹਾਂ ਪਿੰਡਾਂ ਦਾ ਚੱਕਰ ਲਗਾਉਂਦੀ ਅਤੇ ਮਨੁੱਖਤਾ ਦੇ ਕਲਿਆਣ ਲਈ ਕੋਈ ਨਾ ਕੋਈ ਨਵਾਂ ਕੰਮ ਆਰੰਭਦੇ ਲੋਕਾਂ ਵਿਚ ਜਾਗਰੂਕਤਾ ਲਈ ਪ੍ਰਚਾਰ ਕਰਦੀ। ਇਸ ਕੰਮ ਲਈ ਉਹ ਉਸ ਇਲਾਕੇ ਦੇ ਬੱਚਿਆਂ ਨੂੰ ਆਪਣੀ ਟੀਮ ਵਿਚ ਸ਼ਾਮਿਲ ਕਰਦੀ। ਬੱਚੇ ਵੀ ਉਸ ਨਾਲ ਖ਼ੂਬ ਰਲ-ਮਿਲ ਜਾਂਦੇ ਅਤੇ ਉਸ ਦੁਆਰਾ ਕੀਤੇ ਕਲਿਆਣਕਾਰੀ ਕੰਮਾਂ ਦੇ ਭਾਈਵਾਲ ਬਣ ਜਾਂਦੇ।

ਪਰੀ ਨੂੰ ਬੱਚਿਆਂ ਨਾਲ ਬਹੁਤ ਹੀ ਪਿਆਰ ਸੀ, ਕਿਉਂਕਿ ਬੱਚੇ ਹਰ ਸਮੇਂ ਉਸ ਦੀ ਕਾਫ਼ੀ ਸਹਾਇਤਾ ਕਰਦੇ ਅਤੇ ਇਸ ਲਈ ਕਈ ਵਾਰ ਉਹ ਬੱਚਿਆਂ ਨੂੰ ਖ਼ੁਸ਼ ਕਰਨ ਲਈ ਤੋਹਫ਼ੇ ਵੀ ਵੰਡ ਜਾਂਦੀ। ਹੁਣ ਬੱਚੇ ਉਸ ਪਰੀ ਦੇ ਪ੍ਰਸ਼ੰਸਕ ਵੀ ਬਣ ਗਏ ਅਤੇ ਉਸ ਨੂੰ 'ਕਲਿਆਣ-ਪਰੀ' ਕਹਿ ਕੇ ਬੁਲਾਉਣ ਲੱਗੇ। ਪਰੀ ਨੂੰ ਵੀ ਪਤਾ ਸੀ ਕਿ ਲੋਕ ਬੱਚਿਆਂ ਦੀ ਦਲੀਲ ਨੂੰ ਛੇਤੀ ਮੰਨ ਲੈਂਦੇ ਹਨ, ਇਸ ਲਈ

ਉਸ ਦਾ ਬੱਚਿਆਂ ਵਿਚ ਘੁਲਣਾ-ਮਿਲਣਾ ਬਹੁਤ ਜ਼ਰੂਰੀ ਸੀ।

ਕਲਿਆਨ ਪਰੀ ਨੇ ਸਾਰਿਆਂ ਨੂੰ ਪਿਆਰ ਨਾਲ ਆਪਣੇ ਪਾਸ ਬਿਠਾ ਲਿਆ। ਇੰਨੇ ਵਿਚ ਦੂਰ ਖੇਡਦੇ ਹੋਰ ਬੱਚੇ ਵੀ ਆ ਗਏ। ਬੱਚਿਆਂ ਦਾ ਚੰਗਾ ਇਕੱਠ ਹੋ ਗਿਆ। ਹੁਣ ਪਰੀ ਨੇ ਦੱਸਿਆ ਕਿ 'ਅੱਜ ਅਸੀਂ ਸਾਰੇ ਸ਼ਹਿਰ ਦੇ ਕਈ ਮੁਹੱਲਿਆਂ ਵਿਚ ਜਾਵਾਂਗੇ ਅਤੇ ਘਰ-ਘਰ ਜਾ ਕੇ ਲੋਕਾਂ ਨੂੰ ਪਾਣੀ ਦੀ ਮਹੱਤਤਾ ਬਾਰੇ ਦੱਸਾਂਗੇ ਕਿ ਕੁਦਰਤ ਵੱਲੋਂ ਦਿੱਤਾ ਪਾਣੀ, ਮਨੁੱਖ, ਪਸ਼ੂ-ਪੰਛੀਆਂ ਅਤੇ ਰੁੱਖਾਂ ਲਈ ਕਿੰਨਾ ਕੀਮਤੀ ਹੈ।

ਹੁਣ ਸਾਰਿਆਂ ਦੀ ਗੱਲ ਸੁਣ ਕੇ ਪਰੀ ਨੇ ਕਿਹਾ, 'ਹੁਣ ਅਸੀਂ ਰੈਲੀ ਲਈ ਚਲਾਂਗੇ ਅਤੇ ਇਸ ਦੇ ਵਾਸਤੇ, 'ਪਾਣੀ ਬਚਾਓ' ਜਿਹੇ ਨਾਅਰਿਆਂ ਵਾਲੀਆਂ ਕੁਝ ਤਖਤੀਆਂ ਜ਼ਰੂਰ ਤਿਆਰ ਕਰ ਲਵੋ ਅਤੇ ਇਹ ਤਖਤੀਆਂ ਸ਼ਹਿਰ ਵਿਚ ਆਪਾਂ ਥਾਂ-ਥਾਂ 'ਤੇ ਲਗਾਵਾਂਗੇ, ਤਾਂ ਕਿ ਇਸ ਭਾਵਨਾ ਦਾ ਦੱਬ ਕੇ ਪ੍ਰਚਾਰ ਹੋ ਸਕੇ। ਮੈਂ ਆਪ ਵੀ ਤੁਹਾਡੇ ਨਾਲ ਚਲਾਂਗੀ, ਪਰ ਲੋਕਾਂ ਨੂੰ ਪਾਣੀ ਬਚਾਉਣ ਲਈ ਬੇਨਤੀ ਤੁਸੀਂ ਹੀ ਕਰਨੀ ਹੈ, ਕਿਉਂਕਿ ਬੱਚਿਆਂ ਦੀ ਗੱਲ ਛੇਤੀ ਮੰਨੀ ਜਾਂਦੀ ਹੈ।'

ਇਸ ਰੈਲੀ ਦਾ ਸ਼ਹਿਰ ਦੇ ਲੋਕਾਂ 'ਤੇ ਬਹੁਤ ਪ੍ਰਭਾਵਸ਼ਾਲੀ ਅਸਰ ਪਿਆ। ਸਾਰੇ ਲੋਕ ਆਪਣੇ-ਆਪਣੇ ਮਨ ਵਿਚ ਬੱਚਿਆਂ ਦੀ ਗੱਲ ਦੀ ਤਾਕੀਦ ਕਰਨ ਲੱਗੇ ਅਤੇ ਬਹੁਤ ਸਾਰਿਆਂ ਨੇ ਪਾਣੀ ਦੀ ਸੰਭਾਲ ਲਈ ਪ੍ਰਣ ਕੀਤਾ। ਬਹੁਤ ਸਾਰੇ ਸਿਆਣੇ ਲੋਕਾਂ ਨੇ ਬੱਚਿਆਂ ਅਤੇ ਪਰੀ ਦਾ ਇਸ ਜਾਗਰੂਕਤਾ ਲਈ ਧੰਨਵਾਦ ਕੀਤਾ। ਪਰੀ ਵੀ ਬੱਚਿਆਂ ਵੱਲੋਂ ਨਿਭਾਏ ਰੋਲ ਲਈ ਬਹੁਤ ਪ੍ਰਸੰਨ ਹੋਈ ਅਤੇ ਸਾਰੇ ਬੱਚਿਆਂ ਨੂੰ ਵਧੀਆ-ਵਧੀਆ ਤੋਹਫੇ ਦੇ ਕੇ ਆਪਣੇ ਨਿਵਾਸ ਸਥਾਂ ਵੱਲ ਚਲੀ ਗਈ। -0-

# ਤੈਰਨ ਵਾਲੀ ਮਛੇਰੀ ਬਿੱਲੀ

**ਗੁਰਮੀਤ ਸਿੰਘ # 98884-56910**

ਮਛੇਰੀ ਬਿੱਲੀ (ਫਿਸ਼ਿੰਗ ਕੈਟ) ਹਰੀਕੇ ਵਿਖੇ ਜੈਤੂਨੀ ਹਰੇ-ਭੂਰੇ ਰੰਗ ਨਾਲ ਲੈਸ ਸ਼ਾਮ ਵੇਲੇ ਵੇਖੀ ਜਾ ਸਕਦੀ ਹੈ। ਇਸਦੀ 70 ਫ਼ੀਸਦੀ ਖ਼ੁਰਾਕ ਮੱਛੀ ਹੈ। ਇਸੇ ਕਾਰਨ ਉਸ ਦਾ ਨਾਂ ਮਛੇਰੀ ਬਿੱਲੀ (ਫਿਸ਼ਿੰਗ ਕੈਟ) ਪਿਆ ਹੈ। ਇਨ੍ਹਾਂ ਦੇ ਅੱਖਾਂ ਦੇ ਉਪਰਲੇ ਹਿੱਸੇ ਤੋਂ ਗਰਦਨ ਦੇ ਤਲ ਤਕ 6 ਤੋਂ 8 ਕਾਲੀਆਂ ਧਾਰੀਆਂ ਹੁੰਦੀਆਂ ਹਨ। ਇਨ੍ਹਾਂ ਜਾਨਵਰਾਂ ਦੇ ਪਿਛਲੇ ਪਾਸੇ ਕਾਲੇ ਚਟਾਕ ਹੁੰਦੇ ਹਨ। ਬਾਕੀ ਦੇ ਸਰੀਰ ਦੇ ਮੁਕਾਬਲੇ ਸਿਰ ਦਾ ਰੰਗ ਗਹਿਰਾ ਹੁੰਦਾ ਹੈ। ਮਛੇਰੀ ਬਿੱਲੀ ਦਾ ਹੇਠਲਾ ਪਾਸਾ ਸਫ਼ੈਦ ਹੁੰਦਾ ਹੈ ਜਿਸ ਵਿੱਚ ਚਟਾਕ ਦਿਖਦੇ ਹਨ। ਸਰੀਰ 'ਤੇ ਕਾਲੇ ਰੰਗ ਦੇ ਧੱਬਿਆਂ ਦੇ ਨਿਸ਼ਾਨ ਹੁੰਦੇ ਹਨ। ਇਨ੍ਹਾਂ ਦਾ ਨੱਕ ਅਤੇ ਕੰਨ ਫਲੈਟ ਹੁੰਦੇ ਹਨ। ਕੰਨਾਂ ਦੇ ਪਿਛਲੇ ਪਾਸੇ ਕਾਲੇ ਵਾਲ ਹੁੰਦੇ ਹਨ ਅਤੇ ਕੇਂਦਰ ਵਿੱਚ ਇੱਕ ਚਿੱਟਾ ਨਿਸ਼ਾਨ ਹੁੰਦਾ ਹੈ। ਆਮ ਬਿੱਲੀਆਂ ਦੇ ਮੁਕਾਬਲੇ ਇਨ੍ਹਾਂ ਦੇ ਪੈਰ ਘੱਟ ਘੁੰਮਦੇ ਹਨ। ਇਨ੍ਹਾਂ ਦਾ ਪੰਜਾ ਝਿੱਲੀਦਾਰ ਹੁੰਦਾ ਹੈ।

ਮਛੇਰੀਆਂ ਬਿੱਲੀਆਂ ਆਮ ਤੌਰ 'ਤੇ ਰਾਤ ਨੂੰ ਆਪਣੇ ਕੰਮ ਵਿੱਚ ਰੁੱਝੀਆਂ ਰਹਿੰਦੀਆਂ ਹਨ। ਦਿਨ ਦੇ ਦੌਰਾਨ ਉਹ ਕਾਨੇ ਜਾਂ ਘਾਹ  ਨੂੰ ਆਪਣਾ ਬਿਸਤਰ ਬਣਾ ਕੇ ਸੌਂਦੀਆਂ ਹਨ ਤੇ ਰਾਤ ਵੇਲੇ ਉਹ ਮੱਛੀਆਂ ਦਾ ਸ਼ਿਕਾਰ ਕਰਨ ਲਈ ਪਾਣੀ ਵਿੱਚ ਚਲੇ ਜਾਂਦੀਆਂ ਹਨ। ਉਨ੍ਹਾਂ ਕੋਲ ਤੈਰਨ ਦੀ ਸ਼ਾਨਦਾਰ ਯੋਗਤਾ ਹੁੰਦੀ ਹੈ। ਨਰ ਤੇ ਮਾਦਾ ਮਛੇਰੀ ਬਿੱਲੀ ਆਪਣੇ ਬੱਚੇ ਤੋਂ ਬਿਨਾਂ ਆਮਤੌਰ 'ਤੇ ਅਲੱਗ -ਅਲੱਗ ਰਹਿੰਦੇ ਹਨ। ਉਹ ਪਾਣੀ ਵਿੱਚ ਕਾਫ਼ੀ ਦੇਰ ਤਕ ਰਹਿ ਸਕਦੀਆਂ ਹਨ ਅਤੇ ਲੰਬੀ ਦੂਰੀ ਤਕ ਤੈਰ ਸਕਦੀਆਂ ਹਨ। ਮਛੇਰੀ ਬਿੱਲੀ ਦਾ ਨਰ, ਮਾਦਾ ਤੋਂ ਜ਼ਿਆਦਾ ਦੇਰ ਤਕ ਪਾਣੀ ਵਿੱਚ ਰਹਿ ਸਕਦਾ ਹੈ। ਮਛੇਰੀ ਬਿੱਲੀ ਨੂੰ ਪਾਣੀ ਦੇ ਕੰਢਿਆਂ ਦੇ ਨਾਲ -ਨਾਲ  ਸ਼ਿਕਾਰ  ਕਰਦੇ ਵੇਖਿਆ ਜਾ ਸਕਦਾ ਹੈ। ਕਈ ਵਾਰ ਇਹ ਆਪਣਾ ਸ਼ਿਕਾਰ ਪਾਣੀ ਵਿੱਚ ਹੀ ਖ਼ਤਮ ਕਰ ਦਿੰਦੀਆਂ ਹਨ, ਪਰ ਕਈ ਵਾਰ ਸ਼ਿਕਾਰ ਨੂੰ ਬਾਹਰ ਲਿਆਉਂਦੇ ਵੀ ਦੇਖੀਆਂ ਜਾ ਸਕਦੀਆਂ ਹਨ।

ਇਨ੍ਹਾਂ ਦੀ ਖੁਰਾਕ ਦਾ ਜ਼ਿਆਦਾ ਹਿੱਸਾ ਮੱਛੀਆਂ ਹੀ ਹੁੰਦੀਆਂ ਹਨ, ਪਰ ਛੋਟੇ ਚੂਹੇ, ਘੋਗੇ, ਸੱਪ ਤੇ ਮਰੇ ਹੋਏ ਜਾਨਵਰਾਂ ਦਾ ਮਾਸ ਵੀ ਇਹ ਸੁਆਦ ਨਾਲ ਖਾਂਦੀਆਂ ਹਨ। ਉਹ ਇਲਾਕੇ ਉੱਤੇ ਆਪਣਾ ਹੱਕ ਜਤਾਉਣ ਲਈ ਆਪਣੀਆਂ ਗੱਲ੍ਹਾਂ ਤੇ ਸਿਰ ਰਗੜਦੀਆਂ ਹਨ ਅਤੇ ਆਪਣੇ ਇਲਾਕੇ 'ਤੇ ਕਬਜ਼ਾ ਦੱਸਣ ਲਈ ਥਾਂ-ਥਾਂ 'ਤੇ ਪਿਸ਼ਾਬ ਕਰਕੇ ਨਿਸ਼ਾਨੀ ਲਾਉਂਦੀਆਂ ਹਨ। ਮਛੇਰੀਆਂ ਬਿੱਲੀਆਂ ਜਨਵਰੀ ਤੇ ਫਰਵਰੀ ਦੇ ਮਹੀਨੇ ਆਪਸ ਵਿੱਚ ਮਿਲਦੀਆਂ ਹਨ। ਮਾਰਚ ਅਤੇ ਅਪਰੈਲ ਦੌਰਾਨ ਇਨ੍ਹਾਂ ਦੇ ਬੱਚਿਆਂ ਨੂੰ ਵੇਖਿਆ ਜਾ ਸਕਦਾ ਹੈ। ਗਰਭ ਦਾ ਸਮਾਂ 63-70 ਦਿਨ ਰਹਿੰਦਾ ਹੈ। ਮਾਦਾ ਮਛੇਰੀ ਬਿੱਲੀ ਦੋ ਜਾਂ ਤਿੰਨ ਬੱਚਿਆਂ ਨੂੰ ਜਨਮ ਦਿੰਦੀ ਹੈ, ਬੱਚੇ ਜਨਮ ਵੇਲੇ ਅੰਨ੍ਹੇ ਹੁੰਦੇ ਹਨ। ਉਹ ਦੋ ਹਫ਼ਤਿਆਂ ਬਾਅਦ ਆਪਣੀਆਂ ਅੱਖਾਂ ਖੋਲ੍ਹ ਲੈਂਦੇ ਹਨ। ਇੱਕ ਮਹੀਨੇ ਦੀ ਉਮਰ ਤਕ ਉਹ ਸਰਗਰਮੀ ਨਾਲ ਘੁੰਮਦੇ ਹਨ ਅਤੇ ਦੋ ਮਹੀਨਿਆਂ ਦੀ ਉਮਰ ਵਿੱਚ ਹੀ ਮੀਟ ਖਾਣਾ ਸ਼ੁਰੂ ਕਰ ਦਿੰਦੇ ਹਨ। ਉਹ 10 ਸਾਲ ਤਕ ਜਿਊਂਦੇ ਰਹਿੰਦੇ ਹਨ।

ਮਛੇਰੀਆਂ ਬਿੱਲੀਆਂ ਨੂੰ ਸਭ ਨਾਲੋਂ ਜ਼ਿਆਦਾ ਖ਼ਤਰਾ ਨਮ ਧਰਤੀ ਵਿੱਚ ਪ੍ਰਦੂਸ਼ਣ ਫੈਲਣ ਨਾਲ ਹੁੰਦਾ ਹੈ, ਜਿਸ ਦੀ ਜ਼ਿਆਦਾ ਵਰਤੋਂ ਅਸੀਂ ਖੇਤੀਬਾੜੀ ਤੇ ਆਪਣੀ ਵਸੋਂ ਲਈ ਕਰਦੇ ਹਾਂ। ਇਨ੍ਹਾਂ ਨੂੰ ਵਧੇਰੇ ਸੁਰੱਖਿਆ ਦੇਣ ਲਈ ਭਾਰਤ ਸਰਕਾਰ ਨੇ ਇਸ ਨੂੰ ਜੰਗਲੀ ਜੀਵ (ਸੁਰੱਖਿਆ) ਐਕਟ 1972 ਦੀ ਸੂਚੀ-1 ਵਿੱਚ ਰੱਖਿਆ ਹੈ ਤੇ ਇਸ ਨੂੰ ਮਾਰਨ 'ਤੇ ਘੱਟ ਤੋਂ ਘੱਟ 3 ਸਾਲ ਦੀ ਕੈਦ ਤੇ 25,000 ਰੁਪਏ ਜੁਰਮਾਨਾ ਰੱਖਿਆ ਗਿਆ ਹੈ। ਅਸਲ ਵਿੱਚ ਮਨੁੱਖ ਹੀ ਮਛੇਰੀਆਂ ਬਿੱਲੀਆਂ ਦਾ ਸਭ ਤੋਂ ਵੱਡਾ ਦੁਸ਼ਮਣ ਹੈ। ਮਨੁੱਖ ਵੱਲੋਂ ਇਨ੍ਹਾਂ ਦਾ ਮਾਸ ਖਾਣ ਅਤੇ ਖੱਲ ਲਈ ਇਨ੍ਹਾਂ ਨੂੰ ਵੱਡੀ ਗਿਣਤੀ ਵਿੱਚ ਮਾਰਿਆ ਜਾ ਰਿਹਾ ਹੈ। -0-

**ਬਾਲ ਕਵਿਤਾ:**

# ਕਰ ਲਓ ਪੜ੍ਹਾਈ

**ਸੁਖਦੇਵ ਸਿੰਘ ਕੁੱਕੂ 98143-81972**

ਥੋੜ੍ਹੇ ਦਿਨ ਖਹਿੜਾ ਹੁਣ ਖੇਡਣੇ ਦਾ ਛੱਡ ਕੇ,  
ਤੁਸੀਂ ਚੁੱਕ ਲਓ ਕਿਤਾਬਾਂ ਪੜ੍ਹਨਾ ਹੈ ਦੱਬ ਕੇ।  
ਭੋਰਾ ਕਰਨੀ ਨਹੀਂ ਪੜ੍ਹਾਈ 'ਚ ਕੁਤਾਹੀ ਬੱਚਿਓ,  
ਪੇਪਰਾਂ ਦੇ ਦਿਨ ਹੁਣ ਆ ਗਏ ਨੇ ਨੇੜੇ,  
ਕਰ ਲਓ ਪੜ੍ਹਾਈ ਬਸ ਥੋੜ੍ਹੇ ਦਿਨ ਆਹੀ ਬੱਚਿਓ।

ਕਰਕੇ ਪੜ੍ਹਾਈਆਂ ਜਿਹੜੇ ਮਾਰ ਲੈਂਦੇ ਮੱਲਾਂ,  
ਵੱਜਦੇ ਸਲੂਟ ਨਾਲੇ ਘਰ-ਘਰ ਹੁੰਦੀਆਂ ਨੇ ਗੱਲਾਂ।  
ਮਨ੍ਹਾਂ ਕਰਦੇ ਜਿਥੋਂ ਸਰ, ਕਰ ਲਓ ਮਨਾਹੀ ਬੱਚਿਓ,  
ਕਰ ਲਓ ਪੜ੍ਹਾਈ ਬਸ..........।

ਹੁਣ ਟੀ. ਵੀ. ਅਤੇ ਖੇਡਾਂ ਵਿਚ ਵਕਤ ਗਵਾਉਣਾ ਨਹੀਂ,  
ਲੰਘ ਗਿਆ ਵੇਲਾ ਫਿਰ ਇਹ ਮੁੜ ਹੱਥ ਆਉਣਾ ਨਹੀਂ।  
ਆਉਣ ਮੈਰਿਟਾਂ 'ਚ ਉਹੀ, ਛੱਡੀ ਜਿਨ੍ਹਾਂ ਲਾਪ੍ਰਵਾਹੀ ਬੱਚਿਓ,  
ਕਰ ਲਓ ਪੜ੍ਹਾਈ ਬਸ...........।

ਕਦੇ ਵੀ ਨਾ ਨਕਲ ਉੱਤੇ ਰੱਖਣੀ ਤੁਸੀਂ ਟੇਕ ਬੱਚਿਓ,  
ਉੱਚ ਸੰਸਥਾਵਾਂ ਵਿਚ ਜਾ ਕੇ ਫਿਰ ਲਗਦੇ ਬਰੇਕ ਬੱਚਿਓ।  
ਆਖਦਾ 'ਘਲੋਟੀ' ਸੱਚ ਪਲ ਥੋੜੇ ਲਈ ਇਲਾਹੀ ਬੱਚਿਓ,  
ਕਰ ਲਓ ਪੜ੍ਹਾਈ ਬਸ, ਥੋੜ੍ਹੇ ਦਿਨ ਆਹੀ ਬੱਚਿਓ।

-0-

# ਸੁਖ-ਚੈਨ ਦੇ ਸਾਧਨ: ਸਿਆਣਪ, ਸਨੇਹ ਅਤੇ ਸ੍ਵੈ-ਸਨਮਾਨ

-ਸੁਰਜੀਤ ਸਿੰਘ 0175-2214547

ਜੀਵ-ਸੰਸਾਰ ਵਿੱਚ ਕੇਵਲ ਮਨੁੱਖ ਹੈ, ਜਿਸ ਦਾ ਸੋਚਦਾ ਅਤੇ ਸਮਝਦਾ ਦਿਮਾਗ਼ ਹੈ, ਜਿਸ ਕਾਰਨ ਇਹ ਹੋਰਨਾਂ ਨਾਲ ਵੱਧ ਪੀੜ ਝਾਗਦਾ ਹੋਇਆ, ਹੁਸੜਿਆ ਅਤੇ ਅਕੇਵਿਆਂ ਨਾਲ ਅਕਲਕਾਂਦ ਜੀਵਨ ਭੋਗ ਰਿਹਾ ਹੈ। ਇਸੇ ਦਿਮਾਗ਼ 'ਚੋਂ ਪੁੰਗਰਦੀ ਸੂਝ ਇਨ੍ਹਾਂ ਤੋਂ ਛੁਟਕਾਰਾ ਪਾਉਣ ਦੇ ਰਾਹ ਵੀ ਸੁਝਾਉਂਦੀ ਰਹਿੰਦੀ ਹੈ। ਰੁਝੇਵੇਂ, ਸਨੇਹ 'ਚ ਡੁੱਬ ਜਾਣਾ, ਸਾਹਿਤ-ਸੰਗੀਤ ਨਾਲ ਮਗਨ ਰਹਿਣਾ ਅਤੇ ਮਨੋਰੰਜਨ ਦੇ ਹੋਰ ਵਸੀਲੇ, ਇਨ੍ਹਾਂ ਤੋਂ ਛੁਟਕਾਰਾ ਪਾਉਣ ਦੇ ਰਾਹ ਹਨ। ਅਜਿਹੇ ਵੀ ਹਨ, ਜਿਹੜੇ ਇਨ੍ਹਾਂ 'ਚੋਂ ਕਿਸੇ ਦਾ ਵੀ ਸ਼ੌਕ ਨਹੀਂ ਪਾਲ ਸਕੇ। ਇਹੋ ਹਨ, ਜਿਹੜੇ ਅਕੇਵੇਂ ਤੋਂ ਸਹਿਮ ਕੇ ਨਸ਼ੇ ਦੀ ਲਤ ਲਾ ਬਹਿੰਦੇ ਹਨ।

ਇਕ ਲੇਖ 'ਚ ਬਰਟਰੰਡ ਰੱਸਲ ਨੇ ਦੱਸਿਆ ਹੈ ਕਿ ਅੰਗਰੇਜ਼ ਜਦ ਅਫਰੀਕਾ ਪੁੱਜੇ, ਤਦ ਇਨ੍ਹਾਂ ਦੇ ਇਕ ਹੱਥ 'ਚ ਬਾਈਬਲ ਸੀ ਅਤੇ ਦੂਜੇ 'ਚ ਸ਼ਰਾਬ ਦੀ ਬੋਤਲ। ਉਥੇ, ਅਕੇਵਿਆਂ ਦੇ ਸਤਾਏ ਕਬੀਲਿਆਂ ਨੇ ਬਾਈਬਲ ਤਾਂ ਪਰਾਂ ਛੱਡ ਦਿੱਤੀ, ਪਰ ਸ਼ਰਾਬ ਨੂੰ ਭਲੀ-ਭਾਂਤ ਸਵੀਕਾਰ ਕਰ ਲਿਆ ਕਿਉਂਕਿ ਇਸ ਨੂੰ ਪੀਣ ਉਪਰੰਤ ਉਨ੍ਹਾਂ ਨੂੰ ਲੱਗਾ ਕਿ ਮਰਨ ਨਾਲੋਂ ਜਿਊਣਾ ਕਿਧਰੇ ਸੁਖਦਾਇਕ ਸੀ। ਅੱਜ-ਭਲਕ ਦੇ ਫਿਲਾਸਫਰਾਂ ਦਾ ਮੋਢੀ, ਇਹੋ ਬਰਟਰੰਡ ਰੱਸਲ ਕਿਧਰੇ ਹੋਰ ਇਹ ਵੀ ਕਹਿੰਦਾ ਹੈ: "ਜਦ ਮੈਂ ਸਿਆਣਿਆਂ ਨਾਲ ਗੱਲ ਕਰਦਾ ਹਾਂ, ਤਦ ਖ਼ੁਸ਼ੀ ਦੀ ਪ੍ਰਾਪਤੀ ਸੰਭਵ ਨਹੀਂ ਲਗਦੀ; ਪਰ ਜਦ ਮੈਂ ਬਗ਼ੀਚੇ ਵਿੱਚ ਮਾਲੀ ਨੂੰ ਫੁੱਲਾਂ ਵਿਚਕਾਰ ਰੁੱਝਾ ਹੋਇਆ ਵੇਖਦਾ ਹਾਂ, ਤਦ ਖ਼ੁਸ਼ੀ ਸੁਭਾਵਕ ਅਵਸਥਾ ਲੱਗਣ ਲਗਦੀ ਹੈ।"

ਰੁਝੇਵਿਆਂ ਬਿਨਾਂ, ਇਕੱਲੀ ਸੋਚ ਹੁਸੜੇ ਜੀਵਨ ਨੂੰ ਜ਼ਾਇਕੇਦਾਰ ਬਣਾਉਣ ਲਈ ਕਾਫੀ ਨਹੀਂ, ਜਿਵੇਂ ਕਿ ਮਨ ਨੂੰ ਸਿਧਾਏ ਬਿਨਾਂ, ਇਕੱਲੇ ਰੁਝੇਵੇਂ ਵੀ ਕੁਝ ਨਹੀਂ ਕਰ ਸਕਦੇ। ਇਸ ਪ੍ਰਸੰਗ 'ਚ, ਨਾ ਸਿਕੰਦਰ-ਨਿਪੋਲੀਅਨ ਜਿਹੇ ਜਰਨੈਲ ਆਦਰਸ਼ ਸਮਝੇ ਜਾ ਸਕਦੇ ਹਨ ਅਤੇ ਨਾ ਹੀ ਸਭੋ ਕੁਝ ਦਾ ਤਿਆਗ ਕਰੀ ਬੈਠੇ ਰਿਸ਼ੀ-ਮੁਨੀ; ਸਗੋਂ ਆਦਰਸ਼ ਉਹ ਵਿਚਾਰਵਾਨ ਹਨ, ਜਿਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਅਮਲ ਦਾ ਬਾਣਾ ਪਹਿਨਾਇਆ, ਜਿਵੇਂ ਫ੍ਰਾਂਸਿਸ ਬੇਕਨ, ਵਾਲਟੇਅਰ, ਟੈਗੋਰ ਆਦਿ।

ਸਾਡਾ ਜੀਵਨ ਲੋੜਾਂ ਦਾ ਪਿਟਾਰਾ ਹੈ, ਜਿਨ੍ਹਾਂ 'ਚੋਂ ਬਹੁਤੀਆਂ ਪੂਰੀਆਂ ਹੋਣ ਦਾ ਨਾਂ ਨਹੀਂ ਲੈਂਦੀਆਂ। ਜੇਕਰ ਇਕ ਪੂਰੀ ਹੋ ਜਾਂਦੀ ਹੈ, ਤਦ ਦਸ ਹੋਰ ਅਪੂਰਣ ਰਹਿ ਜਾਂਦੀਆਂ ਹਨ। ਜਿਹੜੀ ਇਕ ਲੋੜ ਪੂਰੀ ਹੋ ਜਾਂਦੀ ਹੈ, ਉਹ ਵੀ ਭਿਖਾਰੀ ਨੂੰ ਮਿਲੀ ਭੀਖ ਵਾਂਗ, ਜੀਵਨ ਦੀਆਂ ਵਿਫਲਤਾਵਾਂ ਨਾਲ ਲੜਦੇ-ਘੁਲਦੇ ਰਹਿਣ ਦਾ ਬਹਾਨਾ ਬਣਦੀ ਰਹਿੰਦੀ ਹੈ। ਪਰ ਕੀ ਅਪੂਰਣ ਰਹੀਆਂ ਲੋੜਾਂ 'ਚ ਉਲਝੇ ਜੀਵਨ ਲਈ ਵਿਫਲਤਾਵਾਂ ਤੋਂ ਛੁਟਕਾਰਾ ਪਾਉਣਾ ਸੰਭਵ ਹੈ? ਇਸ ਕਾਰਜ ਲਈ ਹੋਰਨਾਂ ਦਾ ਆਸਰਾ ਤੱਕਣਾ ਫਜ਼ੂਲ ਹੈ।

ਜਿਹੜੇ ਅਜਿਹਾ ਕਰਦੇ ਹਨ, ਉਹ ਉਮਰ ਭਰ ਉਸ ਕੁਝ ਨੂੰ ਤਰਸਦੇ ਰਹਿ ਜਾਂਦੇ ਹਨ, ਜਿਸ ਦੀ ਆਸ ਲੈ ਕੇ ਉਨ੍ਹਾਂ ਨੇ ਕਿਸੇ ਪਹੁੰਚੇ ਹੋਏ ਪੀਰ ਜਾਂ ਆਗੂ ਦੀ ਸ਼ਰਨ ਲਈ ਹੁੰਦੀ ਹੈ।

ਅਰਸਤੂ ਇਹ ਕਹਿਣ 'ਚ ਸਹੀ ਸੀ ਕਿ ਸਿਆਣਾ ਵਿਅਕਤੀ ਖ਼ੁਸ਼ੀ ਖੋਜਣ ਦੀ ਥਾਵੇਂ, ਫ਼ਿਕਰਾਂ ਅਤੇ ਪ੍ਰੇਸ਼ਾਨੀਆਂ ਤੋਂ ਉਤਾਂਹ ਉੱਠਣ ਦੇ ਯਤਨ ਕਰਦਾ ਹੈ, ਇਸ ਲਈ, ਕਿਉਂਕਿ ਇਨ੍ਹਾਂ ਦੀ ਅਣਹੋਂਦ ਹੀ ਸੁਖ ਦਾ ਅਨੁਭਵ ਬਣਦੀ ਹੈ। ਖ਼ੁਸ਼ੀ ਫੜੀ ਜਾ ਸਕਣ ਵਾਲੀ ਸ਼ੈਅ ਨਹੀਂ; ਇਹ ਮਨ ਦੀ ਅਵਸਥਾ ਹੈ, ਜਿਹੜੀ ਸਾਡੀ ਕ੍ਰਿਆਸ਼ੀਲਤਾ ਦਾ ਉਪ ਫਲ ਹੈ। ਖ਼ੁਸ਼ੀ ਨੂੰ ਸਿਧਿਆਂ ਖੋਜਣਾ, ਇਸੇ ਲਈ, ਮੂਰਖਤਾਈ ਹੈ। ਖ਼ੁਸ਼ੀ ਦਾ ਇਕ ਦੋਸ਼ ਇਹ ਵੀ ਹੈ ਕਿ ਇਸ ਦੀ ਥੋੜ੍ਹ-ਚਿਰੀ ਅਵਧੀ ਹੈ। ਸਾਡੀ ਮਾਨਸਿਕ ਅਵਸਥਾ ਇਸ ਹੱਦ ਵਿਕਸਿਤ ਨਹੀਂ ਕਿ ਵਿਸਮਾਦੀ ਸਰੂਰ ਨਾਲ ਇਹ ਲੰਬੀ ਅਵਧੀ ਤੱਕ ਨਿਭ ਸਕੇ। ਦਿਮਾਗ਼ 'ਚੋਂ ਰਿਸਦੇ ਅਣੂ, ਜਿਹੜੇ ਖ਼ੁਮਾਰੀ ਦਾ ਕਾਰਨ ਬਣਦੇ ਹਨ, ਉਹ ਖੁਰ-ਖੁਰ ਕੇ ਖ਼ਰਚ ਹੋ ਜਾਣ ਵਾਲੇ ਹਨ, ਦੇਰ ਤੱਕ ਬਣੇ ਰਹਿਣ ਵਾਲੇ ਨਹੀਂ। ਇਸੇ ਕਾਰਨ, ਚੇਸ਼ਟਾ ਜਾਂ ਇੱਛਾ ਦੇ ਪੂਰਾ ਹੋ ਜਾਣ ਉਪਰੰਤ ਮਨ ਨੂੰ ਹੋ ਰਿਹਾ ਸੁਖਾਵਾਂ ਅਨੁਭਵ, ਥੋੜ੍ਹੇ ਵਕਫੇ ਉਪਰੰਤ, ਕਿਧਰੇ ਉਡ-ਪੁਡ ਜਾਂਦਾ ਹੈ ਅਤੇ ਫਿਰ ਧਿਆਨ ਨਵੀਂ ਚੇਸ਼ਟਾ ਵੱਲ ਮੁੜ ਜਾਂਦਾ ਹੈ। ਬਿਨਾਂ ਅੰਤ ਦਾ ਇਹ ਸਿਲਸਿਲਾ ਵਿਅਕਤੀ ਦੁਆਲੇ ਬੇਚੈਨੀਆਂ ਦਾ ਅੰਬਾਰ ਜੀਵਨ ਭਰ ਉਸਾਰਦਾ ਰਹਿੰਦਾ ਹੈ। ਆਪਣੀਆਂ ਲਾਲਸਾਵਾਂ ਨੂੰ ਪ੍ਰਬਲ ਇੱਛਾ ਦੁਆਰਾ ਨਿਅੰਤ੍ਰਿਤ ਕਰ ਸਕਣਾ ਵੀ, ਵਿਅਕਤੀਗਤ ਜੀਵਨ ਨਾਲ ਜੁੜੀ ਇਸ ਉਲਝਵੀਂ ਸਥਿਤੀ 'ਚੋਂ ਬਾਹਰ ਆਉਣ ਦਾ ਇਕ ਰਾਹ ਹੈ।

ਸਾਡੇ ਲਈ ਜੀਵਨ ਲੜੀ ਜਾ ਰਹੀ ਜੰਗ ਵਾਂਗ ਹੈ। ਚੁਫੇਰੇ ਝਗੜੇ, ਵਿਵਾਦ, ਅਸਫ਼ਲਤਾਵਾਂ ਅਤੇ ਵਿਫ਼ਲਤਾਵਾਂ ਦੇ ਬਖੇੜੇ ਹਨ। ਹਰ ਕੋਈ ਅਧਿਕਾਰ ਲਈ, ਪਦਵੀ ਲਈ ਅਤੇ ਖਲੋਣ-ਬੈਠਣ ਦੀ ਥਾਂ ਲਈ ਲੜੀ-ਝਗੜੀ ਜਾ ਰਿਹਾ ਹੈ। ਸ਼ਾਂਤੀ ਜਾਂ ਖ਼ੁਸ਼ੀ ਪਹਾੜੀ ਦੀ ਅਜਿਹੀ ਸਿਖ਼ਰ ਬਣੀ ਹੋਈ ਹੈ, ਜਿਹੜੀ ਅਪਹੁੰਚ ਹੈ ਅਤੇ ਬੱਦਲਾਂ 'ਚ ਘਿਰੀ ਹੋਈ ਅੱਖੋਂ ਓਝਲ ਹੈ। ਇਸ ਪਹਾੜੀ ਉਪਰ ਚੜ੍ਹਨ ਦੇ ਜਿਹੜੇ ਹੌਸਲਾ ਕਰਦੇ ਵੀ ਹਨ, ਉਹ ਹਫ-ਹਫਾ ਕੇ ਚੜ੍ਹਨਾ ਹੀ ਤਿਆਗ ਛੱਡਦੇ ਹਨ। ਮਾਇਆ ਦੇ ਅੰਬਾਰ ਜਾਂ ਫਿਰ ਪ੍ਰਭਾਵਸ਼ੀਲ ਹੋਣ ਦਾ ਅਨੁਭਵ ਵੀ ਦਿਲ ਨੂੰ ਪੈ ਰਹੀ ਖੋਹ ਤੋਂ ਛੁਟਕਾਰਾ ਦਿਵਾ ਸਕਣ 'ਚ ਸਫਲ ਨਹੀਂ ਹੋ ਰਹੇ। ਇਸ 'ਚ ਸਾਡਾ ਹੀ ਦੋਸ਼ ਹੈ ਕਿ ਅਸੀਂ ਨਹੀਂ ਜਾਣਦੇ ਕਿ ਅਸੀਂ ਖੋਜ ਕੀ ਰਹੇ ਹਾਂ ਅਤੇ ਜਿਸ ਨੂੰ ਅਸੀਂ ਖ਼ੁਸ਼ੀ ਸਮਝਦੇ ਹਾਂ, ਉਹ ਹੈ ਕੀ?

ਇਹ ਪੁਸ਼ਟੀਪੂਰਕ ਸਿੱਧ ਹੈ ਕਿ ਮਨਭਾਉਂਦੇ ਕਿਸੇ ਕਾਰਜ ਨੂੰ ਸਫ਼ਲ ਨਿਪਟਾ ਸਕਣ ਨਾਲ ਖ਼ੁਸ਼ੀ ਮਿਲਦੀ ਹੈ। ਮਨ ਅੰਦਰੋਂ ਪੁੰਗਰੀ ਕਿਸੇ ਭਾਵਨਾ ਦੇ ਸੰਤੁਸ਼ਟ ਹੋਣ ਨਾਲ ਵੀ ਖ਼ੁਸ਼ੀ ਮਿਲਦੀ ਹੈ। ਉਂਜ, ਹਰ ਇਕ ਜੀਵ ਦੀ ਅਤੇ ਮਨੁੱਖ ਦੀ ਵੀ ਮੂਲ ਭਾਵਨਾ ਦਾ ਸਬੰਧ ਪੇਟ ਭਰਨ ਨਾਲ ਹੈ। ਇਸ ਉਪਰੰਤ, ਸਨੇਹ ਆਧਾਰ ਵਾਲੀ ਭਾਵਨਾ ਨੂੰ ਵਿਅਕਤੀ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ। ਇਸ ਭਾਵਨਾ ਨੂੰ ਸੰਤੁਸ਼ਟ ਕਰਨ ਦੇ ਉਪਰਾਲੇ ਜਵਾਨੀ, ਮੱਧ-ਆਯੂ ਅਤੇ ਬੁਢੇਪਾ ਆਪੋ-ਆਪਣੀ ਵਿੱਤ ਅਨੁਕੂਲ ਅਤੇ ਆਪੋ-ਆਪਣੇ ਢੰਗ ਨਾਲ ਕਰਦੇ ਵੀ ਰਹਿੰਦੇ ਹਨ। ਸਨੇਹ, ਪ੍ਰਜਣਨ ਦੇ ਸਾਧਨ ਵਜੋਂ ਸਮੁੱਚੇ ਜੀਵ-ਸੰਸਾਰ ਦਾ ਅਧਿਕਾਰ ਹੈ। ਭੁੱਖ ਨੂੰ ਤ੍ਰਿਪਤ ਕਰਨ ਉਪਰੰਤ ਇਹੋ ਮੂਲ ਦੋਸ਼ ਜੀਵਨ ਨਾਲ ਅਟੁੱਟ ਅਤੇ ਅਮੁੱਕ ਪ੍ਰਣਾਇਆ ਹੋਇਆ ਹੈ। ਇਸ ਦੀ ਭਾਵਨਾਤਮਿਕ ਭੁੱਖ ਨੇ ਮਾਨਵਤਾ ਦੇ ਸਭਿਆਚਾਰਕ ਦਾਇਰੇ 'ਚ, ਭਾਂਤ-ਭਾਂਤ ਦੇ ਬਾਣੇ ਪਹਿਨ ਰੱਖੇ ਹਨ: ਸਾਹਿਤ ਦਾ, ਸੂਖਮ ਕਲਾ ਦਾ, ਸੰਗੀਤ ਦਾ, ਧਾਰਮਿਕ ਮਤ ਦਾ। ਇਹੋ ਭਾਵਨਾ ਹਮਦਰਦੀ, ਕੋਮਲਤਾ, ਉਦਾਰਤਾ ਅਤੇ ਆਤਮ-ਸੰਜਮ ਦਾ ਸਰੋਤ ਬਣ ਕੇ ਸੁਆਰਥ ਦੇ ਪੁਤਲੇ ਮਨੁੱਖ ਨੂੰ ਰੂਹਾਨੀਅਤ ਨਾਲ ਸ਼ਿੰਗਾਰ ਰਹੀ ਹੈ।

ਜਵਾਨੀ 'ਚ ਜੋਸ਼ ਹੈ, ਅੱਗ ਹੈ, ਪਰ ਇਸ 'ਚ ਅਗਵਾਈ ਕਰਦੀ ਸੂਝ ਦਾ ਮੱਧਮ ਪ੍ਰਕਾਸ਼ ਹੈ। ਇਸੇ ਕਾਰਨ ਭਾਵਨਾਵਾਂ ਦੇ ਹੜ੍ਹ 'ਚ ਰੁੜ੍ਹਦਿਆਂ ਜਵਾਨੀ ਨੂੰ ਸਮਾਂ ਨਹੀਂ ਲਗਦਾ। ਉਧਰ ਵਧਦੀ ਜਾ ਰਹੀ ਆਯੂ ਦੌਰਾਨ, ਸੂਝ ਦੇ ਪ੍ਰਕਾਸ਼ ਦੀ ਚਮਕ-ਦਮਕ ਤਾਂ ਹੁੰਦੀ ਹੈ ਪਰ ਉਸ ਉਤੇਜਿਤ ਨਿੱਘ ਤੋਂ ਆਯੂ ਦਾ ਇਹ ਪੜਾਅ ਵਿਰਵਾ ਰਹਿ ਜਾਂਦਾ ਹੈ, ਜਿਹੜਾ ਰੂਹ ਨੂੰ ਖਿੜਾਈ ਰੱਖਦਾ ਹੈ। ਇਹ ਮਾਨਵੀ ਸਥਿਤੀ ਦਾ ਦੁਖਾਂਤ ਵੀ ਹੈ ਅਤੇ ਇਸੇ ਦੁਖਾਂਤ ਦਾ ਤੋੜ ਹੈ ਸਿਆਣਪ, ਜਿਹੜੀ ਸਾਨੂੰ ਔਝੜਨੋਂ ਰੋਕਦੀ ਹੈ ਅਤੇ ਕੁਥਾਏਂ ਡਿੱਗਣੋਂ ਬੋਚਦੀ ਹੈ। ਪਰ ਕਿੰਨੇ ਕੁ ਹਨ, ਜਿਹੜੇ ਇਸ ਦੇ ਕਹੇ ਅਨੁਸਾਰ ਚਲਦੇ ਹਨ ਅਤੇ ਅਮੋੜ ਲਾਲਸਾਵਾਂ ਦਾ ਕਿਹਾ ਮੰਨਣੋਂ ਝਿਜਕਦੇ ਹਨ।

ਲਾਲਸਾਵਾਂ ਨੂੰ ਨਿਅੰਤ੍ਰਿਤ ਕੀਤਿਆਂ ਹੀ ਆਪਣੇ-ਆਪ ਲਈ ਸਨਮਾਨ ਉਪਜਦਾ ਹੈ, ਜਿਹੜਾ ਆਪਣੇ-ਆਪ ਵਿੱਚ ਸੁਖਾਵਾਂ ਅਨੁਭਵ ਹੈ। ਸੰਸਾਰ ਵਿੱਚ ਸਿਰੇ ਚੜ੍ਹੇ ਵੱਡੇ-ਵੱਡੇ ਕਾਰਜਾਂ ਲਈ ਆਤਮ ਸਨਮਾਨ ਪ੍ਰੇਰਣਾ ਬਣਦਾ ਰਿਹਾ ਹੈ ਅਤੇ ਕੋਈ ਵੀ ਪ੍ਰਤਿਭਾਸ਼ਾਲੀ ਯੋਗ ਵਿਅਕਤੀ ਇਸ ਦਾ ਆਸਰਾ ਲਏ ਬਿਨਾਂ ਉਹ ਕੁਝ ਨਹੀਂ ਸੀ ਕਰ ਸਕਿਆ, ਜਿਸ ਲਈ ਉਹ ਜਾਣਿਆ ਜਾ ਰਿਹਾ ਹੈ। ਜੀਵਨ 'ਚ ਸੰਤੁਸ਼ਟੀ ਦਾ ਇਹ ਅਨੁਭਵ ਵੀ ਕਾਰਨ ਬਣ ਸਕਣ ਯੋਗ ਹੈ। ਇਸ ਨਾਲ ਜੁੜੀ ਭਾਵਨਾ, ਭਾਵ ਅਣਖ ਦੀ ਕਦਰ ਸਮਾਜ ਉਸ ਹੱਦ ਨਹੀਂ ਕਰ ਰਿਹਾ, ਜਿਸ ਦੀ ਇਹ ਹੱਕਦਾਰ ਹੈ। ਸਗੋਂ, ਅੱਜ, ਪਰਿਣਾਮਵਾਦੀ ਸੰਸਕਾਰਾਂ ਹੱਥੋਂ ਇਸ ਦਾ ਅਪਮਾਨ ਵੱਧ ਹੋ ਰਿਹਾ ਹੈ।

ਅਣਜਾਣ ਵਿਅਕਤੀ, ਅਣਜਾਣ ਸਥਾਨ, ਅਣਜਾਣ ਕਾਰਜ ਸਾਨੂੰ ਲੁਭਾਉਣੇ ਭਾਵੇਂ ਲੱਗਣ, ਪਰ ਹਕੀਕਤ ਇਹ ਹੈ ਕਿ ਹੋਰ ਵਿਅਕਤੀ, ਹੋਰ ਸਥਾਨ ਅਤੇ ਹੋਰ ਕਾਰਜ ਲਗਪਗ ਉਹੋ ਜਿਹੇ ਹੀ ਹੁੰਦੇ ਹਨ, ਜਿਨ੍ਹਾਂ ਨਾਲ ਸਾਡਾ ਵਾਹ ਪੈਂਦਾ ਰਹਿੰਦਾ ਹੈ। ਮੰਨ ਕੇ ਚੱਲੋ:

* ਜੀਵਨ ਵਗਦੀ ਅਜਿਹੀ ਨਦੀ ਹੈ, ਜਿਸ ਦੇ ਰਾਹ 'ਚ ਮੋੜ, ਉਤਾਰ-ਚੜ੍ਹਾਅ, ਵਣ ਅਤੇ ਥਲ, ਸੋਕੇ ਅਤੇ ਤਰਾਵਟਾਂ ਹਨ।

* ਸੌ ਚੈਨਲਾਂ ਵਾਲੇ ਟੈਲੀਵਿਜ਼ਨ ਜਿਹਾ ਸਾਡਾ ਮਨ ਹੈ, ਜਿਹੜਾ ਪਲ ਪਲ ਰੋਮਾਂਸ ਤੋਂ ਦਹਿਸ਼ਤ 'ਚ, ਕੋਮਲ ਤੋਂ ਲੱਚਰ 'ਚ ਅਤੇ ਸੁਆਰਥ ਤੋਂ ਰੂਹਾਨੀਅਤ 'ਚ ਬਦਲਦਾ ਹੋਇਆ, ਕਿਧਰੇ ਵੀ ਸਥਿਰ ਇਕ ਥਾਵੇਂ ਟਿਕਿਆ ਨਹੀਂ ਰਹਿੰਦਾ।

* ਮਨ ਦੀ ਤ੍ਰਿਪਤੀ ਤੇ ਮਨ ਦੀ ਖੁਸ਼ੀ ਖਰੀਦੇ ਨਹੀਂ ਜਾ ਸਕਦੇ। ਇਨ੍ਹਾਂ ਨਾਲ ਮੁਲਾਕਾਤ ਹਰ ਇਕ ਦੀ ਹੁੰਦੀ ਰਹਿੰਦੀ ਹੈ, ਭਾਵੇਂ ਕੋਈ ਮਹਿਲਾਂ 'ਚ ਰਹਿ ਰਿਹਾ ਹੈ ਅਤੇ ਜਾਂ ਫਿਰ ਟੱਪਰੀ ਦਾ ਵਾਸੀ ਹੈ। ਖੁਸ਼ੀ ਇਤਫਾਕ ਨਾਲ ਮਿਲਣ ਵਾਲੀ ਪਰਿਸਥਿਤੀ ਹੈ, ਜਦਕਿ ਮਨ ਦੀ ਤ੍ਰਿਪਤੀ ਲਈ ਯਤਨ ਕਰਨੇ ਪੈਂਦੇ ਹਨ।

* ਜੀਵਨ ਦੇ ਹਰ ਪੜਾਅ ਦੇ ਆਪੋ-ਆਪਣੇ ਅਧਿਕਾਰ ਅਤੇ ਆਪੋ-ਆਪਣੀਆਂ ਮਜਬੂਰੀਆਂ ਹਨ। ਇਨ੍ਹਾਂ ਨਾਲ ਸਮਝੌਤਾ ਕਰਨਾ ਹੀ ਬਣਦਾ ਹੈ।

* ਅਰੋਗ ਰਹਿਣ ਦੇ ਯਤਨ ਸਦਾ ਜਾਰੀ ਰਹਿਣੇ ਚਾਹੀਦੇ ਹਨ। ਹਕੀਕਤ ਨੂੰ ਸੂਝ-ਸਮਝ ਦੁਆਰਾ ਪਛਾਣਦੇ ਰਹਿਣਾ ਅਤੇ ਉਤਸ਼ਾਹ ਨੂੰ ਹੱਥੋਂ ਨਾ ਜਾਣ ਦੇਣਾ ਵੀ ਜ਼ਰੂਰੀ ਹਨ।

ਮਨੁੱਖ ਦੇ ਜੀਵਨ ਦਾ ਅੰਤਲਾ ਪੜਾਅ, ਖੁਆਰੀ ਗ੍ਰਸਤ ਪੜਾਅ ਹੈ। ਬੁਢੇਪਾ ਜਦ ਆਉਂਦਾ ਹੈ ਤਾਂ ਸਰੀਰਕ ਅਤੇ ਮਾਨਸਿਕ ਦੁਰਬਲਤਾ ਨਾਲ ਲੈ ਕੇ ਆਉਂਦਾ ਹੈ। ਕੁਝ ਕਰਨ ਯੋਗ ਨਾ ਹੋਣ ਕਰਕੇ ਬੁੱਢਾ ਹੋਇਆ ਵਿਅਕਤੀ ਝੂਰਦਾ ਰਹਿੰਦਾ ਹੈ ਅਤੇ ਮਨਪ੍ਰਚਾਵਾ ਵੀ ਉਸ ਤੋਂ ਤ੍ਰਿਬਕਣ ਲਗਦਾ ਹੈ। ਆਯੂ ਦੇ ਇਸ ਪੜਾਅ ਦੌਰਾਨ ਹੀ ਭਾਵੇਂ ਸ਼ਹਿਰਯਾਰ ਨੇ ਇਹ ਸ਼ਿਅਰ ਕਿਹਾ ਸੀ:

"ਸਿਆਹ ਰਾਤ ਨਹੀਂ ਨਾਮ ਲੇਤੀ ਢਲਣੇ ਕਾ,
ਯਿਹੀ ਤੋ ਵਕਤ ਹੈ ਸੂਰਜ, ਤੇਰੇ ਨਿਕਲਣੇ ਕਾ।"

ਫ਼ੈਜ, ਆਪਣੀ ਆਯੂ ਦੇ ਇਸ ਸਮੇਂ ਨੂੰ ਖੁਸ਼ਗਵਾਰ ਯਾਦਾਂ ਨਾਲ ਸ਼ਿੰਗਾਰਦਾ ਹੋਇਆ ਵਿਦਾ ਹੋਇਆ ਸੀ। ਉਸ ਨੇ ਆਪਣੇ ਮਨ ਨੂੰ ਮੁਰਝਾਉਣ ਨਹੀਂ ਸੀ ਦਿੱਤਾ, ਸਗੋਂ ਉਸ ਨੇ ਇਸ ਨੂੰ ਆਪਣੀ ਕਲਪਣਾ ਨੂੰ ਟੁੰਬ-ਟੁੰਬ ਟਹਿਕਾਈ ਰੱਖਿਆ ਸੀ। ਉਸ ਨੇ ਲਿਖਿਆ ਹੈ:

'ਹਾਲੀਂ ਰਾਤ (ਉਮਰ) ਬਾਕੀ ਸੀ ਕਿ ਢਲਦੇ ਚੰਦਰਮਾ ਨੇ ਸਿਰਹਾਣੇ ਆ ਕੇ ਮੈਨੂੰ ਕਿਹਾ: ਜਾਗ ਪਹੁ ਫੁੱਟ ਰਹੀ ਹੈ ਅਤੇ ਤੇਰੇ ਹਿੱਸੇ ਦੀ ਖ਼ੁਮਾਰ ਅਰਪਣ ਕਰਦੀ ਮਧੂ ਵੀ ਮੁੱਕਣ 'ਤੇ ਆ ਗਈ ਹੈ। ਆਪਣੇ ਸੁਪਨਿਆਂ ਨੂੰ ਵਿਦਾ ਕਰਕੇ ਜਦ ਮੈਂ ਅੱਖ ਝਪਕੀ ਤਾਂ ਮੈਨੂੰ ਬੀਤ ਚੁੱਕੇ ਦਿਨਾਂ ਦੇ ਠਹਿਰੇ ਪਾਣੀ ਦੀ ਸਤਹ ਤੇ ਯਾਦਾਂ ਦੇ ਭੰਵਰ ਥਾਂ-ਪਰ-ਥਾਂ ਝਿਲਮਿਲਾਉਂਦੇ ਦਿਸੇ ਅਤੇ ਉਪਰੋਂ ਆਕਾਸ਼ 'ਚੋਂ ਤਾਰਿਆਂ ਦੇ ਕੰਵਲ ਝੜ-ਝੜ ਪਾਣੀ 'ਚ ਡੁੱਬਦੇ, ਤਰਦੇ, ਕੁਮਲਾਉਂਦੇ ਅਤੇ ਖਿੜਦੇ ਦਿਸੇ। ਇਸ ਤਰ੍ਹਾਂ, ਰਾਤ ਅਤੇ ਪਹੁਫੁਟਾਲਾ ਦੇਰ ਤੱਕ ਇਕ-ਦੂਜੇ ਦੇ ਗਲ ਲੱਗੇ ਰਹੇ'। -0-

# ਇੱਕ ਸ਼ਰਾਬੀ ਮੰਤਰੀ ਦਾ ਕਾਰਨਾਮਾ

**ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ.) ਪੰਡੋਰੀ ਸਿੱਧਵਾਂ 9501100062**

ਨੌਕਰੀ ਦੇ ਦੌਰਾਨ ਕਈ ਅਜੀਬੋ ਗਰੀਬ ਘਟਨਾਵਾਂ ਵਾਪਰ ਜਾਂਦੀਆਂ ਹਨ ਜੋ ਸਦਾ ਲਈ ਯਾਦ ਰਹਿ ਜਾਂਦੀਆਂ ਹਨ। 26 ਜਨਵਰੀ ਨੂੰ ਗਣਤੰਤਰ ਦਿਵਸ ਆ ਰਿਹਾ ਹੈ ਤੇ ਮੈਨੂੰ ਕਈ ਸਾਲ ਪਹਿਲਾਂ 26 ਜਨਵਰੀ ਵਾਲੇ ਦਿਨ ਵਾਪਰੀ ਇੱਕ ਦਿਲਚਸਪ ਘਟਨਾ ਅੱਜ ਵੀ ਯਾਦ ਹੈ। ਮੈਂ ਉਸ ਸਮੇਂ ਜਿਲ੍ਹਾਂ ਬਰਨਾਲਾ ਵਿੱਚ ਬਤੌਰ ਐਸ.ਪੀ. ਹੈੱਡਕਵਾਟਰ ਤਾਇਨਾਤ ਸੀ। 26 ਜਨਵਰੀ ਨੂੰ ਵੈਸੇ ਵੀ ਬਹੁਤ ਠੰਡ ਹੁੰਦੀ ਹੈ ਤੇ ਪਰੇਡ ਕਰਨ ਵਾਲੇ ਪੁਲਿਸ, ਹੋਮਗਾਰਡ ਅਤੇ ਐਨ.ਸੀ.ਸੀ. ਆਦਿ ਦੇ ਜਵਾਨਾਂ ਦੇ ਹੱਥ ਪੈਰ ਸੁੰਨ ਹੋ ਜਾਂਦੇ ਹਨ। ਹਰੇਕ ਜਿਲ੍ਹੇ ਵਿੱਚ ਪਰੇਡ ਤੋਂ ਸਲਾਮੀ ਲੈਣ ਲਈ ਇੱਕ ਮੰਤਰੀ ਦੀ ਡਿਊਟੀ ਲੱਗਦੀ ਹੈ ਜੋ 25 ਜਨਵਰੀ ਨੂੰ ਹੀ ਉਸ ਜਿਲ੍ਹੇ ਵਿੱਚ ਪਹੁੰਚ ਜਾਂਦਾ ਹੈ। ਉਸ ਸਾਲ ਵੀ ਅੱਜ ਵਾਂਗ ਕੜਾਕੇ ਦੀ ਠੰਡ ਅਤੇ ਸੰਘਣੀ ਧੁੰਦ ਪੈ ਰਹੀ ਸੀ ਜਿਸ ਕਾਰਨ ਮੰਤਰੀ ਸ਼ਾਮ 6 ਕੁ ਵਜੇ ਪੀ.ਡਬਲਿਊ.ਡੀ. ਰੈਸਟ ਹਾਊਸ ਪਹੁੰਚ ਗਿਆ ਜਿੱਥੇ ਡੀ.ਸੀ., ਐਸ.ਐਸ.ਪੀ. ਅਤੇ ਉਸ ਦੀ ਪਾਰਟੀ ਦੇ ਅਹੁਦੇਦਾਰਾਂ ਨੇ ਉਸ ਦਾ ਸਵਾਗਤ ਕੀਤਾ। ਰੈਸਟ ਹਾਊਸ ਦੀ ਸੁਰੱਖਿਆ ਦੀ ਨਿਗਰਾਨੀ ਮੇਰੇ ਕੋਲ ਸੀ ਪਰ ਅਸਲ ਵਿੱਚ ਡਿਊਟੀ ਡੀ.ਐਸ.ਪੀ. ਬਰਨਾਲਾ ਅਤੇ ਐਸ.ਐਚ.ਉ. ਕੋਤਵਾਲੀ ਨਿਭਾਅ ਰਹੇ ਸਨ।

ਮੰਤਰੀ ਦੇ ਸਵਾਗਤ ਸਤਿਕਾਰ ਅਤੇ ਚਾਹ ਪਾਣੀ ਪੀਣ ਤੋਂ ਬਾਅਦ ਸਾਰੇ ਅਫਸਰ ਚਲੇ ਗਏ ਤੇ ਮੰਤਰੀ ਨੇ ਆਪਣੀ ਪਾਰਟੀ ਦੇ ਕੁਝ ਚੋਣਵੇਂ ਅਹੁਦੇਦਾਰਾਂ ਨਾਲ ਸ਼ਰਾਬ ਅਤੇ ਕਬਾਬ ਦਾ ਦੌਰ ਸ਼ੁਰੂ ਕਰ ਦਿੱਤਾ। ਲੱਗਦਾ ਸੀ ਕਿ ਸ਼ਰਾਬ ਖਿੱਚਣ ਦੇ ਮਾਮਲੇ ਵਿੱਚ ਮੰਤਰੀ ਕੋਈ ਤਕੜਾ ਡਰੰਮ ਸੀ ਤੇ ਮਾਲੇ ਮੁਫਤ, ਦਿਲੇ ਬੇਰਹਿਮ ਦੇ ਅਸੂਲਾਂ 'ਤੇ ਚੱਲਣ ਵਾਲਾ ਸੀ। ਉਸ ਨੇ ਵਿਸਕੀ ਅਤੇ ਮੁਰਗੇ ਮੱਛੀ ਦੀਆਂ ਧੱਜੀਆਂ ਉਡਾ ਦਿੱਤੀਆਂ। ਦਸ ਕੁ ਵਜੇ ਮੈਂ ਵੀ ਘਰ ਜਾ ਕੇ ਸੌਂ ਗਿਆ ਕਿਉਂਕਿ ਸਵੇਰੇ ਸੁਵੱਖਤੇ ਡਿਊਟੀ ਵਾਸਤੇ ਪਰੇਡ ਗਰਾਊਂਡ ਪਹੁੰਚਣਾ ਸੀ। 26 ਜਨਵਰੀ ਅਤੇ 15 ਅਗਸਤ ਸਮੇਂ ਝੰਡਾ ਝੁਲਾਉਣ ਦਾ ਸਾਰੇ ਭਾਰਤ ਵਿੱਚ ਇੱਕ ਨਿਸ਼ਚਿਤ ਟਾਈਮ ਹੁੰਦਾ ਹੈ। 26 ਜਨਵਰੀ ਨੂੰ ਸਾਢੇ ਨੌਂ ਵਜੇ ਤੇ 15 ਅਗਸਤ ਨੂੰ ਨੌਂ ਵਜੇ। ਪਰ ਮੰਤਰੀ ਸਾਹਿਬ ਨਸ਼ੇ ਦੀ ਲੋਰ ਵਿੱਚ ਸ਼ਾਇਦ ਭੁੱਲ ਹੀ ਗਏ ਕਿ ਉਹ ਬਰਨਾਲੇ ਕਿਸ ਕੰਮ ਆਏ ਹਨ। ਰਾਤ ਡੇਢ ਕੁ ਵਜੇ ਮੈਨੂੰ ਐਸ.ਐਚ.ਉ. ਦਾ ਫੋਨ ਆਇਆ ਕਿ ਜ਼ਨਾਬ ਇਹ ਤਾਂ ਸੌਂ ਹੀ ਨਹੀਂ ਰਿਹਾ, ਪੈੱਗ 'ਤੇ ਪੈੱਗ ਠੋਕੀ ਜਾ ਰਿਹਾ ਹੈ। ਜੇ ਇਹੋ ਹਾਲ ਰਿਹਾ ਤਾਂ ਸਵੇਰੇ ਪਰੇਡ ਤੋਂ ਸਲਾਮੀ ਤੁਹਾਨੂੰ ਲੈਣੀ ਪਵੇਗੀ। ਐਸ.ਐਚ.ਉ. ਨੇ ਸਲਾਮੀ ਵਾਲੀ ਗੱਲ ਭਾਵੇਂ ਮਜ਼ਾਕ ਨਾਲ ਕਹੀ ਸੀ ਪਰ ਮੈਨੂੰ ਖੁੜਕ ਗਈ। ਮੈਂ ਉਸ ਨੂੰ ਕਿਹਾ ਕਿ ਮੇਰੀ ਜ਼ਿਲ੍ਹਾ ਪ੍ਰਧਾਨ ਨਾਲ ਗੱਲ ਕਰਵਾ। ਜਦੋਂ ਉਸ ਨੇ ਗੱਲ ਕਰਵਾਈ ਤਾਂ ਅੱਗੋਂ ਪ੍ਰਧਾਨ ਵੀ ਰੰਗ ਬਿਰੰਗਾ ਹੋਇਆ ਪਿਆ ਸੀ। ਮੈਂ ਉਸ ਨੂੰ ਥੋੜ੍ਹੀ ਸਖਤੀ ਜਿਹੀ ਨਾਲ ਸਮਝਾਇਆ ਕਿ ਮੰਤਰੀ ਨੂੰ ਰੋਟੀ ਖਵਾ ਕੇ ਸਵਾਂ ਦਿਉ। ਜੇ ਇਹ ਸਵੇਰੇ ਟਾਈਮ ਸਿਰ ਨਾ ਉੱਠਿਆ ਤਾਂ ਪਰਸੋਂ ਸਾਰੀਆਂ ਅਖਬਾਰਾਂ ਦੇ ਫਰੰਟ ਪੇਜ਼ 'ਤੇ ਇਹ ਖਬਰ ਲੱਗਣੀ ਹੈ ਕਿ ਮੰਤਰੀ ਸ਼ਰਾਬ ਨਾਲ ਲੇਹੜ ਕੇ ਸੁੱਤਾ ਰਿਹਾ। ਮੇਰੀ ਗੱਲ ਸੁਣਦੇ ਸਾਰ ਪ੍ਰਧਾਨ ਦਾ ਸਾਰਾ ਨਸ਼ਾ ਹਿਰਨ ਹੋ ਗਿਆ ਤੇ ਉਸ ਨੂੰ ਆਪਣੀ ਪ੍ਰਧਾਨਗੀ ਜਾਂਦੀ ਲੱਗੀ। ਦਸ ਪੰਦਰਾਂ ਮਿੰਟਾਂ ਵਿੱਚ ਹੀ ਮੰਤਰੀ ਨੂੰ ਦੋ ਚਾਰ ਬੁਰਕੀਆਂ ਖਵਾ ਕੇ ਤੇ ਬਿਸਤਰੇ 'ਤੇ ਸੁੱਟ ਕੇ ਸਾਰੇ ਚਿਮਚੇ ਚਪਾਟੇ ਪੱਤਰਾ ਵਾਚ ਗਏ।

ਅਸਲ ਪਵਾੜਾ ਤਾਂ ਅਗਲੇ ਦਿਨ ਸ਼ੁਰੂ ਹੋਇਆ। ਸਵੇਰੇ ਸੱਤ ਵਜੇ ਤੱਕ ਮੰਤਰੀ ਦੇ ਕਮਰੇ ਵਿੱਚੋਂ ਕੁੰਭ ਕਰਨ ਵਰਗੇ ਘੁਰਾੜਿਆਂ ਦੀ ਅਵਾਜ਼ ਆਈ ਜਾਵੇ, ਨਾ ਉਹ ਮੋਬਾਇਲ ਫੋਨ ਚੁੱਕੇ ਤੇ ਨਾ ਇੰਟਰਕਾਮ। ਮੌਤ ਨਾਲ ਸ਼ਰਤ ਲਗਾ ਕੇ ਪਿਆ ਹੋਇਆ ਸੀ। ਜਦੋਂ ਡੀ.ਐਸ.ਪੀ. ਤੇ ਐਸ.ਐਚ.ਉ. ਦੇ ਹੱਥ ਖੜੇ ਹੋ ਗਏ ਤਾਂ ਆਖਰ ਮੈਨੂੰ ਹੀ ਰੈਸਟ ਹਾਊਸ ਪਹੁੰਚਣਾ ਪਿਆ। ਮੁੱਕੀਆਂ ਠੁੱਡ ਮਾਰ ਮਾਰ ਕੇ ਜਦੋਂ ਦਰਵਾਜ਼ਾ ਟੁੱਟਣ ਦੀ ਨੌਬਤ ਆ ਗਈ ਤਾਂ ਕਿਤੇ ਜਾ ਕੇ ਮੰਤਰੀ ਨੇ ਆਪਣੇ


# ਫੌਜ ਦੀ ਮਰਜ਼ੀ ਤੋਂ ਬਗੈਰ ਨਹੀਂ ਬਣ ਸਕਦਾ ਕੋਈ ਪਾਕਿਸਤਾਨ ਦਾ ਪ੍ਰਧਾਨ ਮੰਤਰੀ

**ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ.) ਪੰਡੋਰੀ ਸਿੱਧਵਾਂ 9501100062**

ਪਾਕਿਸਤਾਨ ਦੇ ਚੋਣ ਕਮਿਸ਼ਨ ਨੇ ਪਾਰਲੀਮੈਂਟ ਚੋਣਾਂ ਦੀ ਤਾਰੀਖ ਦਾ ਐਲਾਨ ਕਰ ਦਿੱਤਾ ਹੈ ਜੋ 8 ਫਰਵਰੀ ਨੂੰ ਹੋਣਗੀਆਂ। ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ. ਬਿਲਾਵਲ ਜ਼ਰਦਾਰੀ), ਪਾਕਿਸਤਾਨ ਤਹਿਰੀਕੇ ਇਨਸਾਫ ਪਾਰਟੀ (ਪੀ.ਟੀ.ਆਈ.ਇਮਰਾਨ ਖਾਨ) ਅਤੇ ਪਾਕਿਸਤਾਨ ਮੁਸਲਿਮ ਲੀਗ ਨਵਾਜ਼ (ਪੀ.ਐਮ.ਐਲ. ਨਵਾਜ਼ ਸ਼ਰੀਫ) ਆਦਿ ਨੇ ਚੁਣਾਵੀ ਜੰਗ ਦੇ ਬਿਗਲ ਵਜਾ ਦਿੱਤੇ ਹਨ। ਪਾਕਿਸਤਾਨ ਦੇ ਬੱਚੇ ਬੱਚੇ ਨੂੰ ਪਤਾ ਹੈ ਕਿ ਇਸ ਵਾਰ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਬਣਨਾ ਹੈ ਕਿਉਂਕਿ ਫਿਲਹਾਲ ਫੌਜ ਦਾ ਹੱਥ ਉਸ ਦੇ ਸਿਰ 'ਤੇ ਹੈ। ਉਸ ਦੇ ਖਿਲਾਫ ਭ੍ਰਿਸ਼ਟਾਚਾਰ ਦੇ ਦਰਜ਼ਨਾਂ ਕੇਸ ਦਰਜ ਸਨ ਜਿਸ ਕਾਰਨ ਉਸ ਨੂੰ ਸਾਊਦੀ ਅਰਬ ਤੇ ਬਾਅਦ ਵਿੱਚ ਇੰਗਲੈਂਡ ਭੱਜਣਾ ਪਿਆ ਸੀ। ਹੁਣ 21 ਅਕਤੂਬਰ ਨੂੰ ਉਹ ਵਾਪਸ ਆ ਚੁੱਕਾ ਹੈ ਤੇ ਫੌਜ ਦੀ ਕ੍ਰਿਪਾ ਨਾਲ ਅਦਾਲਤਾਂ ਉਸ ਨੂੰ ਧੜਾ ਧੜ ਬਰੀ ਕਰ ਰਹੀਆਂ ਹਨ। ਉਮੀਦ ਹੈ ਕਿ ਦਸੰਬਰ ਦੇ ਅਖੀਰ ਤੱਕ ਉਸ ਨੂੰ ਕਾਨੂੰਨੀ ਤੌਰ 'ਤੇ ਬਿਲਕੁਲ ਪਾਕ ਸਾਫ ਤੇ ਪਾਕਿਸਤਾਨ ਦਾ ਸਭ ਤੋਂ ਇਮਾਨਦਾਰ ਸਿਆਸਤਦਾਨ ਘੋਸ਼ਿਤ ਕਰ ਦਿੱਤਾ ਜਾਵੇਗਾ। ਨਵਾਜ਼ ਸ਼ਰੀਫ ਦੀ ਮੌਜੂਦਾ ਸਿਆਸੀ ਹੈਸੀਅਤ ਵੇਖ ਕੇ ਬਹੁਤ ਸਾਰੀਆਂ ਖੇਤਰੀ ਪਾਰਟੀਆਂ ਵੀ ਉਸ ਦੇ ਖੇਮੇ ਵਿੱਚ ਆ ਚੁੱਕੀਆਂ ਹਨ। ਨਵਾਜ਼ ਸ਼ਰੀਫ ਪਾਕਿਸਤਾਨ ਦਾ ਸਭ ਤੋਂ ਲੰਬਾ ਸਮਾਂ (9 ਸਾਲ) ਪ੍ਰਧਾਨ ਮੰਤਰੀ ਰਿਹਾ ਹੈ। ਉਹ ਤਿੰਨ ਵਾਰ ਪ੍ਰਧਾਨ ਮੰਤਰੀ ਬਣਿਆਂ ਪਰ ਕਦੇ ਵੀ ਪੰਜ ਸਾਲ ਪੂਰੇ ਨਹੀਂ ਕਰ ਸਕਿਆ।









ਫੌਜ ਨੇ ਨਵਾਜ਼ ਸ਼ਰੀਫ ਦੀ ਇਮਦਾਦ ਕਰਨ ਦੇ ਇਵਜ਼ਾਨੇ ਵਜੋਂ ਦੋ ਸ਼ਰਤਾਂ ਰੱਖੀਆਂ ਹਨ। ਪਹਿਲੀ ਕਿ ਉਹ ਫੌਜ ਦੀ ਸਰਵਉੱਚਤਾ ਵੱਲ ਅੱਖ ਪੁੱਟ ਕੇ ਵੀ ਨਹੀਂ ਵੇਖੇਗਾ ਤੇ ਨਾ ਹੀ ਉਸ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਵੇਗਾ। ਦੂਸਰੀ ਕਿ ਉਹ ਪਾਕਿਸਤਾਨ ਦੀ ਗਰਕ ਚੁੱਕੀ ਆਰਥਿਕ ਹਾਲਤ ਨੂੰ ਮੁੜ ਲੀਹਾਂ 'ਤੇ ਲਿਆਵੇਗਾ ਪਰ ਫੌਜ ਦੀ ਵਪਾਰਿਕ ਸਲਤਨਤ ਤੇ ਉਸ ਦੇ ਚਹੇਤੇ ਧਨਾਡਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾਏ ਬਗੈਰ। ਅਸਲ ਵਿੱਚ ਨਵਾਜ਼ ਸ਼ਰੀਫ ਫੌਜ ਦੀ ਹੀ ਪੈਦਾਇਸ਼ ਹੈ ਕਿਉਂਕਿ ਜਨਰਲ ਜ਼ਿਆ ਉੱਲ ਹੱਕ ਉਸ ਨੂੰ ਸਿਆਸਤ ਵਿੱਚ ਲੈ ਕੇ ਆਇਆ ਸੀ। ਜ਼ਿਆ ਨੇ ਉਸ ਨੂੰ 1981 ਵਿੱਚ ਪੰਜਾਬ ਦਾ ਖਜ਼ਾਨਾ ਮੰਤਰੀ ਬਣਾਇਆ ਸੀ ਤੇ 1985 ਵਿੱਚ ਪੰਜਾਬ ਦਾ ਮੁੱਖ ਮੰਤਰੀ। ਉਸ ਤੋਂ ਬਾਅਦ ਨਵਾਜ਼ ਸ਼ਰੀਫ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ ਤੇ ਹੁਣ ਉਸ ਦੇ ਭਰਾ ਸ਼ਾਹਬਾਜ਼ ਸ਼ਰੀਫ (ਸਾਬਕਾ ਪ੍ਰਧਾਨ ਮੰਤਰੀ) ਤੇ ਬੇਟੀ ਮਰੀਅਮ ਸ਼ਰੀਫ (ਸਾਬਕਾ ਮੰਤਰੀ) ਸਮੇਤ ਕਰੀਬ ਕਰੀਬ ਅੱਧਾ ਪਰਿਵਾਰ ਸਿਆਸਤ ਵਿੱਚ ਹੈ। ਫੌਜ ਨਾਲ ਉਸ ਦਾ ਹੋਇਆ ਗੱਠਜੋੜ ਇਸ ਗੱਲ ਤੋਂ ਸਾਹਮਣੇ ਆਉਂਦਾ ਹੈ ਕਿ ਜਦੋਂ ਉਹ ਲੰਡਨ ਵਿਖੇ ਜਲਾਵਤਨੀ ਦੀ ਜ਼ਿੰਦਗੀ ਬਤੀਤ ਕਰ ਰਿਹਾ ਸੀ ਤਾਂ ਉਸ ਨੇ ਕਈ ਵਾਰ ਖੁੱਲ੍ਹ ਕੇ ਪਾਕਿਸਤਾਨੀ ਫੌਜ ਦੀ ਨੁਕਤਾਚੀਨੀ ਕੀਤੀ ਸੀ। ਉਸ ਨੇ ਐਲਾਨ ਕੀਤਾ ਸੀ ਕਿ ਜੇ ਉਸ ਦੀ ਪਾਰਟੀ ਮੁੜ ਸੱਤਾ ਵਿੱਚ ਆਈ ਤਾਂ ਸਾਬਕਾ ਆਰਮੀ ਚੀਫ ਜਨਰਲ ਕਮਰ ਜਾਵੇਦ ਬਾਜਵਾ ਅਤੇ ਪਾਕਿਸਤਾਨ ਦੀ ਸਰਵ ਸ਼ਕਤੀਮਾਨ ਖੁਫੀਆ ਏਜੰਸੀ ਆਈ.ਐਸ.ਆਈ. ਦੇ ਸਾਬਕਾ ਡਾਇਰੈਕਟਰ ਜਨਰਲ ਫੈਜ਼ ਹਮੀਦ ਦੇ ਖਿਲਾਫ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਦੀ ਹਾਈ ਕੋਰਟ ਦੇ ਜੱਜ ਰਾਹੀਂ ਜਾਂਚ ਕਰਵਾਈ ਜਾਵੇਗੀ। ਪਰ ਆਪਣੇ ਭਰਾ ਸ਼ਾਹਬਾਜ਼ ਸ਼ਰੀਫ ਤੇ ਹੋਰ ਸੀਨੀਅਰ ਪਾਰਟੀ ਲੀਡਰਾਂ ਦੇ ਸਮਝਾਉਣ 'ਤੇ ਹੁਣ ਉਹ ਇਸ ਬਿਆਨ ਤੋਂ ਮੁੱਕਰ ਗਿਆ ਹੈ।

ਪਰ ਫੌਜ ਨਾਲ ਪਿਛਲੇ ਸਮੇਂ ਵਿੱਚ ਰਹੇ ਵਿਵਾਦਾਂ ਕਾਰਨ ਇਹ ਲੱਗਦਾ ਨਹੀਂ ਕਿ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਉਹ ਲੰਬਾ ਸਮਾਂ ਫੌਜ ਦੇ ਹੁਕਮਾਂ ਅਨੁਸਾਰ ਚੱਲੇਗਾ। ਪਾਕਿਸਤਾਨ ਦੀ ਆਰਥਿਕ ਬਰਬਾਦੀ ਦਾ ਮੁੱਖ ਕਾਰਨ ਉਸ ਵੱਲੋਂ ਭਾਰਤ ਨਾਲ ਬਿਨਾਂ ਵਜ੍ਹਾ ਵਿਗਾੜੇ ਹੋਏ ਸਬੰਧ ਹਨ, ਜਿਸ ਕਾਰਨ ਉਸ ਨੂੰ ਆਪਣੀ ਔਕਾਤ ਤੋਂ ਵੱਧ ਹਥਿਆਰਾਂ 'ਤੇ ਖਰਚਾ ਕਰਨਾ ਪੈਂਦਾ ਤੇ ਭੀਖ ਦਾ ਕਟੋਰਾ ਲੈ ਕੇ ਇੰਟਰਨੈਸ਼ਨਲ ਮਾਨੀਟਰੀ ਫੰਡ, ਅਮਰੀਕਾ ਤੇ ਸਾਊਦੀ ਅਰਬ ਵੱਲ ਭੱਜਣਾ ਪੈਂਦਾ ਹੈ। ਭਾਰਤ ਨਾਲ ਦੁਵੱਲਾ ਵਪਾਰ ਕਰ ਕੇ ਪਾਕਿਸਤਾਨ ਅਰਾਮ ਨਾਲ ਆਪਣੇ ਹਾਲਾਤ ਸੁਧਾਰ ਸਕਦਾ ਹੈ। ਆਪਣੇ ਭਾਸ਼ਣਾਂ ਵਿੱਚ ਨਵਾਜ਼ ਸ਼ਰੀਫ ਭਾਰਤ ਨਾਲ ਸਬੰਧ ਸੁਧਾਰਨ ਬਾਰੇ ਗੱਲ ਕਰਦਾ ਹੈ। ਉਸ ਦੀ ਸੋਚ ਇਹ ਲੱਗਦੀ ਹੈ ਕਿ ਇਸ ਨਾਲ ਇੱਕ ਤਾਂ ਦੇਸ਼ ਵਿੱਚ ਖੁਸ਼ਹਾਲੀ ਆਵੇਗੀ ਤੇ ਦੂਸਰਾ ਭਾਰਤ ਨਾਲ ਦੁਸ਼ਮਣੀ ਘਟਣ ਕਾਰਨ ਫੌਜ ਵੀ ਮਹੱਤਵਹੀਣ ਹੋ ਕੇ

ਕਮਜ਼ੋਰ ਹੋ ਜਾਵੇਗੀ। ਪਾਕਿਸਤਾਨੀ ਫੌਜ ਕੋਲ ਆਮ ਲੋਕਾਂ ਨੂੰ ਆਪਣੇ ਨਾਲ ਜੋੜੀ ਰੱਖਣ ਦਾ ਸਭ ਤੋਂ ਵੱਡਾ ਹਥਿਆਰ ਕਾਲਪਨਿਕ ਭਾਰਤੀ ਹਮਲੇ ਦਾ ਹਊਆ ਤੇ ਕਸ਼ਮੀਰ ਮਸਲਾ ਹਨ।

ਪਰ ਨਵਾਜ਼ ਸ਼ਰੀਫ 2024 ਦੀ ਚੋਣ ਜਿੱਤ ਪਾਉਂਦਾ ਹੈ ਕਿ ਨਹੀਂ, ਫਿਲਹਾਲ ਫੌਜ ਦੇ ਹੱਥ ਵਿੱਚ ਹੈ।ਨਵਾਜ਼ ਸ਼ਰੀਫ ਪਾਕਿਸਤਾਨ ਵਿੱਚ ਮੈਗਾ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਨ ਅਤੇ ਬੁਨਿਆਦੀ ਢਾਂਚੇ ਦਾ ਵਿਕਾਸ ਕਰਨ ਵਾਲਾ ਪ੍ਰਧਾਨ ਮੰਤਰੀ ਮੰਨਿਆਂ ਜਾਂਦਾ ਹੈ। ਚੀਨ-ਪਾਕਿਸਤਾਨ ਆਰਥਿਕ ਕਾਰੀਡੋਰ ਇਸ ਦੀ ਇੱਕ ਮਿਸਾਲ ਹੈ। ਉਸ ਦੇ ਇਨ੍ਹਾਂ ਕੰਮਾਂ ਕਾਰਨ ਅਸਥਾਈ ਆਰਥਿਕ ਵਿਕਾਸ ਤਾਂ ਜਰੂਰ ਹੋਇਆ ਸੀ ਪਰ ਨਾਲ ਹੀ ਦੇਸ਼ ਕਰਜੇ ਦੇ ਬੋਝ ਹੇਠ ਦੱਬਿਆ ਗਿਆ ਤੇ ਹੁਣ ਦੀਵਾਲੀਆ ਹੋਣ ਦੇ ਕਗਾਰ 'ਤੇ ਪਹੁੰਚ ਗਿਆ ਹੈ। ਇਸ ਤੋਂ ਇਲਾਵਾ ਉਹ ਖੁਦ ਦੇਸ਼ ਦੇ ਚੋਟੀ ਦੇ ਅਮੀਰਾਂ ਵਿੱਚ ਆਉਂਦਾ ਹੈ। ਇਸ ਕਾਰਨ ਆਪਣੇ ਸਾਬਕਾ ਕਾਰਜ ਕਾਲਾਂ ਦੌਰਾਨ ਉਸ ਨੇ ਅਮੀਰਾਂ 'ਤੇ ਟੈਕਸ ਵਧਾ ਕੇ ਦੇਸ਼ ਦਾ ਖਜ਼ਾਨਾ ਭਰਨ ਦੀ ਬਜਾਏ ਤੇਲ ਗੈਸ ਆਦਿ ਜਰੂਰੀ ਵਸਤੂਆਂ ਦੀਆਂ ਕੀਮਤਾਂ ਵਧਾ ਕੇ ਗਰੀਬਾਂ ਦਾ ਖੂਨ ਚੂਸਣ ਨੂੰ ਪਹਿਲ ਦਿੱਤੀ ਸੀ।



ਫਿਲਹਾਲ ਨਵਾਜ਼ ਸ਼ਰੀਫ ਲਈ ਦਿੱਲੀ ਦੂਰ ਹੈ ਕਿਉਂਕਿ ਉਸ ਦੇ ਰਸਤੇ ਵਿੱਚ ਹਾਲੇ ਵੀ ਅਨੇਕਾਂ ਕਾਨੂੰਨੀ ਅੜਿੱਚਣਾਂ ਮੌਜੂਦ ਹਨ। ਸੁਪਰੀਮ ਕੋਰਟ ਨੇ ਸੰਨ 2018 ਵਿੱਚ ਉਸ 'ਤੇ ਜ਼ਿੰਦਗੀ ਭਰ ਲਈ ਚੋਣ ਲੜਨ 'ਤੇ ਪਾਬੰਦੀ ਲਗਾਈ ਹੋਈ ਹੈ। ਫੌਜ ਚਾਹੁੰਦੀ ਹੈ ਕਿ ਉਹ ਇਮਰਾਨ ਖਾਨ ਦੀ ਲੋਕਪ੍ਰਿਯਤਾ ਦਾ ਮੁਕਾਬਲਾ ਕਰਨ ਲਈ ਕੋਈ ਸਟੀਕ ਯੋਜਨਾ ਤਿਆਰ ਕਰੇ ਕਿਉਂਕਿ ਇਮਰਾਨ ਖਾਨ ਜਦੋਂ ਦਾ ਜੇਲ੍ਹ ਗਿਆ ਹੈ, ਹੋਰ ਪ੍ਰਸਿੱਧ ਹੋ ਗਿਆ ਹੈ। ਇਸ ਤੋਂ ਇਲਾਵਾ ਉਸ ਦੇ ਪੁਰਾਣੇ ਰਿਕਾਰਡ ਨੂੰ ਵੇਖਦੇ ਹੋਏ, ਹੋ ਸਕਦਾ ਹੈ ਕਿ ਫੌਜ ਉਸ ਦੀ ਬਜਾਏ ਉਸ ਦੇ ਭਰਾ ਸ਼ਾਹਬਾਜ਼ ਸ਼ਰੀਫ ਨੂੰ ਅੱਗੇ ਕਰ ਦੇਵੇ। ਇਸ ਤੋਂ ਇਲਾਵਾ ਹੋਰ ਵੀ ਕਈ ਗੰਭੀਰ ਮੁਸ਼ਕਿਲਾਂ ਹਨ ਜਿਨ੍ਹਾਂ ਦੇ ਹੱਲ ਕੱਢਣ ਲਈ ਉਸ ਨੂੰ ਸਖਤ ਮਿਹਨਤ ਕਰਨੀ ਪੈਣੀ ਹੈ। ਸਭ ਤੋਂ ਪਹਿਲਾਂ ਤਾਂ ਉਸ ਨੂੰ ਨੌਜਵਾਨ ਪੀੜ੍ਹੀ ਦਾ ਦਿਲ ਜਿੱਤਣਾ ਹੋਵੇਗਾ ਜੋ ਇਮਰਾਨ ਖਾਨ ਨੂੰ ਚਾਹੁੰਦੀ ਹੈ ਤੇ ਪੁਰਾਣੇ ਘਾਗ ਲੀਡਰਾਂ ਦੀ ਸ਼ਕਲ ਵੀ ਵੇਖਣਾ ਪਸੰਦ ਨਹੀਂ ਕਰਦੀ। ਇਸ ਤੋਂ ਇਲਾਵਾ ਉਸ 'ਤੇ ਫੌਜ ਦਾ ਲਾਡਲਾ ਤੇ ਝੋਲੀ ਚੁੱਕ ਹੋਣ ਦਾ ਜੋ ਦਾਗ ਲੱਗ ਗਿਆ ਹੈ, ਉਹ ਵੀ ਧੋਣਾ ਹੋਵੇਗਾ।

ਪਾਕਿਸਤਾਨ ਤਹਿਰੀਕੇ ਇਨਸਾਫ ਪਾਰਟੀ ਨੂੰ ਵੀ ਚੋਣ ਦੰਗਲ ਵਿੱਚੋਂ ਅਜੇ ਪੂਰੀ ਤਰਾਂ ਬਾਹਰ ਨਹੀਂ ਸਮਝਿਆ ਜਾ ਸਕਦਾ। ਇਹ ਪਾਰਟੀ ਫਿਲਹਾਲ ਅਪੰਗ ਹੈ ਕਿਉਂਕਿ ਇਸ ਦੇ ਜਿਆਦਾਤਰ ਸੀਨੀਅਰ ਲੀਡਰ ਫੌਜ ਤੋਂ ਡਰਦੇ ਮਾਰੇ ਜਾਂ ਤਾਂ ਦੂਸਰੀਆਂ ਪਾਰਟੀਆਂ ਵਿੱਚ ਚਲੇ ਗਏ ਹਨ ਜਾਂ ਸੱਚੇ ਝੂਠੇ ਮੁਕੱਦਮਿਆਂ ਕਾਰਨ ਜੇਲ੍ਹਾਂ ਵਿੱਚ ਠੂਸ ਦਿੱਤੇ ਗਏ ਹਨ। ਇਮਰਾਨ ਖਾਨ ਦੇ ਵੀ 8 ਫਰਵਰੀ ਤੱਕ ਜੇਲ੍ਹ ਵਿੱਚੋਂ ਰਿਹਾਅ ਹੋਣ ਦੀ ਉਮੀਦ ਨਹੀਂ ਹੈ। ਹੈਰਾਨੀ ਦੀ ਗੱਲ ਹੈ ਕਿ 2018 ਦੀਆਂ ਚੋਣਾਂ ਵੇਲੇ ਫੌਜ ਦੀਆਂ ਅੱਖਾਂ ਦਾ ਤਾਰਾ ਇਮਰਾਨ ਖਾਨ ਇਸ ਵੇਲੇ ਉਸ ਦਾ ਦੁਸ਼ਮਣ ਨੰਬਰ ਇੱਕ ਹੈ। ਇਸ ਸਮੇਂ ਉਸ ਕੋਲ ਨਾ ਤਾਂ ਚੋਣ ਲੜਨ ਲਈ ਪੂਰੇ ਸਾਧਨ ਹਨ ਤੇ ਨਾ ਹੀ ਚੰਗੇ ਉਮੀਦਵਾਰ ਬਚੇ ਹਨ ਜੋ ਨਵਾਜ਼ ਸ਼ਰੀਫ ਤੇ ਪੀ ਪੀ ਪੀ ਨੂੰ ਫਸਵੀਂ ਟੱਕਰ ਦੇ ਸਕਣ। ਫੌਜ ਦੇ ਡਰ ਕਾਰਨ ਹੋ ਸਕਦਾ ਹੈ ਕਿ ਇਸ ਦੇ ਬਹੁਤੇ ਸਮਰਥਕ ਚੋਣਾਂ ਵੇਲੇ ਘਰ ਬੈਠਣ ਨੂੰ ਹੀ ਤਰਜ਼ੀਹ ਦੇਣ। ਇਹ ਵੀ ਸੱਚ ਹੈ ਕਿ ਇਮਰਾਨ ਖਾਨ ਨੂੰ ਤਬਾਹ ਕਰਨ ਖਾਤਰ ਗੱਠਜੋੜ ਕਰਨ ਵਾਲੀ ਫੌਜ, ਨਵਾਜ਼ ਸ਼ਰੀਫ ਅਤੇ ਬਿਲਾਵਲ ਭੁੱਟੋ ਹੁਣ ਆਪੋ ਆਪਣੀ ਡਫਲੀ ਵਜਾ ਰਹੇ ਹਨ ਤੇ ਇੱਕ ਦੂਸਰੇ ਨੂੰ ਠਿੱਬੀ ਲਗਾਉਣ ਦੀ ਸਿਰ ਤੋੜ ਕੋਸ਼ਿਸ਼ ਕਰ ਰਹੇ ਹਨ। ਸਿੰਧ ਸੂਬੇ ਵਿੱਚ ਪੀਪਲਜ਼ ਪਾਰਟੀ ਦਾ 1967 ਤੋਂ ਹੀ ਇਕ ਛਤਰ ਰਾਜ ਚੱਲ ਰਿਹਾ ਹੈ। ਪਰ ਹੁਣ ਉਹ ਸਭ ਤੋਂ ਵੱਧ ਸੀਟਾਂ ਵਾਲੇ ਸੂਬੇ ਪੰਜਾਬ ਵਿੱਚ ਵੀ ਦੁਬਾਰਾ ਪੈਰ ਜਮਾਉਣ ਦੀ ਕੋਸ਼ਿਸ਼ ਵਿੱਚ ਹੈ ਕਿਉਂਕਿ ਸ਼ਾਹਬਾਜ਼ ਸ਼ਰੀਫ ਨੇ ਆਪਣੇ ਛੋਟੇ ਜਿਹੇ ਪ੍ਰਧਾਨ ਮੰਤਰੀ ਕਾਲ (11 ਅਪਰੈਲ 2022 ਤੋਂ 13 ਅਗਸਤ 2023) ਵਿੱਚ ਹੀ ਮੂਰਖਾਨਾ ਆਰਥਿਕ ਨੀਤੀਆਂ ਕਾਰਨ ਦੇਸ਼ ਦੀ ਅੱਧੀ ਤੋਂ ਵੱਧ ਜਨਤਾ ਨੂੰ ਮੁਸਲਿਮ ਲੀਗ ਦੇ ਖਿਲਾਫ ਕਰ ਲਿਆ ਹੈ।

ਇਸ ਵੇਲੇ ਪਾਕਿਸਤਾਨ ਵਿੱਚ ਕੋਈ ਵੀ ਪਾਰਟੀ ਬਹੁਮਤ ਲੈਂਦੀ ਦਿਖਾਈ ਨਹੀਂ ਦੇ ਰਹੀ। ਫੌਜ ਵੀ ਇਹ ਚਾਹੁੰਦੀ ਹੈ ਲੰਗੜੀ ਪਾਰਲੀਮੈਂਟ ਬਣੇ ਤਾਂ ਜੋ ਉਹ ਛੋਟੀਆਂ ਪਾਰਟੀਆਂ ਦੇ ਜਿੱਤੇ ਹੋਏ ਉਮੀਦਵਾਰਾਂ ਦੀ ਮਦਦ ਨਾਲ ਆਪਣੀ ਮਨਮਰਜ਼ੀ ਦੀ ਸਰਕਾਰ ਕਾਇਮ ਕਰ ਸਕੇ। ਪੀ.ਟੀ.ਆਈ. ਦੇ ਫੌਜ ਪੱਖੀ ਬਾਗੀ ਸਿਆਸਤਦਾਨਾਂ ਵੱਲੋਂ ਬਣਾਈਆਂ ਗਈਆਂ ਇਸਤੈਹਕਾਮਏ ਪਾਕਿਸਤਾਨ ਤੇ ਪੀ.ਟੀ.ਆਈ (ਪਾਰਲੀਮੈਂਟੇਰੀਅਨ) ਤੋਂ ਇਲਾਵਾ ਚਾਰ ਹੋਰ ਖੇਤਰੀ ਪਾਰਟੀਆਂ ਫੌਜ ਨੇ ਕਾਬੂ ਵਿੱਚ ਕਰ ਵੀ ਲਈਆਂ ਹਨ। ਇਨ੍ਹਾਂ ਪਾਰਟੀਆਂ ਦਾ ਸਾਰਾ ਚੋਣ ਖਰਚਾ ਫੌਜ ਵੱਲੋਂ ਚੁੱਕੇ ਜਾਣ ਦੀ ਚਰਚਾ ਹੈ। ਇਸ ਤਰਾਂ ਲੱਗ ਰਿਹਾ ਹੈ ਕਿ ਕਿਸੇ ਵੀ ਪਾਰਟੀ ਦੀ ਸਰਕਾਰ ਬਣੇ, ਉਸ ਨੂੰ ਫੌਜ ਦੇ ਹੇਠਾਂ ਲੱਗ ਕੇ ਹੀ ਚੱਲਣਾ ਪਵੇਗਾ। ਵਰਨਾ ਉਸ ਦੀ ਹਾਲਤ ਵੀ ਇਮਰਾਨ ਖਾਨ ਵਰਗੀ ਕਰ ਦਿੱਤੀ ਜਾਵੇਗੀ।-0-

➡ ਚਸ਼ਮ ਚਿਰਾਗ ਖੋਲ੍ਹੇ। ਜਦੋਂ ਉਸ ਨੂੰ ਦੱਸਿਆ ਗਿਆ ਕਿ ਕੌਮੀ ਝੰਡਾ ਲਹਿਰਾਉਣ ਦਾ ਟਾਈਮ ਐਨੇ ਵਜੇ ਹੈ ਤਾਂ ਉਸ ਨੂੰ ਚੇਤਾ ਆਇਆ ਕਿ ਅੱਜ ਤਾਂ 26 ਜਨਵਰੀ ਹੈ। ਲੂਣ ਵਾਲੇ ਪਾਣੀ ਵਿੱਚ ਪੰਜ ਸੱਤ ਨਿੰਬੂ ਨਿਚੋੜ ਕੇ ਉਸ ਦੇ ਅੰਦਰ ਸੁੱਟੇ ਤਾਂ ਉਹ ਬਾਥਰੂਮ ਜਾਣ ਜੋਗਾ ਹੋਇਆ। ਗੱਲ ਮੁੱਕਦੀ ਕਿ ਉਹ ਰੋ ਪਿੱਟ ਕੇ ਬਹੁਤ ਮੁਸ਼ਕਿਲ ਸਹੀ ਟਾਈਮ 'ਤੇ ਸਟੇਡੀਅਮ ਪਹੁੰਚ ਹੀ ਗਿਆ ਤੇ ਸਾਰਿਆਂ ਨੇ ਸੁੱਖ ਦਾ ਸਾਹ ਲਿਆ। ਉਸ ਨੇ ਕੰਬਦੇ ਹੱਥਾਂ ਨਾਲ ਕੌਮੀ ਝੰਡਾ ਲਹਿਰਾਇਆ, ਪਰੇਡ ਦਾ ਮੁਆਇਨਾ ਕੀਤਾ ਤੇ ਸਲਾਮੀ ਲੈਣ ਲਈ ਮੰਚ 'ਤੇ ਖੜਾ ਹੋ ਗਿਆ। ਉਸ ਦੀ ਹਾਲਤ ਵੇਖਣ ਯੋਗ ਸੀ। ਸ਼ਰਾਬ ਤੇ ਮੀਟ ਮੱਛੀ ਦੇ ਦੁਆਰਾ ਪੈਦਾ ਹੋ ਰਹੀ ਅੰਦਰੂਨੀ ਗਰਮੀ ਕਾਰਨ ਜਨਵਰੀ ਦੀ ਠੰਡ ਵਿੱਚ ਵੀ ਉਸ ਨੂੰ ਤਰੇਲੀਆਂ ਆ ਰਹੀਆਂ ਸਨ। ਸਭ ਦੀਆਂ ਨਜ਼ਰਾਂ ਉਸ ਵੱਲ ਲੱਗੀਆਂ ਹੋਈਆਂ ਸਨ ਕਿ ਇਹ ਹੁਣ ਡਿੱਗਾ ਤੇ ਹੁਣ ਡਿੱਗਾ। ਪਰ ਉਸ ਨੇ ਕਿਸੇ ਤਰਾਂ ਸਲਾਮੀ ਲੈ ਲਈ ਤੇ ਨਾਲ ਹੀ ਸੋਫੇ 'ਤੇ ਢਹਿ ਢੇਰੀ ਹੋ ਗਿਆ। ਦਸਾਂ ਪੰਦਰਾਂ ਮਿੰਟਾਂ ਵਿੱਚ ਹੀ ਉਹ ਪੰਜ ਛੇ ਗਲਾਸ ਨਿੰਬੂ ਪਾਣੀ ਦੇ ਸੁੜਕ ਗਿਆ।

ਉਸ ਦੇ ਸੱਜੇ ਤੇ ਖੱਬੇ ਪਾਸੇ ਡੀ.ਸੀ. ਅਤੇ ਐਸ.ਐਸ.ਪੀ. ਬੈਠੇ ਹੋਏ ਸਨ ਜੋ ਉਸ ਦੇ ਸਾਹ ਦੀ ਬਦਬੂ ਕਾਰਨ ਮਰਨ ਵਾਲੇ ਹੋਏ ਪਏ ਸਨ। ਪਰ ਕੌਣ ਆਖੇ ਰਾਣੀ ਅੱਗਾ ਢੱਕ? ਸਾਨੂੰ ਨਹੀਂ ਪਤਾ ਕਿ ਉਸ ਨੇ ਪਰੇਡ ਤੋਂ ਬਾਅਦ ਹੋਣ ਵਾਲਾ ਇਨਾਮ ਵੰਡ ਅਤੇ ਸਭਿਆਚਾਰਕ ਪ੍ਰੋਗਰਾਮ ਕਿਵੇਂ ਅਟੈਂਡ ਕੀਤਾ। ਪ੍ਰੋਗਰਾਮ ਖਤਮ ਹੁੰਦੇ ਸਾਰ ਉਹ ਆਪਣੀ ਕਾਰ ਦੀ ਪਿਛਲੀ ਸੀਟ 'ਤੇ ਆਲੂਆਂ ਦੀ ਬੋਰੀ ਵਾਂਗ ਢਹਿ ਢੇਰੀ ਹੋ ਗਿਆ। ਮੰਤਰੀ ਦੀਆਂ ਨਿੱਤ ਦੀਆਂ ਅਜਿਹੀਆਂ ਕਰਤੂਤਾਂ ਕਾਰਨ ਤਜ਼ਰਬੇਕਾਰ ਹੋ ਚੁੱਕਾ ਉਸ ਦਾ ਨਿੱਜੀ ਸਟਾਫ ਉਸ ਨੂੰ ਲੈ ਕੇ ਫੁੱਰਰ ਹੋ ਗਿਆ।

-0-

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਸਾਬਤ ਸੂਰਤਿ ਰਹਿਣ' ਦਾ ਸੰਕਲਪ

**'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਪੁਸਤਕ ਵਿਚੋਂ**

**ਗਿ: ਜਗਤਾਰ ਸਿੰਘ ਜਾਚਕ**

ਇਸੇ ਤਰ੍ਹਾਂ ਭਗਤ ਕਬੀਰ ਜੀ ਨੇ ਆਖਿਆ ਕਿ ਦੁਨੀਆਂ ਵਾਲਾ ਸਹਿਮ ਤਦੋਂ ਹੀ ਦੂਰ ਹੁੰਦਾ ਹੈ, ਜੇ ਇਕ ਪਰਮਾਤਮਾ ਨਾਲ ਪਿਆਰ ਪਾਇਆ ਜਾਏ। (ਕਿਉਂਕਿ, ਜਦ ਤਕ ਪ੍ਰਭੂ ਨਾਲ ਪ੍ਰੀਤਿ ਨਹੀਂ ਜੋੜੀ ਜਾਂਦੀ, 'ਦੁਨੀਆਂ' ਵਾਲੀ 'ਦੁਬਿਧਾ' ਮਿਟ ਨਹੀਂ ਸਕਦੀ) ਚਾਹੇ ਕੋਈ ਸੁਆਹ ਮਲ ਕੇ ਲੰਮੀਆਂ ਜਟਾਂ ਰੱਖ ਲਏ ਅਤੇ ਚਾਹੇ ਕੋਈ ਉੱਕਾ ਹੀ ਸਿਰ ਰੋਡ-ਮੋਡ ਕਰ ਕੇ ਜੰਗਲਾਂ ਜਾਂ ਤੀਰਥਾਂ 'ਤੇ ਜਾ ਕੇ ਡੇਰਾ ਲਾ ਲਏ :

**ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ ॥**
**ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ ॥** (1365)

**ਕੰਨ ਛੇਦਨ ਬਾਰੇ**

ਗੋਰਖ-ਮਤੀ ਜੋਗੀ ਗ੍ਰਿਹਿਸਥੀ ਜੀਵਨ ਤਿਆਗ ਕੇ ਤੀਰਥਾਂ ਦਾ ਭਰਮਣ ਕਰਦੇ ਅਤੇ ਗ੍ਰਿਹਿਸਥੀਆਂ ਦੇ ਘਰਾਂ ਵਿੱਚੋਂ ਮੰਗ ਕੇ ਖਾਂਦੇ ਹਨ। ਕੰਨ ਛੇਦ ਕੇ ਮੁੰਦਰਾਂ ਪਾਉਣੀਆਂ ਉਨ੍ਹਾਂ ਦੀ ਮੁੱਖ ਪਹਿਚਾਨ ਹੈ। ਜੋਗੀਆਂ ਦੀ ਇਹ ਜੀਵਨ ਸ਼ੈਲੀ ਵੀ ਗੁਰੂ ਨਾਨਕ ਸਾਹਿਬ ਜੀ ਨੂੰ ਪਸੰਦ ਨਹੀਂ ਸੀ। ਕਿਉਂਕਿ, ਉਨ੍ਹਾਂ ਦਾ ਮੁੱਖ ਸਿਧਾਂਤ ਹੈ ਕਿ ਜਿਹੜੇ ਮਨੁੱਖ ਮਿਹਨਤ ਨਾਲ ਕਮਾ ਕੇ ਆਪ ਖਾਂਦੇ ਹਨ ਤੇ ਉਸ ਕਮਾਈ ਵਿਚੋਂ ਕੁਝ ਹੋਰਨਾਂ ਨੂੰ ਵੀ ਦੇਂਦੇ ਹਨ, ਉਹ ਬੰਦੇ ਹੀ ਜ਼ਿੰਦਗੀ ਦਾ ਸਹੀ ਰਸਤਾ ਪਛਾਣਦੇ ਹਨ।

ਗੁਰਬਾਣੀ ਵਿਚ ਜੋਗੀਆਂ ਲਈ 'ਮਖੱਟੂ' (ਹੱਡ-ਹਰਾਮੀ), 'ਬਦ-ਨਦਰਿ' ਅਤ 'ਹਿਰਾਏ ਟੂਕਾ' (ਟੁੱਕਰ ਚਰਾਉਣੇ) ਆਦਿਕ ਵਰਤੇ ਗਏ ਮੁਹਾਵਰੇ, ਜਿਥੇ, ਸਤਿਗੁਰਾਂ ਦੀ ਵਿਹਲੜਪਣੇ ਪ੍ਰਤੀ ਨਫ਼ਰਤ ਨੂੰ ਸਪੱਸ਼ਟ ਰੂਪ ਵਿਚ ਪ੍ਰਗਟ ਕਰਦੇ ਹਨ, ਉੱਥੇ, ਕੰਨ ਛੇਦਨ ਪ੍ਰਤੀ 'ਕੰਨ ਪੜਾਏ' ਤੇ 'ਕਾਨ ਫਰਾਇ' ਆਦਿਕ ਵਰਤੀ ਸ਼ਬਦਾਵਲੀ, ਉਨ੍ਹਾਂ ਦੀ ਅੰਗ-ਛੇਦਕ ਨਾ-ਪਸੰਦਗੀ ਨੂੰ ਵੀ ਸਾਫ਼ ਤੌਰ 'ਤੇ ਜ਼ਾਹਰ (clear) ਕਰਦੀ ਹੈ। ਜਿਵੇਂ:

**ਮਖਟੂ ਹੋਇ ਕੈ ਕੰਨ ਪੜਾਏ ॥**
**ਫਕਰੁ ਕਰੇ ਹੋਰੁ ਜਾਤਿ ਗਵਾਏ ॥** (1245)

**ਅਰਥ:-** (ਜੋਗੀ) ਹੱਡ ਹਰਾਮ ਹੋਣ ਕਰਕੇ ਕੰਨ ਪੜਵਾ ਲੈਂਦਾ ਹੈ, ਫ਼ਕੀਰ ਬਣ ਜਾਂਦਾ ਹੈ, ਕੁਲ ਦੀ ਅਣਖ ਗਵਾ ਬੈਠਦਾ ਹੈ। ॥

**ਕਾਨ ਫਰਾਇ ਹਿਰਾਏ ਟੂਕਾ ॥**
**ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ ॥**
**ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥**
**ਵੇਸਿ ਨ ਪਾਈਐ ਮਹਾ ਦੁਖਿਆਰੀ ॥** (1348)

**ਅਰਥ:-** ਜਿਹੜਾ ਮਨੁੱਖ ਆਪਣੇ ਵਲੋਂ ਸ਼ਾਂਤੀ ਦੀ ਖ਼ਾਤਰ ਕੰਨ ਪੜਵਾ ਕੇ ਜੋਗੀ ਬਣ ਜਾਂਦਾ ਹੈ, ਪਰ ਪੇਟ ਦੀ ਭੁੱਖ ਮਿਟਾਣ ਲਈ ਹੋਰਨਾਂ ਦੇ ਟੁੱਕਰ ਤੱਕਦਾ ਫਿਰਦਾ ਹੈ, ਹਰੇਕ ਘਰ ਦੇ ਬੂਹੇ 'ਤੇ ਰੋਟੀ ਮੰਗਦਾ ਫਿਰਦਾ ਹੈ, ਉਹ ਆਤਮਿਕ ਤੋਂ ਵਾਂਜਿਆ ਰਹਿ ਜਾਂਦਾ ਹੈ। ਉਹ ਆਪਣੀ ਇਸਤ੍ਰੀ ਛੱਡ ਕੇ ਪਰਾਈ ਇਸਤ੍ਰੀ ਵੱਲ ਭੈੜੀ ਨਿਗਾਹ ਰੱਖਦਾ ਹੈ। ਹੇ ਭਾਈ। ਨਿਰੇ ਧਾਰਮਿਕ ਪਹਿਰਾਵੇ ਨਾਲ ਪਰਮਾਤਮਾ ਨਹੀਂ ਮਿਲਦਾ। ਇਸ ਤਰ੍ਹਾਂ ਸਗੋਂ ਜਿੰਦ ਬਹੁਤ ਦੁਖੀ ਹੁੰਦੀ ਹੈ।

**ਸੁੰਨਤ (ਖ਼ਤਨਾ) ਕਰਾਉਣ ਤੇ ਲਬਾਂ ਕਟਾਉਣ ਬਾਰੇ**

ਸੁੰਨਤ ਅਰਬੀ ਭਾਸ਼ਾ ਦੀ ਸੰਗਿਆ ਹੈ, ਜਿਸ ਦਾ ਅਰਥ ਹੈ-ਮਰਿਯਾਦਾ ਅਥਵਾ ਰੀਤ। ਇਸਲਾਮ ਅਨੁਸਾਰ ਹਜ਼ਰਤ ਮੁਹੰਮਦ ਸਾਹਿਬ ਦਾ ਸਮੁੱਚਾ ਆਚਰਣ ਹੀ ਭਾਵੇਂ ਮੁਸਲਮਾਨਾਂ ਲਈ ਸੁੰਨਤ-ਰੂਪ ਹੈ। ਪਰ, ਆਮ ਲੋਕ ਖ਼ਾਸ ਕਰਕੇ ਖ਼ਤਨੇ ਨੂੰ ਹੀ ਸੁੰਨਤ ਆਖਦੇ ਹਨ। 'ਕੁਰਾਨ' ਵਿਚ ਭਾਵੇਂ ਖ਼ਤਨੇ ਦੀ ਆਗਿਆ ਨਹੀਂ ਹੈ। ਪਰੰਤੂ, ਐਸਾ ਮੰਨਿਆਂ ਜਾਂਦਾ ਹੈ ਕਿ ਹਜ਼ਰਤ ਇਬਰਾਹੀਮ ਵਲੋਂ ਚਲਾਈ ਰੀਤ ਅਨੁਸਾਰ ਹਜ਼ਰਤ ਮੁਹੰਮਦ ਸਾਹਿਬ ਨੇ ਆਪ ਖ਼ਤਨਾ ਕਰਵਾਇਆ ਸੀ। ਇਹੀ ਕਾਰਨ ਹੈ ਕਿ ਇਸਲਾਮੀ ਸ਼ਰ੍ਹਾ ਮੁਤਾਬਕ ਮੁਸਲਮਾਨ ਹੋਣ ਲਈ ਖ਼ਤਨਾ ਰੂਪ ਸੁੰਨਤ ਹੋਣੀ ਲਾਜ਼ਮੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਵੀ 'ਸੁੰਨਤ' ਸ਼ਬਦ ਖ਼ਤਨੇ ਲਈ ਹੀ ਵਰਤਿਆ ਮਿਲਦਾ ਹੈ। ਪਰ, ਜਿਸ ਕਿਸਮ ਦੇ ਇਨਸਾਨ ਨੂੰ 'ਗੁਰੂ ਗ੍ਰੰਥ' ਵਿਚ ਮੁਸਲਮਾਨ ਮੰਨਿਆ ਗਿਆ ਹੈ, ਉਸ ਲਈ ਖ਼ਤਨਾ ਰੂਪ ਸੁੰਨਤ ਦੀ ਲੋੜ ਨਹੀਂ ਮੰਨੀ ਗਈ। ਕਿਉਂਕਿ, ਇਕ ਤਾਂ ਇਹ ਰੱਬੀ ਰਜ਼ਾ ਦੇ ਉਲਟ ਸਾਬਤ ਸੂਰਤਿ ਨੂੰ ਭੰਨ ਕੇ ਗੁਨਾਹਗਾਰ ਹੋਣ ਵਾਲੀ ਖ਼ੁਨਾਮੀ ਹੈ ਅਤੇ ਦੂਜੇ, ਇਸ ਦੇ ਪਿਛੋਕੜ ਵਿਚ ਕਾਮਿਕ ਰੁਚੀਆਂ ਛੁਪੀਆਂ ਹੋਈਆਂ ਹਨ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਨੇ ਮੁਸਲਮਾਨ ਲਈ ਰੱਬੀ ਦਰਗਾਹ ਵਿਚ ਪਰਵਾਨ ਚੜ੍ਹਨ ਹਿੱਤ, ਜਿਥੇ, ਸੁੰਨਤ ਦੀ ਥਾਂ ਸਾਬਤ ਸੂਰਤਿ ਰਹਿਣ, ਵਿਕਾਰਾਂ ਵਲੋਂ ਸੰਗਣ ਅਤੇ ਤਕੜੇ ਪਰਹੇਜ਼ 'ਤੇ ਜ਼ੋਰ ਦਿੱਤਾ ਹੈ; ਉਥੇ, ਭਗਤ ਕਬੀਰ ਸਾਹਿਬ ਜੀ ਨੇ ਤਾਂ ਸਿੱਧੇ ਰੂਪ ਵਿਚ ਹੀ ਆਖ ਦਿੱਤਾ ਕਿ ਮੁਸਲਮਾਨ ਹੋਣ ਲਈ 'ਸੁੰਨਤ' ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਕਿਉਂਕਿ, ਇਹ ਕਾਮਿਕ ਇੱਛਾ ਦੇ ਅਧੀਨ ਔਰਤ ਦੇ ਪਿਆਰ ਵਿਚ ਕੀਤੀ ਜਾਂਦੀ ਹੈ, ਜੋ ਮਨੁੱਖੀ ਸੁਰਤਿ ਨੂੰ ਵਿਕਾਰੀ ਬਣਾਉਂਦੀ ਹੈ। ਗੁਰਦੇਵ ਜੀ ਅਤੇ ਭਗਤ ਕਬੀਰ ਜੀ ਦੇ ਬਚਨ ਇਸ ਪ੍ਰਕਾਰ ਹਨ:

**ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥**
**ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥** (140)

**ਅਰਥ:-** (ਲੋਕਾਂ ਉੱਤੇ) ਤਰਸ ਦੀ ਮਸੀਤ (ਬਣਾਓ), ਸਰਧਾ ਨੂੰ ਮੁਸੱਲਾ ਤੇ ਹੱਕ ਦੀ ਕਮਾਈ ਨੂੰ ਕੁਰਾਨ (ਬਣਾਓ)। ਵਿਕਾਰ ਕਰਨ ਵਲੋਂ ਝੱਕਣਾ-ਇਹ ਸੁੰਨਤ ਹੋਵੇ, ਚੰਗਾ ਸੁਭਾਉ ਰੋਜ਼ਾ ਬਣੇ। ਇਸ ਤਰ੍ਹਾਂ (ਹੇ ਭਾਈ।) ਮੁਸਲਮਾਨ ਬਣ।

**ਸਭੇ ਵਖਤ ਸਭੇ ਕਰਿ ਵੇਲਾ ॥ ਖਾਲਕੁ ਯਾਦਿ ਦਿਲੈ ਮਹਿ ਮਉਲਾ ॥**
**ਤਸਬੀ ਯਾਦਿ ਕਰਹੁ ਦਸ ਮਰਦਨੁ ਸੁੰਨਤਿ ਸੀਲੁ ਬੰਧਾਨਿ ਬਰਾ ॥** (1084)

**ਅਰਥ:** ਹੇ ਖ਼ੁਦਾ ਦੇ ਬੰਦੇ । ਹਰ ਵਕਤ ਹਰ ਵੇਲੇ ਖ਼ਾਲਕ ਨੂੰ ਮੌਲਾ ਨੂੰ ਆਪਣੇ ਦਿਲ ਵਿਚ ਯਾਦ ਕਰਦਾ ਰਹੁ। ਹਰ ਵੇਲੇ ਖ਼ੁਦਾ ਨੂੰ ਯਾਦ ਕਰਦੇ ਰਹੋ-ਇਹੀ ਹੈ ਤਸਬੀ। ਉਹ ਖ਼ੁਦਾ ਹੀ ਦਸਾਂ ਇੰਦ੍ਰਿਆਂ ਨੂੰ ਵੱਸ ਵਿਚ ਲਿਆ ਸਕਦਾ ਹੈ। ਹੇ ਖ਼ੁਦਾ ਦੇ ਬੰਦੇ! ਚੰਗਾ ਸੁਭਾਉ ਅਤੇ (ਵਿਕਾਰਾਂ ਵਲੋਂ) ਤਕੜਾ ਪਰਹੇਜ਼ ਹੀ ਸੁੰਨਤ (ਸਮਝ) ।੭।

**ਕਾਇਆ ਕਿਰਦਾਰ ਅਉਰਤ ਯਕੀਨਾ ॥**
**ਰੰਗ ਤਮਾਸੇ ਮਾਣਿ ਹਕੀਨਾ ॥**
**ਨਾਪਾਕ ਪਾਕੁ ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥12॥** (1084)

**ਅਰਥ :** ਹੇ ਖ਼ੁਦਾ ਦੇ ਬੰਦੇ ! ਆਪਣੇ ਇਸ ਸਰੀਰ ਨੂੰ, ਜਿਸ ਦੀ ਰਾਹੀਂ ਸਦਾ ਚੰਗੇ ਮੰਦੇ ਕਰਮ ਕੀਤੇ ਜਾਂਦੇ ਹਨ ਆਪਣੀ ਵਫ਼ਾਦਾਰ ਔਰਤ (ਪਤਿਬ੍ਰਤਾ ਇਸਤ੍ਰੀ) ਬਣਾ, (ਤੇ, ਵਿਕਾਰਾਂ ਦੇ ਰੰਗ-ਤਮਾਸ਼ੇ ਮਾਣਨ ਦੇ ਥਾਂ, ਇਸ ਪਤਿਬ੍ਰਤਾ ਇਸਤਰੀ ਦੀ ਰਾਹੀਂ') ਰੱਬੀ ਮਿਲਾਪ ਦੇ ਰੰਗ-ਤਮਾਸ਼ੇ ਮਾਣਿਆ ਕਰ। ਹੇ ਅੱਲ੍ਹਾ ਦੇ ਬੰਦੇ! (ਵਿਕਾਰਾਂ ਵਿਚ) ਮਲੀਨ ਹੋ ਰਹੇ ਮਨ ਨੂੰ ਪਵਿੱਤਰ ਕਰਨ ਦਾ ਜਤਨ ਕਰ-ਇਹੀ ਹੈ ਰੱਬੀ ਮਿਲਾਪ ਪੈਦਾ ਕਰਨ ਵਾਲੀ ਸ਼ਰਹ ਦੀ ਕਿਤਾਬ। (ਸੁੰਨਤਿ, ਲਬਾਂ ਕਟਾਣ ਆਦਿਕ ਸ਼ਰਹ ਨੂੰ ਛੱਡ ਕੇ) ਆਪਣੀ ਸ਼ਕਲ ਨੂੰ ਜਿਉਂ ਕਾ ਤਿਉਂ ਰੱਖ-ਇਹ (ਲੋਕ-ਪਰਲੋਕ ਵਿਚ) ਇੱਜ਼ਤ-ਆਦਰ ਪ੍ਰਾਪਤ ਕਰਨ ਦਾ ਵਸੀਲਾ ਬਣ ਜਾਂਦਾ ਹੈ।

**ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥**
**ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ ॥2॥**
**ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥**

**ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥ (477)**

**ਅਰਥ :** ਇਹ ਸੁੰਨਤ ਤਾਂ ਔਰਤ ਦੇ ਪਿਆਰ ਦੀ ਖ਼ਾਤਰ ਕੀਤੀ ਜਾਂਦੀ ਹੈ। ਹੇ ਭਾਈ! ਮੈਂ ਨਹੀਂ ਮੰਨ ਸਕਦਾ ਕਿ ਇਸ ਦਾ ਰੱਬ ਦੇ ਮਿਲਣ ਨਾਲ ਕੋਈ ਸੰਬੰਧ ਹੈ। ਜੇ ਰੱਬ ਨੇ ਮੈਨੂੰ ਮੁਸਲਮਾਨ ਬਣਾਉਣਾ ਹੋਇਆ, ਤਾਂ ਮੇਰੀ ਸੁੰਨਤ ਆਪਣੇ ਆਪ ਹੀ ਹੋ ਜਾਏਗੀ। ਪਰ ਜੇ ਸਿਰਫ਼ ਸੁੰਨਤ ਕੀਤਿਆਂ ਹੀ ਮੁਸਲਮਾਨ ਬਣ ਸਕੀਦਾ ਹੈ, ਤਾਂ ਔਰਤ ਦੀ ਸੁੰਨਤ ਤਾਂ ਹੋ ਹੀ ਨਹੀਂ ਸਕਦੀ। ਵਹੁਟੀ ਮਨੁੱਖ ਦੇ ਜੀਵਨ ਦੀ ਹਰ ਵੇਲੇ ਦੀ ਸਾਂਝੀਵਾਲ ਹੈ. ਇਹ ਤਾਂ ਕਿਸੇ ਵੇਲੇ ਸਾਥ ਛੱਡਦੀ ਨਹੀਂ। ਸੋ, ਇਸ ਲਈ (ਕਿਸੇ ਮਰਦ ਵਾਸਤੇ ਸੁੰਨਤ ਰਾਹੀਂ ਮੁਸਲਮਾਨ ਬਣ ਕ) ਅੱਧਵਾਟੇ ਰਹਿਣ ਨਾਲੋਂ (ਉਸ ਦਾ) ਹਿੰਦੂ ਟਿਕੇ ਰਹਿਣਾ ਹੀ ਚੰਗਾ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਮਹਾਰਾਜ, ਉਨ੍ਹਾਂ ਦੇ ਸਰੂਪ ਬਾਕੀ ਗੁਰੂ ਸਾਹਿਬਾਨ ਅਤੇ ਉਹ ਭਗਤ ਜਨ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਖੇ ਅੰਕਤ ਹੈ, ਸਾਰੇ ਦੇ ਸਾਰੇ ਹੀ ਆਪਣੇ ਆਪਣੇ ਜੀਵਨ ਕਾਲ ਵਿਚ ਰੱਬੀ-ਰਜ਼ਾ ਦੇ ਅਧੀਨ ਸਾਬਤ ਸੂਰਤ ਕੇਸਾਧਾਰੀ ਸਰੂਪ ਵਿਚ ਵਿਚਰਦੇ ਰਹੇ ਅਤੇ ਉਨ੍ਹਾਂ ਨੇ ਆਪਣੇ ਸਿੱਖ ਸੇਵਕਾਂ ਨੂੰ ਵੀ ਅਜਿਹਾ ਜੀਵਨ ਜੀਊਣ ਦੀਆਂ ਹਦਾਇਤਾਂ ਕੀਤੀਆਂ। ਇਸ ਹਕੀਕਤ ਦਾ ਪਹਿਲਾ ਤੇ ਅਕੱਟ ਪ੍ਰਮਾਣ ਇਹ ਹੈ ਕਿ ਉਨ੍ਹਾਂ ਦਾ ਰੱਬ ਮੂਲਿਕ ਤੌਰ 'ਤੇ ਨਿਰੰਕਾਰ (ਨਿਰ-ਆਕਾਰ) ਹੋਣ ਕਰਕੇ, ਭਾਵੇਂ, ਹਰ ਪ੍ਰਕਾਰ ਦੇ ਪੰਜ-ਤੱਤੀ ਆਕਾਰ, ਚਿਹਨ-ਚੱਕ੍ਰ, ਰੂਪ-ਰੰਗ, ਮਾਂ-ਬਾਪ, ਜਾਤਿ-ਪਾਤਿ, ਮਜ਼ਹਬ ਭੇਖ ਤੋਂ ਰਹਿਤ ਅਤੇ ਮਾਇਆ ਦੇ ਤ੍ਰੈ-ਗੁਣੀ ਪ੍ਰਭਾਵ ਤੋਂ ਮੁਕਤ ਹੈ, ਜਿਵੇਂ ਕਿ ਉਨ੍ਹਾਂ ਦੇ ਆਪਣੇ ਹੇਠ ਲਿਖੇ ਵਾਕ ਹਨ :

**ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥ (283)**
**ਰੂਪੁ ਨ ਰੇਖ ਨ ਪੰਚ ਤਤ ਠਾਕੁਰ ਅਬਿਨਾਸ ॥ (816)**
**ਸੰਕਟਿ ਨਹੀ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ ॥**
**ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ ॥ (339)**

ਪਰ, ਜਦੋਂ ਉਹ ਰੱਬ ਨੂੰ ਸ੍ਰਿਸ਼ਟੀ ਦਾ ਮੂਲ ਤੇ ਸਰਬ-ਵਿਆਪਕ ਹੋਣ ਕਰਕੇ ਉਹਦੀ ਸਿਰਮੌਰ ਕਿਰਤ ਮਾਨਵੀ-ਰੂਪ ਵਿਚ ਦੇਖਦੇ ਹਨ, ਤਦੋਂ, ਉਸ ਨੂੰ ਕੇਸਾਧਾਰੀ- ਸਰੂਪ ਵਿਚ ਲੰਮੇ ਵਾਲਾਂ ਵਾਲਾ ਹੀ ਕਲਪਦੇ ਤੇ ਚਿਤਰਦੇ ਹਨ। ਉਸ ਦੇ ਇਕ-ਇਕ ਰੋਮ ਨੂੰ ਅਮੋਲਕ ਦੱਸਦੇ ਹਨ। ਕਿਉਂਕਿ, ਆਦਿ ਕਾਲ ਤੋਂ ਹੀ ਸਤ-ਪੁਰਸ਼ਾਂ ਨੇ ਜਿਥੇ ਇਹ ਮੰਨਿਆ ਕਿ ਸਿਰਜਣਹਾਰ ਪ੍ਰਭੂ ਨੇ ਜਗਤ ਦੀ ਸਾਰੀ ਸੁੰਦਰਤਾ ਆਪਣੇ ਸਰੂਪ ਤੋਂ ਰਚੀ ਹੈ; ਉਥੇ, ਉਨ੍ਹਾਂ ਦੀ ਦ੍ਰਿਸ਼ਟੀ ਵਿਚ ਮਨੁੱਖ ਦੀ ਸਾਬਤ-ਸੂਰਤਿ ਵੀ ਕੇਸਾਂ ਸਹਿਤ ਹੀ ਪਰਵਾਨ ਕੀਤੀ ਗਈ ਹੈ। ਜਿਵੇਂ, ਸ੍ਰੀ ਗੁਰੂ ਨਾਨਕ ਮਹਾਰਾਜ ਆਖਦੇ ਹਨ ਕਿ ਹੇ ਸਰਬ-ਵਿਆਪਕ ਸਿਰਜਣਹਾਰ! ਜਗਤ ਦੀ ਸਾਰੀ ਸੁੰਦਰਤਾ ਤੂੰ ਆਪਣੇ ਹੀ ਸਰੂਪ ਤੋਂ ਰਚੀ ਹੈ। ਉਹ ਇਸਤ੍ਰੀ ਮਰਦ ਪੈਦਾ ਕੀਤੇ ਹਨ ਜਿਨ੍ਹਾਂ ਦੇ ਨੈਣ ਦੰਦ ਨੱਕ ਕੇਸ ਆਦਿਕ ਸਾਰੇ ਹੀ ਅੰਗ ਮਹਾਨ ਸੁੰਦਰ ਹਨ। ਉਹਨਾਂ ਵਿਚ, ਹੇ ਪ੍ਰਭੂ! ਤੂੰ ਆਪ ਹੀ ਬੈਠਾ ਜੀਵਨ-ਜੋਤਿ ਜਗਾ ਰਿਹਾ ਹੈਂ। ਸੋ, ਹੇ ਪ੍ਰਭੂ! ਤੇਰੇ ਨੈਣ ਬਾਂਕੇ ਹਨ, ਤੇਰੇ ਦੰਦ ਸੋਹਣੇ ਹਨ, ਤੇਰਾ ਨੱਕ ਸੋਹਣਾ ਹੈ, ਤੇਰੇ ਸੋਹਣੇ ਲੰਮੇ ਕੇਸ ਹਨ (ਜਿਨ੍ਹਾਂ ਦੇ ਸੋਹਣੇ ਨੱਕ ਹਨ, ਜਿਨ੍ਹਾਂ ਦੇ ਸੋਹਣੇ ਲੰਮੇ ਕੇਸ ਹਨ। ਇਹ ਭੀ, ਹੇ ਪ੍ਰਭੂ! ਤੇਰੇ ਹੀ ਨੱਕ ਤੇਰੇ ਹੀ ਕੇਸ ਹਨ। ਹੇ ਪ੍ਰਭੂ! ਤੇਰਾ ਸਰੀਰ ਸੋਨੇ ਵਰਗਾ ਸ਼ੁੱਧ ਅਰੋਗ ਹੈ ਤੇ ਸੁਡੋਲ ਹੈ, ਮਾਨੋ, ਸੋਨੇ ਵਿਚ ਹੀ ਢਲਿਆ ਹੋਇਆ ਹੈ:

**ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥ ਸੋਹਣੇ ਨਕ ਜਿਨ ਲੰਮੜੇ ਵਾਲਾ ॥**
**ਕੰਚਨ ਕਾਇਆ ਸੁਇਨੇ ਕੀ ਢਾਲਾ॥ (567)**

ਹੇ ਪਿਆਰੇ (ਪ੍ਰਭੂ) ! ਤੂੰ ਸ਼ਾਹਾਂ ਦਾ ਪਾਤਿਸ਼ਾਹ ਹੈਂ। ਮੈਂ ਤੇਰੇ ਸਾਰੇ ਗੁਣ ਬਿਆਨ ਨਹੀਂ ਕਰ ਸਕਦਾ। ਜੇ ਮੈਂ ਕਿਤਨੇ ਹੀ ਲੱਖਾਂ ਤੇ ਕ੍ਰੋੜਾਂ ਤੇਰੇ ਗੁਣ ਦੱਸਾਂ, ਤਾਂ ਭੀ ਉਹ ਸਾਰੇ ਤੇਰੇ ਇਕ ਰੋਮ (ਦੀ ਵਡਿਆਈ) ਤਕ ਨਹੀਂ ਅੱਪੜ ਸਕਦੇ :

**ਕਿਤੀ ਲਖ ਕਰੋੜਿ ਪਿਰੀਏ ਰੋਮ ਨ ਪੁਜਨਿ ਤੇਰਿਆ ॥**
**ਤੂ ਸਾਹੀ ਹੂ ਸਾਹੁ ਹਉ ਕਹਿ ਨ ਸਕਾ ਗੁਣ ਤੇਰਿਆ ॥ (761)**

ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨ ਤੇ ਭਗਤ-ਜਨ ਪਰਮਾਤਮਾ ਨੂੰ 'ਕੇਸਵ', 'ਕੇਸਵਾ', 'ਕੇਸਉ', 'ਕੇਸੋ' ਅਤੇ 'ਕੇਸੌ' ਆਦਿਕ ਨਾਵਾਂ ਨਾਲ ਪੁਕਾਰਦੇ ਹਨ। ਜਿਨ੍ਹਾਂ ਦਾ ਇੱਕੋ-ਇਕ ਅਰਥ ਹੈ : ਲੰਮੇ ਕੇਸਾਂ ਵਾਲਾ। ਜਿਵੇਂ ਗੁਰਵਾਕ ਹਨ:

**ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ ॥ (358)**
**ਨਿਰਹਾਰੀ ਕੇਸਵ ਨਿਰਵੈਰਾ॥ (98)**
**ਸੁਪ੍ਰਸੰਨ ਭਏ ਕੇਸਵਾ ਸੇ ਜਨ ਹਰਿ ਗੁਣ ਗਾਹਿ ॥ (203)**
**ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥ (1376)**
**ਮੇਰੋ ਬਾਪੁ ਮਾਧਉ ਤੂ ਧਨੁ ਕੇਸੌ ਸਾਂਵਲੀਓ ਬੀਠੁਲਾਇ॥ (988)**
**ਲੋਭ ਲਹਰਿ ਅਤਿ ਨੀਝਰ ਬਾਜੈ ॥ ਕਾਇਆ ਡੂਬੈ ਕੇਸਵਾ ॥ (1196)**

ਬਾਬਾ ਨਾਮਦੇਵ ਜੀ ਦੀ ਮਹਿਮਾ ਸੁਣ ਕੇ ਜਦੋਂ ਇਕ ਜ਼ੁਲਫ਼ਾਂ (ਕੇਸਾਂ) ਵਾਲਾ ਮੁਸਲਮਾਨ ਅਬਦਾਲੀ ਫ਼ਕੀਰ, ਉਨ੍ਹਾਂ ਦੇ ਦਰਸ਼ਨਾਂ ਲਈ ਆਇਆ ਤਾਂ ਉਸ ਦੇ ਰੂਪ ਵਿਚ ਰੱਬੀ ਦੀਦਾਰ ਕਰਦੇ ਹੋਏ ਭਗਤ ਜੀ ਸਤਿਕਾਰ ਵਜੋਂ ਗਾ ਉੱਠੇ ਸਨ :

**ਆਉ ਕਲੰਦਰ ਕੇਸਵਾ ॥ ਕਰਿ ਅਬਦਾਲੀ ਭੇਸਵਾ ॥ (1167)**

**ਅਰਥ:** ਹੇ (ਸੁਹਣੀਆਂ ਜ਼ੁਲਫ਼ਾਂ ਵਾਲੇ) ਕਲੰਦਰ-ਪ੍ਰਭੂ! ਹੇ ਸੁਹਣੇ ਕੇਸਾਂ ਵਾਲੇ ਪ੍ਰਭੂ! ਤੂੰ ਅਬਦਾਲੀ ਫ਼ਕੀਰਾਂ ਦਾ ਪਹਿਰਾਵਾ ਪਾ ਕੇ (ਆਇਆ ਹੈ); ਜੀ ਆਇਆਂ ਨੂੰ (ਆ, ਮੇਰੇ ਹਿਰਦੇ-ਮਸੀਤ ਵਿਚ ਆ ਬੈਠ)।

ਦੂਜਾ ਅਕੱਟ ਪ੍ਰਮਾਣ ਇਹ ਹੈ ਕਿ 'ਕੇਸਵ' ਪ੍ਰਭੂ ਦੇ ਸੇਵਕ ਸੰਤ-ਜਨਾਂ ਦੇ ਅਦਬ ਵਿਚ ਗੁਰੂ ਸਾਹਿਬਾਨ ਦੇ ਹਿਰਦੇ ਵਿੱਚੋਂ ਵਾਰ ਵਾਰ ਅਜਿਹੇ ਸ਼ਬਦ ਨਿਕਲ ਰਹੇ ਹਨ ਕਿ ਹੇ ਮੇਰੇ ਰਾਮ। ਜੇ ਤੇਰੀ ਮੇਹਰ ਹੋਵੇ, ਤਾਂ ਮੈਂ ਤੇਰੇ ਸੇਵਕਾਂ ਤੋਂ ਸਦਕੇ ਜਾਵਾਂ। ਮੈਂ ਆਪਣੇ ਕੇਸਾਂ ਨਾਲ ਉਨ੍ਹਾਂ ਦੇ ਚਰਨ ਸਾਫ਼ ਕਰਾਂ । ਕੇਸਾਂ ਦਾ ਚੌਰ ਬਣਾ ਕੇ ਉਹਨਾਂ ਉੱਤੇ ਝੁਲਾਵਾਂ ਅਤੇ ਬੀਜਨਾ (ਪੱਖਾ) ਬਣਾ ਕੇ ਹਵਾ ਝੱਲਾਂ। ਮੈਂ ਉਹਨਾਂ ਦੇ ਚਰਨਾਂ ਦੀ ਧੂੜ ਲੈ ਕੇ ਆਪਣੇ ਮੱਥੇ ਉੱਤੇ ਲਾਵਾਂ। ਜਿਵੇਂ :

**ਕੇਸ ਸੰਗਿ ਦਾਸ ਪਗ ਝਾਰਉ ਇਹੈ ਮਨੋਰਥ ਮੋਰ॥ (500)**
**ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ॥**
**ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ ॥ (749)**
**ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ॥**
**ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ॥ (745)**

ਤੀਜਾ ਪਰਮਾਣ ਹੈ ਕਿ 'ਧੁਰ ਕੀ ਬਾਣੀ' ਵਿਚ ਰੱਬੀ-ਵਿਆਪਕਤਾ ਅਤੇ ਸਿਮਰਨ ਦਾ ਚਾਉ ਪ੍ਰਗਟਾਉਣ ਲਈ ਵੀ ਰੋਮਾਂ ਨਾਲ ਸੰਬੰਧਿਤ ਪ੍ਰਚੱਲਤ ਮੁਹਾਵਰਿਆਂ ਦੀ ਵਰਤੋਂ ਕੀਤੀ ਗਈ ਹੈ। ਕੇਸਾਂ ਤੋਂ ਰਹਿਤ ਕਿਸੇ ਵਿਅਕਤੀ ਦੇ ਮੂੰਹੋਂ ਉਸ ਕਿਸਮ ਦੀ ਸ਼ਰਧਾ ਭਰਪੂਰ ਤੇ ਭਾਵਨਾਤਮਕ ਸ਼ਬਦਾਵਲੀ ਦਾ ਸੁਭਾਵਿਕ ਪ੍ਰਗਟਾਅ ਅਤੇ ਗੱਲਬਾਤ ਵਿਚ ਮੁਹਾਵਰਿਆਂ ਦੀ ਵਰਤੋਂ ਕੀਤੀ ਜਾ ਸਕਣੀ ਅਸੰਭਵ ਹੈ। ਜਿਵੇਂ: **ਰੋਮ ਰੋਮ ਮਹਿ ਬਸਹਿ ਮੁਰਾਰਿ ॥ (344)**

**ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥(941)**
**ਰੋਮੇ ਰੋਮਿ ਰੋਮਿ ਰੋਮੇ ਮੈ ਗੁਰਮੁਖਿ ਰਾਮੁ ਧਿਆਏ ਰਾਮ ॥(443)**

ਚੌਥਾ ਪ੍ਰਮਾਣ ਹੈ ਕਿ ਜਿਹੜੇ ਸ੍ਰੀ ਗੁਰੂ ਨਾਨਕ ਸਾਹਿਬ ਆਪਣੇ ਪੰਜਵੇਂ ਸਰੂਪ ਵਿਚ ਇਕ ਮੁਸਲਮਾਨ ਸੁੰਨੀ ਫ਼ਕੀਰ ਨੂੰ ਉਪਦੇਸ਼ ਕਰ ਰਹੇ ਹੋਣ ਕਿ ਲੋਕ-ਪਰਲੋਕ ਵਿਚ ਇੱਜ਼ਤ-ਆਦਰ ਪ੍ਰਾਪਤ ਕਰਨ ਦਾ ਇੱਕੋ ਇਕ ਵਸੀਲਾ ਹੈ : "ਅੱਲ੍ਹਾ ਦੀ ਰਜ਼ਾ ਵਿਚ ਸਾਬਤ-ਸੂਰਤਿ ਹੋਣਾ।" ਜਿਹੜੇ ਭਗਤ ਕਬੀਰ ਜੀ ਇਕ ਰੋਡ-ਮੋਡ ਕਥਿਤ ਸੰਨਿਆਸੀ ਸਾਧੂ ਨੂੰ ਤਾੜਨਾ ਭਰੇ ਸ਼ਬਦਾਂ ਵਿਚ ਕਹਿ ਰਹੇ ਹੋਣ ਕਿ ਮਨ ਨੂੰ ਸਾਧਣ ਲਈ ਕੇਸ ਮਨਾਉਣੇ ਵਿਅਰਥ ਹਨ, ਕਿਵੇਂ ਹੋ ਸਕਦਾ ਹੈ ਕਿ ਉਹ ਆਪ ਕੇਸਾਧਾਰੀ ਨਾ ਹੋਣ ਅਤੇ ਉਨ੍ਹਾਂ ਨੇ ਆਪਣੇ ਸਿੱਖ ਸੇਵਕਾਂ ਨੂੰ ਅਜਿਹੀ ਹਦਾਇਤ ਨਾ ਕੀਤੀ ਹੋਵੇ। ਬਾਬਾ ਫ਼ਰੀਦ ਜੀ ਦੇ ਆਪਣੇ ਹੀ ਸ਼ਬਦਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਉਹ ਕੇਸ, ਦਾੜ੍ਹੀ ਤੇ ਮੁੱਛਾਂ ਰੱਖਦੇ ਸਨ। ਕਿਉਂਕਿ, ਉਹ ਆਪਣੇ ਆਪ ਨੂੰ ਸੰਬੋਧਨ ਹੋ ਕੇ ਆਖਦੇ ਹਨ ਕਿ ਹੇ ਫ਼ਰੀਦ! ਸਿਰ ਚਿੱਟਾ ਹੋ ਗਿਆ ਹੈ, ਦਾੜ੍ਹੀ ਚਿੱਟੀ ਹੋ ਗਈ ਹੈ, ਮੁੱਛਾਂ ਵੀ ਚਿੱਟੀਆਂ ਹੋ ਗਈਆਂ ਹਨ। ਹੇ ਗਾਫ਼ਿਲ ਤੇ ਕਮਲੇ ਮਨ। ਅਜੇ ਭੀ ਦੀਆਂ ਹੀ ਮੌਜਾਂ ਕਿਉਂ ਮਾਣ ਰਿਹਾ ਹੈ ?

**ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ॥**
**ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ ॥ (1380)**

**(...ਚੱਲਦਾ)**

# ਅੰਤਿਕਾ 2

-ਡਾ. ਕਿਰਪਾਲ ਸਿੰਘ

"ਫੇਰ ਤੂੰ ਕਹੇਂ ਕਿ ਛਡ ਜਾਓ, ਚਿੱਟੀ ਲੜਕੀ ਪਾਸ, ਮੈਂ ਐਸ਼ ਕਰਾਂ, ਕੀ ਤੇਰੇ ਸਮਾਜ ਵਿਚ ਏਹੋ ਜਿਹੀਆਂ ਲੜਕੀਆਂ ਨਹੀਂ ਹਨ। ਜਾਹ, ਜਾ ਕੇ ਆਪਣੀ ਅੰਸ਼ ਦਾ ਵਾਧਾ ਕਰ ਤੇ ਬੁੱਢੇ ਚਾਚੇ ਦੀ ਸੇਵਾ ਕਰ, ਤੇਰੇ ਖਾਣ ਪੀਣ ਲਈ ਇਨ੍ਹਾਂ ਪਾਸ ਕਾਫ਼ੀ ਹੈ; ਤੂੰ ਸ਼ੁਕਰ ਕਰ ਖ਼ੁਦਾ ਦਾ ਕਿ ਆਪਣੇ ਮਜ਼ਹਬ 'ਤੇ ਪਿਤਾ ਪਾਸ ਚਲਿਆ ਹੈ, ਫੇਰ ਐਸੇ ਖ਼ੁਦਾਪ੍ਰਸਤ ਪਾਸ, ਤੂੰਨੇ ਤਾਂ ਕੋਈ ਚੰਗੇ ਬੀਜ ਬੀਜੇ ਹਨ।" ਕਾਕੇ ਨੂੰ ਯਕੀਨ ਕਰਾ ਦਿੱਤਾ, ਉਹ ਕਹਿਣੇ ਲਗਾ, "ਨਹੀਂ ਜੀ, ਮੈਂ ਸ਼ੁਕਰ ਹੀ ਕੀਤਾ ਹੈ ਕਿ ਮੈਨੂੰ ਆਪਣੇ ਪਿਤਾ ਮਿਲੇ ਹਨ, ਪਰ ਮੇਰੀ ਮੇਜਰ ਸਾਹਿਬ ਨੇ ਬਹੁਤ ਹੀ ਪਾਲਣਾ ਕੀਤੀ ਤੇ ਬੱਚਿਆਂ ਦੀ ਤਰ੍ਹਾਂ ਪਾਲਿਆ, ਮੇਰੀ ਬੁਰੀ ਹਾਲਤ ਸੀ ਜਦ ਮੈਂ ਇਨ੍ਹਾਂ ਪਾਸ ਆਇਆ। ਮੇਰੀ ਬਚਣ ਦੀ ਕੋਈ ਉਮੀਦ ਨਹੀਂ ਸੀ। ਇਨ੍ਹਾਂ ਨੇ ਦਵਾਈਆਂ ਤੇ ਖ਼ੁਰਾਕਾਂ ਦੇ ਦੇ ਕਰ ਮੈਨੂੰ ਬਚਾ ਦਿੱਤਾ, ਦੂਜਾ ਘਰ ਦਾ ਮਾਲਕ ਬਣਾ ਦਿੱਤਾ।" ਖ਼ਾਨ ਜੀ ਨੇ ਕਿਹਾ, "ਠੀਕ ਹੈ, ਤੂੰ ਇਨ੍ਹਾਂ ਨੂੰ ਪਾਲਕ ਪਿਤਾ ਜਾਣ ਕੇ ਖ਼ਤ ਪੱਤਰ ਕਰਦਾ ਰਹੁ।" ਫੇਰ ਬੜਾ ਪਿਆਰ ਕਰਕੇ ਨਾਲ ਬਿਠਾ ਲੀਤਾ। ਮਖੌਲ ਕਰਦੇ ਪਿੰਡੀ ਰਾਤ ਦੇ ਅੱਠ ਵਜੇ ਪੁੱਜ ਗਏ। ਹੁਣ ਮੇਰਾ ਦਿਲ ਭੀ ਕੁਝ ਖੇੜੇ ਵਿਚ ਆਵੇ, ਪਰ ਜਦ ਏਸ ਬੱਚੇ ਵਲ ਤੱਕਾਂ, ਏਸ ਦੇ ਪਿਤਾ, ਚਾਚੇ, ਭਰਾ, ਦਾਦੀ, ਭੈਣ, ਦੇਸ਼, ਸਮਾਜ ਯਾਦ ਆਵੇ ਤਦ ਹੋਰ ਜ਼ਖ਼ਮ ਹੋ ਜਾਣ 'ਤੇ ਇਹ ਫ਼ਿਕਰਾ ਯਾਦ ਆ ਜਾਏ ਕਿ :

ਜੋ ਬਦਨਸੀਬ ਹੈ ਬਦਕਿਸਮਤ ਹੈ, ਉਠਨੇ ਕੋ ਉਠੇ,
ਦਰਦ ਕੀ ਤਰ੍ਹਾ ਉਠੇ ਆਂਸੂ ਕੀ ਤਰ੍ਹਾ ਗਿਰ ਪੜੇ।
ਤਕਦੀਰ ਨੇ ਗ਼ਰੀਬ ਕੋ ਐਸਾ ਗਿਰਾ ਦੀਆ,
ਏਕ ਏਕ ਕਦਮ ਪਹਿ ਨਯਾ ਫ਼ਿਤਨਾ ਉਠਾ ਦੀਆ।

ਅਸੀਂ ਲਾਲ ਕੁੜਤੀ ਮੰਦਰ ਵਿਚ ਪੁੱਜ ਗਏ, ਰੋਟੀ ਖਾਧੀ ਤੇ ਬੈਠ ਕਰ ਗੱਲਾਂ ਬਾਤਾਂ ਹੀ ਕਰ ਰਹੇ ਸੀ, ਕਿ ਖ਼ਾਨ ਜੀ ਭੀ ਆ ਗਏ ਤੇ ਕਹਿਣ ਲੱਗੇ, "ਅੱਜ ਤਾਂ ਕੁਝ ਵਸੋਂ ਹੋ ਗਈ ਹੈ ਕੈਂਪ ਅੰਦਰ" ਤੇ ਆਖਣ ਲੱਗੇ, "ਮੈਂ ਥਾਣੇ ਤੋਂ ਭੀ ਹੋ ਆਇਆ ਹਾਂ, ਅਮਰ ਕੌਰ ਦਾ ਕੋਈ ਪਤਾ ਨਹੀਂ ਲੱਗਾ। ਹੁਣ ਕੱਲ ਦੇਖਾਂਗੇ।"

**ਅਮਰ ਕੌਰ ਬਰਾਮਦ**

ਆਪ ਚਲੇ ਗਏ, ਅਸੀਂ ਸੌਂ ਗਏ ਕੁਝ ਥੋੜ੍ਹਾ ਜੈਸਾ। ਫੇਰ ਉਠ ਕੇ ਮੈਂ ਸਾਰਾ ਸਫ਼ਰ ਤੇ ਹਾਲ ਨੋਟ ਕੀਤੇ। ਇਤਨੇ ਨੂੰ ਸਵੇਰ ਹੋ ਆਈ, ਤੇ ਨਹਾ ਧੋ ਕੇ ਪਾਠ ਕੀਤਾ, ਚਾਹ ਵਗੈਰਾ ਬਣਾ ਕੇ ਪੀਤੀ। ਅੱਠ ਨੌਂ ਵਜੇ ਖ਼ਾਨ ਸੱਯਦੁੱਦੀਨ ਆ ਗਏ ਤੇ ਕਿਹਾ, "ਮੈਂ ਉਹਨਾਂ ਸਾਰਿਆਂ ਨੂੰ ਅੱਜ ਥਾਣੇ ਬੰਦ ਕਰਾ, ਉਹਨਾਂ ਦੀਆਂ ਕੰਪਨੀਆਂ ਜ਼ਬਤ ਕਰਾ ਦੇਂਦਾ ਹਾਂ, ਤਦ ਕਾਬੂ ਔਣਗੇ।" ਜਦੋਂ ਇਨ੍ਹਾਂ ਨੇ ਇਹ ਖ਼ਿਆਲ ਕੀਤਾ, ਤਾਂ ਉਹਨਾਂ ਕਿਹਾ, "ਅਸੀ ਕੱਲ ਬਾਰਾਂ ਵਜੇ ਅਮਰ ਕੌਰ ਨੂੰ ਪੈਦਾ ਕਰ ਦੇਵਾਂਗੇ।" ਖ਼ਾਨ ਨੇ ਕਿਹਾ, "ਚੰਗਾ ਮੈਂ ਠਹਿਰ ਜਾਂਦਾ ਹਾਂ।" ਉਹਨਾਂ ਨੇ ਉਸੀ ਵਕਤ ਗੜ੍ਹੀ ਹਬੀਬੁੱਲਾ ਆਦਮੀ ਭੇਜ ਦਿੱਤਾ। ਦੂਜੇ ਦਿਨ 12 ਵਜੇ ਦੀ ਇੰਤਜ਼ਾਰੀ ਵਿਚ ਐਬਟਾਬਾਦ ਵਾਲੀ ਸੜਕ 'ਤੇ ਅਸੀਂ ਜੀਪ ਲੈ ਕੇ ਖੜੇ ਹੋ ਗਏ। ਜੋ ਭੀ ਗੱਡੀ ਆਏ ਤਲਾਸ਼ੀ ਲੀਤੀ ਜਾਏ, ਆਖ਼ਰ ਇਕ ਵਜੇ ਵਾਲੀ ਗੱਡੀ ਵਿਚ ਅਮਰ ਕੌਰ ਆ ਗਈ, ਉਥੋਂ ਹੀ ਗੱਡੀ ਤੋਂ ਉਤਰ ਕੇ, ਲਾਲ ਕੁੜਤੀ ਲੈ ਆਏ। ਖਾਨ ਜੀ ਉਹਨਾਂ ਨੂੰ, ਜੋ ਅਮਰ ਨਾਲ ਆਏ ਸੀ, ਕਹਿ ਆਏ, ਕਿ ਤੁਸੀਂ ਡੀ.ਸੀ. ਦੀ ਕਚਹਿਰੀ ਪੁੱਜੋ, ਅਸੀਂ ਛੇਤੀ ਛੇਤੀ ਤਿਆਰ ਹੋ ਕੇ ਦੋ ਸਰਦੂਲ ਸਿੰਘ ਦੇ ਬੱਚੇ ਤੇ ਜੋਗਿੰਦਰ ਸਿੰਘ, ਅਮਰ ਕੌਰ ਤੇ ਤਿੰਨੇ ਉਸ ਦੇ ਬੱਚੇ, ਚਾਰ ਸਿਪਾਹੀ, ਮੈਂ, ਖ਼ਾਨ ਜੀ, ਜੇਹਲਮ ਦੀ ਤਰਫ਼ ਰਵਾਨਾ ਹੋ ਗਏ ਤੇ ਜੇਹਲਮ ਇੰਸਪੈਕਟਰ ਦੇ ਮਕਾਨ 'ਤੇ ਪੁੱਜ ਗਏ।

**ਨੇਕ ਮੁਸਲਮਾਨ**

ਖ਼ਾਨ ਜੀ ਨੇ ਦੋ ਦਿਨ ਆਪਣੇ ਘਰ ਰੱਖ ਕੇ, ਅਮਰ ਨੂੰ ਆਪ ਤੇ ਆਪਣੀ ਬੇਗਮ ਤੋਂ ਵੀ ਸਮਝਾਇਆ। ਆਪ ਨੇ ਤੇ ਬੇਗਮ ਨੇ, ਬਹੁਤ ਸੇਵਾ ਕੀਤੀ ਸਾਰਿਆਂ ਦੀ, ਖ਼ਾਨ ਜੀ ਦੇ ਤਿੰਨ ਬੱਚੇ ਬਹੁਤ ਹੀ ਖ਼ੂਬਸੂਰਤ ਛੋਟੇ ਛੋਟੇ ਕਹਿਣ ਲੱਗੇ, ਮੈਂ ਇਨ੍ਹਾਂ ਨੂੰ ਯਾਦ ਕਰ ਰੋਂਦਾ ਸੀ, ਕਿਉਂਕਿ ਜਿਸ ਵਕਤ ਕੋਈ ਬੱਚਾ ਰਿਕਵਰੀ ਹੁੰਦਾ ਸੀ ਯਾਨੀ ਲੱਭਦਾ ਸੀ ਤਾਂ ਅਸੀਂ ਉਸ ਦੀ ਹਾਲਤ ਦੇਖ ਕੇ ਰੋਂਦੇ ਸੀ ਤੇ ਨਾਲ ਖ਼ਾਨ ਜੀ ਭੀ ਸਾਹ ਭਰਕੇ ਕਹਿੰਦੇ ਸੀ, ਹੇ ਅੱਲਾ ਫ਼ਜ਼ਲ ਕਰੀਂ। ਤਾਂ ਕਹਿਣ ਲੱਗੇ, "ਜੀ, ਜੇ ਮੇਰਾ ਕੋਈ ਬੱਚਾ ਜੁਦਾ ਹੋ ਜਾਏ ਤਾਂ ਮੈਂ ਤਾਂ ਮਰ ਜਾਵਾਂ। ਇਹ ਖ਼ਿਆਲ ਆਉਂਦਾ ਤੇ ਰੋਵਾਂਦਾ ਸੀ।"

**ਜਿਹਲਮ ਦਰਿਆ 'ਤੇ**

ਮੈਂ ਕਿਹਾ, "ਜੀ ਹੁਣ ਅੱਜ ਦਰਿਆ (ਜੇਹਲਮ) 'ਤੇ ਲੈ ਚੱਲੋ।" ਜਾਂ ਅਸੀਂ ਗਏ, ਮੇਰੀਆਂ ਅੱਖਾਂ 'ਚੋਂ ਆਂਸੂ ਆਪ-ਮੁਹਾਰੇ ਤੁਰ ਪਏ ਤੇ ਆਲੇ-ਦੁਆਲੇ ਜੇਹਲਮ ਦੇ ਕਿਨਾਰੇ ਕਈ ਪਿੰਜਰ ਦੇਖੇ, ਜਿਨ੍ਹਾਂ ਨਾਲ ਕੜੇ ਸਨ। ਮੈਂ ਅੱਗੇ ਭੀ ਸੋਚ ਰਿਹਾ ਸਾਂ ਕਿ ਸਾਡੇ ਵੀਰਾਂ ਦੀਆਂ ਲਾਸ਼ਾਂ ਇਥੇ ਆ ਕੇ ਲੱਗੀਆਂ ਹੋਣਗੀਆਂ, ਹੁਣ ਸਬੂਤ ਭੀ ਮਿਲ ਗਿਆ, ਫੇਰ ਕੀ ਸ਼ੱਕ ਸੀ। ਮੈਂ ਇਕ ਦੋ ਅਸਥੀਆਂ ਨਾਲੋਂ ਕੜੇ ਲਾਹ ਕੇ ਚੁੰਮੇ ਤੇ ਪਾਸ ਰੱਖ ਲੀਤੇ, ਪਰ ਹਾਲਤ ਮੇਰੀ ਬਹੁਤ ਖ਼ਰਾਬ ਹੋ ਗਈ, ਪਸੀਨਾ ਪਸੀਨਾ ਹੋ ਗਿਆ, ਤੇ ਬੈਠ ਗਿਆ, ਮੈਂ ਦੋ ਘੁੱਟ ਪਾਣੀ ਦੇ ਪੀਤੇ ਪਰ ਦਿਲ ਇਹ ਕਹੇ ਕਿ ਨਾ ਪੀ; ਇਹ ਤਾਂ ਤੇਤੀ ਹਜ਼ਾਰ ਸ਼ਹੀਦਾਂ ਦਾ ਲਹੂ ਹੈ। ਉਹ ਤਾਂ ਧਰਮ ਸਿੱਖੀ, ਦੇਸ਼, ਕੌਮ ਗੈਰਤ ਲਈ ਸ਼ਹੀਦ ਹੋ ਕੇ ਮਹਾਨ ਪਵਿੱਤਰ ਹੋ ਗਏ ਹਨ, ਤੈਨੇ ਪਤਾ ਨਹੀਂ ਕਿਸ ਮੌਤੇ ਮਰਨਾ ਹੈ।

ਇਤਨੀ ਦੇਰ ਨੂੰ ਖ਼ਾਨ ਜੀ ਮੇਰੇ ਪਾਸ ਆ ਕੇ ਮੇਰੇ ਕੰਧੇ 'ਤੇ ਹੱਥ ਰੱਖ ਕੇ ਕਹਿਣ ਲੱਗੇ, ਪਰ ਦਿਲ ਭਰ ਕੇ, ਕਿ "ਤੁਸੀਂ ਬਹੁਤ ਵੈਰਾਗ ਨਾ ਕਰੋ, ਖ਼ੁਦਾ ਨੂੰ ਇਹੋ ਹੀ ਚੰਗਾ ਲੱਗਾ ਹੈ। ਮੈਂ ਤੁਸਾਂ ਨੂੰ ਸੱਚ ਕਹਿੰਦਾ ਹਾਂ ਅਸੀਂ ਪੰਜ ਦਿਨ ਜੇਹਲਮ ਦਾ ਪਾਣੀ ਨਹੀਂ ਦੇਖ ਸਕੇ । ਲੱਕੜ ਦੀਆਂ ਸ਼ਤੀਰੀਆਂ ਦੀ ਤਰ੍ਹਾਂ ਉਰਾਰ ਤੋਂ ਪਾਰ ਇੱਕੋ ਤਾਰ ਵਿਚ ਸਿੱਖਾਂ ਦੀਆਂ ਲਾਸ਼ਾਂ ਸਨ ਤੇ ਦਰਿਆ ਦਾ ਸਾਰਾ ਪਾਣੀ ਪੰਜ ਦਿਨ ਲਹੂ ਹੀ ਚਲਦਾ ਰਿਹਾ ਹੈਸੀ।" ਇਹ ਕਹਿ ਫਟ ਮੈਨੂੰ ਬਾਂਹ ਤੇ ਪਕੜ ਉਠਾ ਲੀਤਾ ਤੇ ਘਰ ਲੈ ਆਏ। ਛੇਤੀ ਛੇਤੀ ਸੰਗਤਰੇ ਦੋ ਚਾਰ ਲਿਆ ਕੇ ਚੂਪਾ ਦਿੱਤੇ ਤੇ ਪਾਸ ਬੈਠ ਕੇ ਹਿੰਦੂ ਮੁਸਲਮ ਕਮਜ਼ੋਰੀਆਂ ਕਹਿ ਦੱਸੀਆਂ।

**ਵਾਪਸੀ**

ਫੇਰ ਕਹਿਣ ਲੱਗੇ, "ਤਿਆਰ ਹੋਵੋ ਹੁਣ ਅੱਜ ਹੀ ਲਾਹੌਰ ਚੱਲੀਏ।" ਚੱਲ ਪਏ। ਸ਼ਾਮ ਵੇਲੇ ਲਾਹੌਰ ਪੁੱਜ ਗਏ ਤੇ ਸਿੱਧੇ ਮੁਸਲਮ ਜੇਹਲ ਪੁੱਜ ਗਏ। ਮੈਂ ਕਿਹਾ, "ਖਾਨ ਜੀ ! ਤੁਸਾਂ ਕਰ ਕਰਾ ਕੇ ਹੁਣ ਜੇਹਲ ਲਿਆ ਕੇ ਡੱਕ ਦਿੱਤਾ, ਇਥੇ ਤਾਂ ਇਕ ਮਹੀਨਾ ਹੋਰ ਲੱਗ ਜਾਵੇਗਾ, ਤੁਸੀਂ ਡੀ.ਏ.ਵੀ. ਕਾਲਜ ਵਿਚ ਲੈ ਚੱਲਦੇ ਜਾਂ ਆਪਣੇ ਦਫ਼ਤਰ।" ਕਹਿਣ ਲੱਗੇ, "ਇਹ ਆਰਡਰ ਹੀ ਐਸਾ ਹੈ, ਤੁਸੀਂ ਕੱਲ ਰਜ਼ਵੀ ਨੂੰ ਮਿਲ ਕੇ ਸਪੈਸ਼ਲ ਕੇਸ ਲੈ ਲਵੋ, ਤੁਹਾਡਾ ਕਹਿਣਾ ਉਹ ਮੰਨ ਲੈਣਗੇ।" ਮੈਂ ਵੈਸਾ ਹੀ ਕੀਤਾ ਤੇ ਉਹਨਾਂ ਨੇ ਸਪੈਸ਼ਲ ਕੇਸ ਕਰ; ਦੂਜੇ ਦਿਨ ਬੱਚੇ ਤੇ ਅਮਰ ਕੌਰ, ਹਿੰਦੂ ਕੈਂਪ ਵਿਚ ਆ ਗਏ। ਮੈਂ ਭੀ ਬੜਾ ਸ਼ੁਕਰ ਗੁਜ਼ਾਰ ਹੋਇਆ, ਤੇ ਦਿੱਲੀ ਵਗ਼ੈਰਾ ਖ਼ਬਰ ਦੇ ਦਿੱਤੀ ਤਾਂ ਦਿੱਲੀ ਤੋਂ ਸਾਰਾ ਬਾਈ ਦਾ ਫ਼ੋਨ 'ਤੇ ਹੋਰ ਭੀ ਖ਼ੁਸ਼ੀ ਦੀਆਂ (ਤਾਰਾਂ) ਆਈਆਂ।

ਅਮਰ ਕੌਰ ਦੇ ਜੇਠ ਲਹਿਣਾ ਸਿੰਘ ਨੂੰ ਮੈਂ ਲਾਹੌਰ ਸੱਦ ਲੀਤਾ, ਉਹ ਤੇ ਸਰਦਾਰ ਭੂਪਾਲ ਸਿੰਘ ਦੀ ਲੜਕੀ ਭੀ ਲਾਹੌਰ ਪੁੱਜ ਗਏ। ਅਮਰ ਕੌਰ ਤੇ ਜੋਗਿੰਦਰ ਸਿੰਘ ਦੇ ਪਕੜੇ ਜਾਣੇ ਦੀ ਖ਼ਬਰ ਸਾਰੇ ਪਾਕਿਸਤਾਨ ਤੇ ਅਜ਼ਾਦ ਕਸ਼ਮੀਰ ਅਮੋਰ ਕੈਂਪ ਵਿਚ ਪੁੱਜ ਗਈ ਤੇ ਮੈਨੂੰ ਲਾਹੌਰ ਹੀ ਚਿੱਠੀਆਂ ਤੇ ਪੁੱਛਣਾਂ ਸ਼ੁਰੂ ਹੋ ਗਈਆਂ ਕਿ ਠੀਕ ਹੈ ਜਾਂ ਝੂਠ। ਲੋਕੀ ਹੈਰਾਨ ਸਨ ਕਿ ਇਨ੍ਹਾਂ

ਕੇਸਾਂ ਦੀ ਕਦੀ ਭੀ ਬਰਾਮਦਗੀ ਦੀ ਉਮੈਦ ਨਹੀਂ ਸੀ, ਰਿਕਵਰੀ ਮਹਿਕਮਾ ਚਾਰ ਸਾਲ ਤੋਂ ਹੀ ਕੋਸ਼ਿਸ਼ ਕਰ ਰਿਹਾ ਤੇ ਨਹੀਂ ਬਰਾਮਦ ਕਰ ਸਕੇ ਤੇ ਪਾਕਿਸਤਾਨ 'ਤੇ ਭੀ ਚੰਗਾ ਅਸਰ ਪਿਆ ਤੇ ਹਿੰਦੁਸਤਾਨ 'ਤੇ ਭੀ। ਪਰ ਹਿੰਦੁਸਤਾਨ ਦਾ ਰਿਕਵਰੀ ਮਹਿਕਮਾ, ਹਰਬੰਸ ਲਾਲ ਨੂੰ ਛੱਡ ਕੇ, ਹੋਰ ਸਭ ਬੜੇ ਜਲੇ ਤੇ ਦੁਖੀ ਹੋਏ ਕਿ ਸਾਡੀ ਤਾਂ ਬੜੀ ਬਦਨਾਮੀ ਹੋਵੇਗੀ ਕਿ ਇਹ ਹਜ਼ਾਰ ਹਜ਼ਾਰ ਤਨਖ਼ਾਹ ਐਵੇਂ ਹੀ ਲੈਂਦੇ ਹਨ, ਰਿਕਵਰੀ ਤਾਂ ਕਰਦੇ ਕੋਈ ਨਹੀਂ, ਭਾਵ ਅੰਦਰੋਂ ਅੰਦਰੋਂ ਮੇਰੇ ਕੰਮ ਵਿਚ ਰੋੜੇ ਅਟਕਾਉਣ ਲੱਗੇ ਤੇ ਝੂਠੀਆਂ ਸ਼ਿਕਾਇਤਾਂ ਕਹਿਣ ਕਹਾਣ ਲੱਗੇ ਕਿ ਇਹ ਆਪਣੀ ਗੌਰਮੈਂਟ ਦੇ ਮੁਖ਼ਾਲਿਫ਼ ਹੈ ਤੇ ਪਾਕਿਸਤਾਨ ਦੀ ਸਿਫ਼ਤ ਕਰਦਾ ਹੈ, ਪਰ ਮੈਂ ਪ੍ਰਵਾਹ ਕੋਈ ਨਾ ਕੀਤੀ ਤੇ ਕਿਹਾ ਕਿ ਤੁਸੀਂ ਤਾਂ ਹਰਾਮ ਦੀਆਂ ਖਾਂਦੇ ਹੋ ਤੇ ਦੇਸ਼ ਕੌਮ ਦੀ ਗ਼ਦਾਰੀ ਕਰ ਰਹੇ ਹੋ, ਨੌਕਰੀ ਪਿੱਛੇ। ਤੁਸਾਂ ਨੂੰ ਹਟਾ ਕੇ ਹੋਰ ਨੇਕ ਤੇ ਚੰਗੇ ਵਰਕਰ ਮਹਿਤਾ ਹਰਬੰਸ ਲਾਲ ਜੀ ਦੀ ਤਰ੍ਹਾਂ ਕੰਮ ਕਰਨ ਵਾਲੇ ਹੋਣੇ ਚਾਹੀਦੇ ਹਨ, ਬਲਕਿ ਮੈਂ ਸਾਰਾ ਬਾਈ ਤੇ ਬਲਬੀਰ ਰਾਇ ਨੂੰ ਭੀ ਕਿਹਾ ਸੀ ਕਿ ਜੇ ਤੁਸੀਂ ਦੇਸ਼ ਤੇ ਕੌਮ ਦੇ ਬੱਚੇ ਛੇਤੀ ਨਿਕਾਲਣੇ ਹਨ ਤਾਂ ਹੋਰ ਚੰਗੇ ਆਦਮੀ ਲਾਓ, ਪਰ ਕੌਣ ਮੇਰੀ ਸੁਣੇ, ਉਹ ਉਲਟੇ ਮੇਰੇ 'ਤੇ ਗੁੱਸੇ ਹੋ ਗਏ ਕਿ "ਤੁਮਾਰਾ ਪਾਕਿਸਤਾਨ ਪਾਸ ਬੰਦ ਕੀਆ ਜਾਏਗਾ ਔਰ ਕਸ਼ਮੀਰ ਕਾ ਭੀ।" ਮੈਂ ਕਿਹਾ, "ਮੇਰਾ ਗੁਨਾਹ ?" ਪਰ ਕੀ ਦੱਸਣ ਕਿ ਕੀ ਗੁਨਾਹ ਹੈ, ਕਿ ਅਸੀਂ ਚਾਰ ਸਾਲ ਵਿੱਚ ਜੋ ਬੱਚੇ ਨਹੀਂ ਨਿਕਾਲ ਸਕੇ, ਤੈਂਨੇ ਦੋ ਮਹੀਨੇ ਵਿਚ (ਨਿਕਾਲ ਲਏ), ਬੱਸ ਇਹੋ ਹੀ ਮੇਰਾ ਗੁਨਾਹ ਸੀ। ਸਾਰਾ ਬਾਈ ਤਾਂ ਆਪਣੀ ਜ਼ਿਦ ਤੇ ਤਰਫਦਾਰੀ ਕਰਦੀ ਸੀ ਤੇ ਨਾ ਹੀ ਐਡਾ ਓਸ ਨੂੰ, ਪਾਰਸਨ ਹੋਣ ਕਰਕੇ, ਦਰਦ ਹੀ ਸੀ।

ਤਾਂ ਦੂਜੇ ਦਿਨ ਮੈ ਰਜ਼ਵੀ ਜੀ ਪਾਸ ਦਫਤਰ ਪੁੱਜਾ ਕਿ ਅਮਰ ਕੌਰ ਦੇ ਟ੍ਰਿਬਿਊਨਲ ਦੇ ਸਾਹਮਣੇ ਬਿਆਨ ਨਾ ਲੀਤੇ ਜਾਣ, ਤੁਸੀਂ ਮੇਹਰਬਾਨੀ ਕਰਕੇ ਇਥੇ ਭੀ ਸਪੈਸ਼ਲ ਕੇਸ ਦੇ ਦਿਓ, ਉਹਨਾਂ ਮੰਨ ਲਿਆ ਅਤੇ ਮੈਨੂੰ ਕਿਹਾ, "ਤੁਸੀਂ ਕੱਲ੍ਹ ਹਿੰਦੁਸਤਾਨ ਏਹ ਸਾਰੇ ਬੱਚੇ ਤੇ ਅਮਰ ਕੌਰ ਲੈ ਕੇ ਜਾ ਸਕਦੇ ਹੋ।" ਮੈਂ ਆਪਣੇ ਦਫ਼ਤਰ ਨੂੰ ਆ ਕੇ ਕਿਹਾ ਕਿ ਸੁਬ੍ਹਾ ਇਕ ਗੱਡੀ ਅਤੇ ਪੁਲਿਸ ਦਿਓ ਤਾਕਿ ਅਸੀਂ ਅੰਮ੍ਰਿਤਸਰ ਪੁੱਜ ਜਾਈਏ। ਦੂਜੇ ਦਿਨ ਸਾਰੇ ਅੰਮ੍ਰਿਤਸਰ ਪੁੱਜ ਗਏ। ਅੰਮ੍ਰਿਤਸਰ ਦੂਜੇ ਦਿਨ ਸਾਰਾ ਬਾਈ ਭੀ ਦਿੱਲੀ ਤੋਂ ਆਈ, ਤੇ ਹਵਾਈ ਅੱਡੇ 'ਤੇ ਮੈਨੂੰ ਭੀ ਸੱਦ ਲੀਤਾ। ਮੈਂ ਪੁੱਜ ਗਿਆ, ਉਥੋਂ ਮੋਟਰ ਵਿਚ ਮੈਨੂੰ ਭੀ ਸਾਥ ਲੈ ਆਈ, ਸਾਰੇ ਹਾਲਾਤ ਪਾਕਿਸਤਾਨ ਦੇ ਪੁੱਛੇ ਤੇ ਕਿਹਾ, "ਜੋ ਜੋ ਸਲੂਕ ਉਹਨਾਂ ਤੁਸਾਂ ਨਾਲ ਕੀਤੇ, ਪਾਕਿਸਤਾਨ ਨੇ, ਉਹ ਸਾਰੇ ਮੈਨੂੰ ਲਿਖ ਕੇ ਦਿਓ, ਤੇ ਅਮਰ ਕੌਰ ਤੇ ਹੋਰ ਬੱਚੇ ਜੰਮੂ ਤੋਂ ਜਾ ਕੇ ਲਓ, ਤਾਂਕਿ ਉਹਨਾਂ ਦੇ ਹੱਕ ਨਾ ਮਾਰੇ ਜਾਣ। ਅਸੀਂ ਦੂਜੇ ਦਿਨ ਜੰਮੂ ਪੁੱਜੇ, ਉਥੋਂ ਦਿੱਲੀ ਆ ਗਏ। ਦਿੱਲੀ ਆ ਕੇ ਮੈਂ ਸਾਰੇ ਹਾਲਾਤ ਅੰਗ੍ਰੇਜ਼ੀ ਵਿਚ ਚਾਰ ਪੰਜ ਸੌ ਛਪਾ ਕੇ (ਕਾਂਸਟੀਟਿਊਸ਼ਨ ਹਾਊਸ ਵਿਚ) ਸਾਰਾ ਬਾਈ ਨੂੰ ਭੀ ਦਿੱਤੇ ਤੇ ਹੋਰ ਵੀ ਵੰਡੇ, ਕੁਛ ਪਾਕਿਸਤਾਨ ਲਈ ਭੀ ਪਾਸ ਰੱਖ ਲੀਤੇ।

**ਦੂਸਰਾ ਫੇਰਾ**

ਦੁਬਾਰਾ ਪਾਕਿਸਤਾਨ ਜਾਣ ਲਈ ਮੈਂ ਸ਼ਿਮਲੇ ਗਿਆ, ਗਵਰਨਰ ਦੀ ਚਿੱਠੀ ਲੈਣੀ ਸੀ ਪਾਕਿਸਤਾਨੀ ਇੰਡੀਆਂ ਦੇ ਹਾਈ ਕਮਿਸ਼ਨਰ ਲਈ, ਕਿ ਜੋ ਜੋ ਮੰਗਾਂ ਚੱਕਰ ਕੌਰ ਸਿੰਘ ਕਰੇ, ਤੁਸੀਂ ਮੱਦਤ ਕਰੋ ਇਸ ਦੀ। ਉਹ ਮੰਗਾਂ ਇਹ ਸਨ ਕਿ ਜੋ ਅਮੋਰ ਕੈਂਪ ਆਜ਼ਾਦ ਕਸ਼ਮੀਰ ਵਿਚ ਚਾਰ ਸਾਲ ਤੋਂ ਸੋਲ੍ਹਾਂ ਸੌ ਲੜਕੀ ਕੈਦ ਹੈਨ ਉਹ....ਇਕੱਠੀਆਂ ਦਿੱਤੀਆਂ ਜਾਣ ਤੇ ਦੂਜਾ ਇਕ ਬਰਾਂਚ ਰਿਕਵਰੀ ਦੀ ਐਬਟਾਬਾਦ ਖੋਲ੍ਹੀ ਜਾਏ ਤਾਂ ਜੋ ਤਿੰਨ ਹਜ਼ਾਰ ਬੱਚੇ ਬੱਚੀਆਂ ਬਾਹਰ ਹਨ, ਜ਼ਿਲ੍ਹੇ ਹਜ਼ਾਰੇ ਦੇ ਵਿਚ, ਨਿਕਲ ਸਕਣ।

ਮੈਂ (ਗਵਰਨਰ ਜੀ ਦੀ) ਚਿੱਠੀ ਲੈ ਕੇ ਜਲੰਧਰ ਜਾ ਕੇ ਪਾਸ ਬਣਾ ਕੇ ਅੰਮ੍ਰਿਤਸਰ ਪੁੱਜ ਗਿਆ ਸੀ ਅਤੇ ਭਾਈ ਗੁਰਮੁਖ ਸਿੰਘ ਚਕਾਰ ਤੇ ਜੈ ਕੌਰ ਆਦਿ ਚਾਰ ਬੀਬੀਆਂ ਮੁਜ਼ੱਫ਼ਰਾਬਾਦ ਦੀਆਂ ਭੀ ਨਾਲ ਲੈ ਕੇ ਫੇਰ ਲਾਹੌਰ ਪਹੁੰਚਾ, ਜੁਲਾਈ ਵਿਚ। ਹੁਣ ਅਮੋਰ ਕੈਂਪ ਲਈ ਤੇ ਬਾਹਰ ਰਹੇ ਬੱਚਿਆਂ ਲਈ ਦੌੜ ਭੱਜ ਕਰਨੀ ਸੀ, ਸੋ ਕੀਤੀ, ਮਿਲੇ ਗਿਲੇ ਸਾਰੇ ਅਫਸਰਾਂ ਨੂੰ ਅਤੇ ਹਰੇਕ ਜਗ੍ਹਾਂ ਖਤ ਲਿਖ ਦਿੱਤੇ ਕਿ ਮੈਂ ਪਾਕਿਸਤਾਨ ਦੁਬਾਰਾ ਆ ਗਿਆ ਹਾਂ ਤੇ ਖਾਸ ਕਰ ਅਮੋਰ ਕੈਂਪ ਲਈ।

**ਅਮੋਰ ਕੈਂਪ ਵਿਚ ਇਸਤ੍ਰੀਆਂ ਦੀ ਦਸ਼ਾ**

ਜਦੋਂ ਅਮੋਰ ਕੈਂਪ ਆਜ਼ਾਦ ਕਸ਼ਮੀਰ ਪਤਾ ਲੱਗਾ ਤਾਂ ਉਹਨਾਂ ਸੋਲ੍ਹਾਂ ਸੌ ਦੀਆਂ ਦੁੱਖਾਂ ਦਰਦਾਂ ਨਾਲ ਭਰੀਆਂ ਪੱਤਰਕਾਵਾਂ ਦਬਾ ਦਬ ਮੇਰੇ ਪਾਸ ਪਹੁੰਚਣੀਆਂ ਸ਼ੁਰੂ ਹੋ ਗਈਆਂ ਅਤੇ ਹੋਰ ਭੀ ਬਾਹਰ ਦੇ ਬੱਚੇ ਬੱਚੀਆਂ ਦੀਆਂ, ਜਿਨ੍ਹਾਂ ਵਿੱਚੋਂ ਦੋ ਤ੍ਰੈ ਦੇ ਮੈਂ ਨੋਟ ਦਿੰਦਾ ਹਾਂ, ਪੰਜ ਜਾਂ ਛੇ ਸੌ ਵਿੱਚੋਂ ਹੇਠਾਂ:

ਜੁਲਾਈ 23, ਅਮੋਰ ਕੈਂਪ, ਆਜ਼ਾਦ ਕਸ਼ਮੀਰ

ਪਵਿੱਤਰ ਸੇਵਾ ਵਿਖੇ,

ਸਰਬ ਉਪਮਾ ਯੋਗ ਸੰਤ ਚੱਕਰ ਕੌਰ ਸਿੰਘ ਜੀਓ,

ਬਹੁਤ ਨਿੰਮਰਤਾ ਦੇ ਨਾਲ ਪ੍ਰੇਮ ਭਰੀ ਸਤਿ ਸ੍ਰੀ ਅਕਾਲ ਪੁਜੇ ਜੀ। ਸ੍ਰੀਮਾਨ ਸਤਿਕਾਰ ਯੋਗ ਜੀਓ, ਅਸੀਂ ਰੱਬ ਤੇ ਭਾਵੀ ਦੀਆਂ ਮਾਰੀਆਂ ਬਹੁਤ ਦੁਖੀਆਂ ਹਾਂ। ਸਾਡੇ ਸਾਹਮਣੇ ਪਿਤਾ, ਮਾਤਾ, ਪਤੀ, ਵੀਰ, ਬੱਚੇ ਤੇ ਹੋਰ ਰਿਸ਼ਤੇਦਾਰ ਕਤਲ ਕੀਤੇ ਗਏ, ਪਰ ਅਸੀਂ ਮੰਦੇ ਭਾਗਾਂ ਕਰ ਨਾ ਮਰ ਸਕੀਆਂ, ਜਿਸ ਕਰ ਅੱਜ ਚਾਰ ਸਾਲ ਤੋਂ ਕੈਦ ਵਿਚ ਦੁਖ ਪਾ ਰਹੀਆਂ ਹਾਂ ਤੇ ਮੌਤ ਵੀ ਡਰਦੀ ਨੇੜੇ ਨਹੀਂ ਔਂਦੀ, ਐਸੀ ਸ਼ਕਲ ਹੈ ਸਾਡੀ। ਦਰਿਆ ਜੇਹਲਮ ਦੇ ਕਿਨਾਰੇ ਰੋਜ਼ ਬੱਚਿਆਂ ਵੀਰਾਂ ਦੇ ਪਿੰਜਰ ਦੇਖ ਦੇਖ ਕੇ ਹੋਰ ਦੁਖੀ ਹੁੰਦੀਆਂ ਹਾਂ।

ਸਾਨੂੰ ਪਤੇ ਲਗਦੇ ਰਹੇ ਹਨ ਕਿ ਚੱਕਰ ਕੌਰ ਸਿੰਘ ਤੇ ਅਕਾਲੀ ਕੌਰ ਸਿੰਘ ਅਤੇ ਹੋਰ ਕਈ ਕਸ਼ਮੀਰ ਦੇ ਸਿੰਘ ਤੇ ਪੰਜਾਬ ਦਾ ਬਹੁਤ ਸਾਰਾ ਖ਼ਾਲਸਾ ਜ਼ਿੰਦਾ ਹੈ, ਪਰ ਸ਼ੱਕ ਰਹਿੰਦਾ ਸੀ ਕਿ ਝੂਠ ਹੈ। ਜੇ ਸਿੰਘ ਹੁੰਦੇ ਤਾਂ ਸਾਡੀ ਸਾਰ ਲੈਂਦੇ। ਓਹ ਤੇ ਦੂਜੀ ਕੌਮ ਦੀਆਂ ਨੂੰ ਛੁਡਾ ਦਿੰਦੇ ਸਨ। ਸਾਲ ਤੋਂ ਬਾਅਦ ਅਕਾਲੀ ਜੀ ਤੇ ਆਪ ਦੀਆਂ ਚਿੱਠੀਆਂ ਤੇ ਹੋਰ ਕਈਆਂ ਦੀਆਂ ਮਿਲੀਆਂ ਤੇ ਯਕੀਨ ਹੋ ਗਿਆ, ਪਰ ਅਸੀਂ ਚਾਰ ਵਰ੍ਹੇ ਤੋਂ ਉਡੀਕਾਂ ਵਿਚ ਹਾਂ, ਕਿ ਕੋਈ ਨਾ ਕੋਈ ਸਾਡੀ ਸਾਰ ਲਵੇਗਾ। ਪਰ ਪੰਥ ਨੇ ਤੇ ਆਪ ਨੇ ਬਹੁਤ ਬੇਪਰਵਾਹੀ ਕੀਤੀ ਹੈ। ਅਸੀਂ ਬਿਲਕੁਲ ਬੇਵਸੀਲੀਆਂ ਹਾਂ ਤੇ ਜਾਬਰਾਂ ਦੇ ਪੰਜੇ ਵਿਚ ਹਾਂ। ਵਾਹਿਗੁਰੂ ਬਿਨਾਂ ਤੇ ਆਪ ਤੋਂ ਬਿਨਾਂ ਹੋਰ ਕੋਈ ਨਹੀਂ ਦਿੱਸਦਾ। ਜੇ ਤੁਸੀਂ ਸਿਰ ਤਲੀ 'ਤੇ ਰੱਖ ਕੇ ਬਿਜਲਾ ਸਿੰਘ ਤੇ ਬਿਜੈ ਸਿੰਘ ਤੇ ਬਲਵੰਤ ਸਿੰਘ ਤੇ ਸੁੰਦਰੀ ਦੀ ਤਰ੍ਹਾਂ ਆਏ ਹੋ ਪਾਕਿਸਤਾਨ ਵਿਚ ਅਤੇ ਜੇ ਤੁਸੀਂ ਅਮਰ ਕੌਰ ਵਰਗੀਆਂ ਨੂੰ ਤੇ ਜੋਗਿੰਦਰ ਸਿੰਘ ਤੇ ਹੋਰ ਬੱਚੇ ਹਿੰਦੁਸਤਾਨ ਪਹੁੰਚਾ ਕੇ ਫਿਰ ਸਾਡੀ ਸਾਰ ਲਈ ਆਏ ਹੋ ਤਾਂ ਛੇਤੀ ਸਾਨੂੰ ਮੁਸੀਬਤਾਂ ਅਰ ਜ਼ਾਲਮਾਂ ਦੇ ਦੁੱਖਾਂ ਤੋਂ ਛੁਡਾਓ। ਅਸੀਂ ਬਹੁਤ ਦੁਖ ਮੰਨਿਆ ਸੀ ਕਿ ਆਪਣਿਆਂ ਨੂੰ ਲੈ ਕੇ ਵਾਪਸ ਤੁਸੀਂ ਚਲੇ ਗਏ ਹੋ। ਹੁਣ ਸੁਣ ਕੇ ਸਾਰੇ ਕੈਂਪ ਨੇ ਬਹੁਤ ਖ਼ੁਸ਼ੀਆਂ ਕੀਤੀਆਂ ਹਨ, ਤੇ ਸਾਡਾ ਚਾਰ ਚਾਰ ਸੇਰ ਖ਼ੂਨ ਵਧ ਗਿਆ ਹੈ ਤੇ ਗੁਰੂ ਦਾ ਸ਼ੁਕਰ ਕੀਤਾ ਹੈ। ਅਸੀਂ ਬੜੇ ਬੜੇ ਅਫ਼ਸਰਾਂ ਨੂੰ ਜਦ ਕਹਿੰਦੀਆਂ ਹਾਂ ਤਾਂ ਓਹ ਕਹਿੰਦੇ ਹਨ, ਅਸੀਂ ਕੀ ਕਰੀਏ, ਤੁਸਾਂ ਨੂੰ ਹਿੰਦੁਸਤਾਨ ਵਾਲੇ ਨਹੀਂ ਲੈਂਦੇ। ਹੁਣ ਆਪ ਦੀ ਚਿੱਠੀ ਜੋ ਕਮਾਂਡਰ ਸਾਹਿਬ ਨੂੰ ਮਿਲੀ ਹੈ, ਓਹ ਕਹਿੰਦਾ ਹੈ ਕਿ ਤੁਹਾਡੇ ਫ਼ਰਿਸ਼ਤੇ ਪਾਕਿਸਤਾਨ ਫੇਰ ਆ ਗਏ ਹਨ, ਤੁਸੀਂ ਛੇਤੀ ਹੀ ਚਲੀਆਂ ਜਾਓਗੀਆਂ। ਅਸੀਂ ਗੁਲਾਮ ਹਾਂ ਤੇ ਸੱਧਰ ਹੈ ਕਿ ਪੰਜਾਬ ਚਲ ਸਿੱਖਾਂ ਦਾ ਤੇ ਗੁਰੂ ਦਾ ਦਰਸ਼ਨ ਕਰ ਮਰ ਜਾਈਏ। ਔਰ ਜੋ ਬੱਚੇ ਬੱਚੀਆਂ ਸਾਡੇ ਪਾਸ ਹਨ, ਓਹ ਪੰਥ ਦੇ ਹਵਾਲੇ ਕਰੀਏ। ਸੋ, ਅਸੀਂ ਹੁਣ ਉਮੈਦ ਵਿਚ ਹਾਂ ਕਿ ਆਪ ਛੇਤੀ ਕੈਦ ਵਿੱਚੋਂ ਕੱਢ ਕੇ ਸਾਨੂੰ, ਨਵੇਂ ਇਤਿਹਾਸ ਨੂੰ ਪੈਦਾ ਕਰੋਗੇ। ਅਸੀਂ ਹੋਰ ਕਿਹੜਾ ਕਿਹੜਾ ਦੁੱਖ ਤੇ ਮੁਸੀਬਤ ਆਪ ਨੂੰ ਲਿਖੀਏ, ਆਪ ਸਭ ਜਾਣਦੇ ਹੋ। ਅਸੀ ਹਾਂ ਆਪ ਦੀਆਂ ਬੱਚੀਆਂ ਤੇ ਭੈਣਾਂ :

ਜੈਵੰਤ ਕੌਰ, ਸੁਜਾਨ ਕੌਰ, ਗੁਲਾਬ ਕੌਰ, ਦਰੋਪਤੀ, ਨਰੈਣ ਕੌਰ, ਭਨਿਕਾ ਘੋੜੀ

ਮੁਜ਼ੱਫ਼ਰਾਬਾਦ

**(...ਚੱਲਦਾ)**

ਲੜੀ ਜੋੜਣ ਲਈ ਪਿਛਲਾ ਅੰਕ ਦੇਖੋ

# ਸਿੱਖ ਤਿਉਹਾਰ

'ਸਿੱਖ ਰਹੁਰੀਤ' ਕਿਤਾਬਚੇ ਵਿਚੋਂ

ਪੰਚਮ ਪਾਤਸ਼ਾਹ ਦੀ ਸ਼ਹੀਦੀ ਦਾ ਕੱਚੀ ਲੱਸੀ ਨਾਲ ਕੀ ਸਬੰਧ ਹੈ? ਇਸ ਦਿਨ ਸੜਕਾਂ ਦੇ ਕਿਨਾਰੇ, ਦੁਕਾਨਦਾਰਾਂ, ਫੈਕਟਰੀ ਵਰਕਰਾਂ, ਦਫਤਰਾਂ ਦੇ ਸਟਾਫ ਵਲੋਂ ਛਬੀਲਾਂ ਲਗਾਈਆਂ ਜਾਂਦੀਆਂ ਹਨ। ਜਿਸ ਗਲਾਸ ਵਿਚ ਬੀੜੀ-ਸਿਗਰਟ, ਤੰਬਾਕੂ ਨੋਸ਼, ਜਰਦਾ ਖਾਣ ਵਾਲਾ, ਭਿਆਨਕ ਬਿਮਾਰੀ ਦਾ ਮਰੀਜ਼ ਕਚੀ ਲੱਸੀ ਜਾਂ ਸ਼ਰਬਤ ਪੀ ਰਿਹਾ ਹੈ, ਉਸੇ ਵਿਚ (ਜ਼ਰਾ ਕੁ ਪਾਨੀ ਵਿਖਾ ਕੇ ਧੋਤੇ), ਗਲਾਸ ਵਿਚ ਸਿੰਘਾਂ ਨੂੰ ਸਕੂਟਰ, ਕਾਰਾਂ, ਟ੍ਰੇਨਾਂ ਰੋਕ ਰੋਕ ਕੇ ਕੱਚੀ ਲੱਸੀ ਪਿਲਾਉਣ ਲਈ ਝੱਲੇ ਹੋਏ ਫਿਰਦੇ ਹਨ। ਇਹ ਵੀ ਇਕ ਮੁੰਡਿਆਂ ਦੀ ਖੇਡ-ਤਮਾਸ਼ੇ ਦਾ ਹਿੱਸਾ ਬਣ ਗਿਆ ਹੈ। ਜੇ ਕਿਸੇ ਛਬੀਲ ਦੇ ਪ੍ਰਬੰਧਕ ਨੂੰ ਗੁਰੂ ਅਰਜੁਨ ਸਾਹਿਬ ਦੀ ਸ਼ਹੀਦੀ ਬਾਰੇ ਪੁੱਛ ਲਵੋ ਤਾਂ ਹੱਸ ਛੱਡਦੇ ਹਨ, ਦਾਹੜੀਆਂ ਕਟੀਆਂ ਹਨ, ਤੇ ਬੇ-ਅੰਮ੍ਰਿਤਏ, ਸ਼ਰਾਬੀ ਵੀ ਸ਼ਬੀਲਾਂ ਰਾਹੀਂ ਸਿੱਖ ਧਰਮ ਦਾ ਨਾਸ਼ ਮਾਰ ਰਹੇ ਹਨ। ਪਤਾ ਨਹੀਂ ਇਕੋ ਦਿਨ ਇਤਨਾ ਠੰਡਾ ਤੇ ਮਿੱਠਾ ਪਾਣੀ ਕਿਉਂ ਪਿਲਾਉਂਦੇ ਹਨ। ਗੁਰੂ ਮਹਾਰਾਜ ਤਾਂ ਤੱਤੀ ਤਵੀ ਉਪਰ ਬੈਠੇ ਜ਼ੁਲਮ ਦਾ ਟਾਕਰਾ ਕਰ ਰਹੇ ਹਨ, ਪਰ ਉਹਨਾਂ ਦੇ ਸ਼ਰਧਾਲੂ ਛਬੀਲਾਂ ਲਾ ਕੇ ਰਾਹ ਜਾਂਦਿਆਂ ਨੂੰ ਢਾਹ-ਢਾਹ ਕੇ ਕੱਚੀ ਲੱਸੀ ਪਿਲਾ ਰਹੇ ਹਨ।

**(ਪੰਚਮ ਪਾਤਸ਼ਾਹ ਦੀ ਸ਼ਹੀਦੀ ਪੁਰਬ ਦਾ ਕੱਚੀ ਲੱਸੀ ਨਾਲ ਕੋਈ ਸਬੰਧ ਨਹੀਂ। ਇਹ ਨਿਰਜਲਾ ਇਕਾਦਸੀ ਦੀ ਨਕਲ ਹੈ। ਗਲਤ ਕਹਾਣੀਆਂ ਘੜ੍ਹ ਕੇ ਅਤੇ ਸੰਗਤਾਂ ਨੂੰ ਸੁਣਾ-ਸੁਣਾ ਕੇ ਗਲਤ ਰੀਤਾਂ ਪ੍ਰਚਲਿਤ ਅਤੇ ਪਰਪੱਕ ਕਰ ਦਿੱਤੀਆਂ ਹਨ।)**

**ਕੁਝ ਬੇਨਤੀਆਂ :-**

1. ਜੇ ਸੰਤ ਤੇ ਬਾਬੇ ਕਹਿਲਾਉਣ ਵਾਲੇ ਗੁਰਮੁਖ ਬੇਸਮਝੀ ਵਿਚ ਗਲਤੀ ਕਰ ਰਹੇ ਹਨ, ਉਹ ਪੰਥਕ ਮਰਿਯਾਦਾ ਦੀ ਭੰਨ ਤੋੜ ਕਰਨੀ ਛੱਡ ਦੇਣ ਤਾਂ ਕਿ ਪੰਥ ਵੱਖ-ਵੱਖ ਹਿੱਸਿਆਂ ਵਿਚ ਵੰਡੇ ਜਾਣ ਤੋਂ ਬਚ ਜਾਵੇ। ਪਰ ਲਗਦਾ ਹੈ ਕੁਝ ਸੰਤ-ਸਾਧ ਕਿਸੇ ਸੋਚੀ ਸਮਝੀ ਸਕੀਮ ਹੇਠ ਲਗਾਤਾਰ ਪੰਥਕ ਰਵਾਇਤਾਂ ਉਤੇ ਹਮਲੇ ਕਰ ਰਹੇ ਹਨ। ਇਸ ਸਮੇਂ ਅੰਮ੍ਰਿਤ ਪ੍ਰਚਾਰ ਦੀਆਂ ਲਹਿਰਾਂ ਚਲਾਉਣਾ ਹੀ ਸਹੀ ਕੰਮ ਹੈ। ਸਿੱਖ ਬੱਚੇ-ਬੱਚੀਆਂ ਲਈ ਮੈਡੀਕਲ, ਇੰਜੀਨੀਅਰਿੰਗ ਕਾਲਜ, ਕੰਪਿਊਟਰ ਕੋਰਸ, ਪਾਲੀਟੈਕਨਿਕ, ਇੰਡਸਟਰੀਅਲ ਟ੍ਰੇਨਿੰਗ ਸੈਂਟਰ, ਪ੍ਰੋਫੈਸ਼ਨਲ ਟ੍ਰੇਨਿੰਗ ਅਦਾਇਰੇ, ਵਰਕਿੰਗ ਸਿੱਖ ਲੇਡੀਜ਼ ਲਈ ਹੋਸਟਲ, ਖੇਡਾਂ ਵਿਚ ਨਿਪੁੰਨ ਕਰਨ ਲਈ ਟ੍ਰੇਨਿੰਗ ਕੇਂਦਰ, ਆਦਿ ਵੱਲ ਧਿਆਨ ਦੇਣਾ ਵਕਤ ਦੀ ਮੰਗ ਹੈ। ਪਰ ਅਫਸੋਸ ਸੰਤਾਂ-ਸਾਧਾਂ ਨੇ ਸਿੱਖ ਸੰਗਤਾਂ ਨੂੰ ਕਾਰ ਸੇਵਾ ਦੇ ਬਹਾਨੇ ਲੁੱਟਣ ਦਾ ਇਕ-ਸੂਤਰੀ ਪ੍ਰੋਗਰਾਮ ਉਲੀਕਿਆ ਹੋਇਆ ਹੈ। ਸਿੱਖ ਸੰਗਤਾਂ ਨੂੰ ਇਹਨਾਂ ਦੇ ਝਾਂਸੇ ਵਿਚ ਨਹੀਂ ਆਉਣਾ ਚਾਹੀਦਾ।

**(ਕੇਵਲ ਭੇਖ ਬਣਾਉਣ ਨਾਲ ਕੋਈ ਸੰਤ ਨਹੀਂ ਬਣ ਸਕਦਾ, ਸੰਤ ਦੀ ਰਹਿਤ ਵੀ ਜ਼ਰੂਰੀ ਹੈ। ਪ੍ਰਚਾਰ ਕਰਨ ਲਈ ਕਮੀਜ-ਪਜਾਮਾ ਅਤੇ ਨੀਲੇ/ਕਾਲੇ ਰੰਗ ਦੀ ਸਿੱਧੀ ਦਸਤਾਰ ਰੱਖਣ ਅਤੇ ਆਪਣੇ ਨਾਮ ਦੇ ਨਾਲ ਭਾਈ ਲਗਾਉਣ ਵਿੱਚ ਕੀ ਹਰਜ ਹੈ।)**

2. ਸਿੱਖ ਰਾਜਨੀਤਕ ਲੀਡਰਾਂ ਬਾਰੇ ਕੋਈ ਕੁਝ ਨਹੀਂ ਕਰ ਸਕਦਾ, ਇਹ ਜ਼ਿਆਦਾਤਰ ਖੁਦਗਰਜ਼ ਅਤੇ ਦਿਸ਼ਾਹੀਣ ਹਨ ਅਤੇ ਇਹਨਾਂ ਵਿਚੋਂ ਕਿਸੇ ਨੂੰ ਪੰਥ ਦੀ ਸਹੀ ਅਗਵਾਈ ਕਰਨ ਦੀ ਨਾ ਸਮਝ ਹੈ, ਨਾ ਉਤਸ਼ਾਹ ਹੈ। ਨਿੱਜੀ ਸਵਾਰਥਾਂ ਅਤੇ ਹਉਮੈ ਨਾਲ ਮਦਮਸਤ ਹਨ। ਜਿਤਨੇ ਵੀ ਇਸ ਸਮੇਂ ਅਕਾਲੀ ਦਲ ਹੋਂਦ ਵਿਚ ਆਏ ਹਨ ਜਾਂ ਹੋਰ ਜਨਮ ਲੈ ਰਹੇ ਹਨ। ਸਾਰੇ ਦਲਾਂ ਦੇ ਆਗੂ ਦਾਅ-ਪੇਚ ਲਗਾਉਂਦੇ ਰਹਿੰਦੇ ਹਨ। ਕੇਵਲ ਭੜਕਾਊ ਨਾਹਰੇਬਾਜ਼ੀ ਹੱਥ ਖੜ੍ਹੇ ਕਰਵਾ ਕੇ ਮਤੇ ਪਾਸ ਕਰਨੇ ਅਤੇ ਅਖਬਾਰਾਂ ਵਿਚ ਬਿਆਨ ਲਗਾਉਣ ਤੋਂ ਵੱਧ ਇਹਨਾਂ ਆਪਣੇ ਪਾਸ ਕੁਝ ਨਹੀਂ ਰਹਿਣ ਦਿੱਤਾ। ਚੌਧਰ ਦੀ ਭੁੱਖ ਕਾਰਨ ਸਿੱਖ ਕੌਮ ਦੀ ਹਸਤੀ ਨੂੰ ਰੋਲ ਕੇ ਰੱਖ ਦਿੱਤਾ ਹੈ। ਅੱਜ ਦੇ ਅਕਾਲੀ ਅਤੇ ਅਕਾਲੀ ਲਹਿਰ ਦੇ ਸਮੇਂ ਦੇ ਅਕਾਲੀਆਂ ਵਿਚ ਜ਼ਮੀਨ-ਅਸਮਾਨ ਦਾ ਫਰਕ ਹੈ। ਉਸ ਸਮੇਂ ਦੇ ਅਕਾਲੀ ਪੂਰਨ ਗੁਰਸਿੱਖ, ਨਾਮ ਬਾਣੀ ਦੇ ਅਭਿਆਸੀ, ਗੁਰਮਤਿ ਵਿਚਾਰਧਾਰਾ ਅਤੇ ਸਿੱਖ ਇਤਿਹਾਸ ਤੋਂ ਪੂਰੀ ਤਰ੍ਹਾਂ ਵਾਕਫ ਰਹਿਤ ਵਿਚ ਪੂਰੇ, ਬਚਨ ਦੇ ਧਨੀ, ਅਤੇ ਕੁਰਬਾਨੀ ਵਾਲੇ ਸਨ। ਜੇਕਰ ਇਕ ਅੱਧਾ ਆਗੂ ਵੀ ਨਵਾਬ ਕਪੂਰ ਸਿੰਘ, ਜਥੇਦਾਰ ਸ. ਜੱਸਾ ਸਿੰਘ ਆਹਲੂਵਾਲੀਏ ਜਾਂ ਅਕਾਲੀ ਲਹਿਰ ਦੇ ਆਗੂ ਪੁਰਾਤਨ ਜਥੇਦਾਰਾਂ ਦੇ ਨਕਸ਼ੇ-ਕਦਮ ਉਪਰ ਚਲਣ ਦੀ ਕ੍ਰਿਪਾਲਤਾ ਕਰ ਸਕੇ ਤਾਂ ਹੁਣ ਵੀ ਬਹੁਤ ਕੁਝ ਸੰਵਰ ਸਕਦਾ ਹੈ।

**(ਸਿੱਖ ਰਾਜਨੀਤਕ ਲੀਡਰ- ਨਵਾਬ ਕਪੂਰ ਸਿੰਘ ਅਤੇ ਸ. ਜੱਸਾ ਸਿੰਘ ਆਹਲੂਵਾਲੀਆ ਦੀ ਪੱਧਰ ਦੇ ਹੋਣੇ ਚਾਹੀਦੇ ਹਨ, ਜੋ ਰਾਜਨੀਤੀ ਅਤੇ ਧਰਮ ਸਬੰਧੀ ਪੂਰੀ-ਪੂਰੀ ਅਤੇ ਸਹੀ ਜਾਣਕਾਰੀ ਰਖਦੇ ਹੋਣ, ਤਦ ਹੀ ਪੰਥ ਦੀ ਚੜ੍ਹਦੀ ਕਲਾ ਹੋ ਸਕਦੀ ਹੈ। ਸੰਨ 1733 ਖਾਲਸਾ ਪੰਥ ਦੇ ਜਥੇਦਾਰ- ਦੀਵਾਨ ਦਰਬਾਰਾ ਸਿੰਘ- "ਖਾਲਸੇ ਨੂੰ ਜਾਗੀਰ ਲਾਹੌਰ ਦੇ ਸੂਬੇਦਾਰ ਨੇ ਡਰ ਕੇ ਦਿੱਤੀ ਹੈ, ਅਸੀਂ ਇਸਨੂੰ ਪੰਥਕ ਹਿਤਾਂ ਸਾਹਵੇ ਚਿਮੜੇ ਨਹੀਂ ਰਹਿਣਾ, ਜਦ ਉਹਨਾਂ ਦੀ ਨੀਯਤ ਫਿਰਦੀ ਦਿਸੀ, ਉਸੇ ਦਿਨ ਜਾਗੀਰ ਮੁੜ ਉਸਦੇ ਮੱਥੇ ਮਾਰਾਂਗੇ।")**

3. ਲੋਕਲ ਗੁਰਦੁਆਰਿਆਂ ਦੇ ਸਮਝਦਾਰ ਪ੍ਰਬੰਧਕਾਂ ਨੂੰ ਸਨਿਮਰ ਬੇਨਤੀ ਹੈ, ਸ਼ਹਿਰ ਦੇ ਇਕ ਗੁਰਦੁਆਰਾ ਸਾਹਿਬ ਜਾਂ ਕੁਝ ਪਿੰਡਾਂ ਦੇ ਗੁਰਦੁਆਰੇ ਮਿਲ ਕੇ ਹਰ ਗੁਰਪੁਰਬ ਦਿਹਾੜੇ ਤੇ ਅੰਮ੍ਰਿਤ ਪ੍ਰਚਾਰ ਦਾ ਪ੍ਰਬੰਧ ਜ਼ਰੂਰ ਕਰਨ ਅਤੇ ਸੰਗਤਾਂ ਨੂੰ ਪ੍ਰੇਰਨਾਂ ਦੇ ਕੇ ਅੰਮ੍ਰਿਤ ਛਕਣ ਲਈ ਤਿਆਰ ਕਰਨ। ਅੰਮ੍ਰਿਤ ਪ੍ਰਚਾਰ ਕੇਵਲ ਪੰਥ ਪ੍ਰਵਾਣਿਤ ਰਹਿਤ ਮਰਿਯਾਦਾ ਅਨੁਸਾਰ ਹੀ ਕਰਵਾਉਣ। ਗੁਰਦੁਆਰਾ ਪ੍ਰਬੰਧਕਾਂ ਦਾ ਸੰਗਤਾਂ ਪਾਸੋ ਕਈ ਤਰ੍ਹਾਂ ਦੇ ਬਹਾਨੇ ਅਤੇ ਝੂਠੀਆਂ ਅਤੇ ਹੁਸ਼ਿਆਰੀ ਭਰੀਆਂ ਅਪੀਲਾਂ ਰਾਹੀਂ ਵੱਧ ਤੋਂ ਵੱਧ ਮਾਇਆ ਇਕੱਤਰ ਕਰਨਾ ਹੀ ਮਕਸਦ ਨਹੀਂ ਹੋਣਾ ਚਾਹੀਦਾ, ਸੰਗਤਾਂ ਦੀ ਸੰਭਾਲ ਕਰਨ ਦੀ ਜ਼ਿੰਮੇਵਾਰੀ ਵੀ ਬਣਦੀ ਹੈ। ਐਵੇਂ ਭੈੜਾ ਜਿਹਾ ਪਲਾਸਟਿਕ ਦਾ ਬੈਗ ਚੁਕੀ ਰਸੀਦ-ਬੁਕਾਂ ਲੈ ਕੇ ਘਰ-ਘਰ, ਦੁਕਾਨਾਂ ਅਤੇ ਫੈਕਟਰੀਆਂ ਦੀਆਂ ਫੇਰੀਆਂ ਮਾਰਨ ਦਾ ਧੰਦਾ ਛੱਡ ਕੇ ਬੱਚਿਆਂ ਦੀ ਧਾਰਮਿਕ ਸਿੱਖਿਆ ਵੱਲ ਥੋੜ੍ਹਾ ਜਿਹਾ ਧਿਆਨ ਦੇਣ ਦੀ ਕ੍ਰਿਪਾਲਤਾ ਕਰਨ। ਮਾਇਆ ਤਾਂ ਸੰਗਤਾਂ ਆਪ ਹੀ ਗੁਰਦੁਆਰਾ ਸਾਹਿਬ ਪਹੁੰਚਾ ਦਿੰਦੀਆਂ ਹਨ। ਫਿਰ ਦਿਲ-ਖਿੱਚਵੀਂ ਗੱਲ ਇਹ ਹੈ ਕਿ ਗੋਲਕਾਂ ਉਤੇ ਜੰਦਰੇ (ਤਾਲੇ) ਤੇ ਸੀਲਾਂ ਲਗਾਕੇ ਦਸਦੇ ਹਨ ਕਿ ਅਸੀਂ ਈਮਾਨਦਾਰ ਹਾਂ। ਚੰਗੀ ਈਮਾਨਦਾਰੀ ਹੈ, ਪ੍ਰਧਾਨ ਨੂੰ ਸਕੱਤਰ ਉਪਰ, ਸਕੱਤਰ ਨੂੰ ਖਜ਼ਾਨਚੀ ਤੇ ਭਾਈ ਸਾਹਿਬ ਉਪਰ ਸ਼ੱਕ ਹੈ। ਕਦੀ ਇਲਾਕੇ ਦੇ ਸਿੱਖ ਪਰਿਵਾਰਾਂ ਵਿਚ ਜਾ ਕੇ ਦੁੱਖ-ਸੁੱਖ ਸਾਂਝਾ ਕਰਨ ਦਾ ਉਪਰਾਲਾ ਕਰਨ ਦੀ ਕ੍ਰਿਪਾਲਤਾ ਵੀ ਕਰਨੀ ਚਾਹੀਦੀ ਹੈ। ਖੁਸ਼ੀ ਜਾਂ ਗਮੀ ਦੇ ਮੌਕੇ ਜੇਕਰ ਪ੍ਰਬੰਧਕ ਹਾਜ਼ਰੀ ਭਰਦੇ ਹਨ, ਤਾਂ ਕੇਵਲ ਇਸ ਲਈ ਕਿ ਉਸ ਪਰਿਵਾਰ ਪਾਸੋਂ ਵੱਧ ਤੋਂ ਵੱਧ ਪਰਚੀ ਕਟਵਾਈ ਜਾਵੇ, ਫਿਰ ਚੜ੍ਹਤ ਨੂੰ ਤਾਂ ਸਾਰੇ ਕੰਮ ਛੱਡ ਕੇ ਜਾ ਜੱਫੀ ਮਾਰਦੇ ਹਨ। ਇਉਂ ਜਾਪਦਾ ਹੈ ਸਾਰਾ ਝਗੜਾ ਹੀ ਗੋਲਕ ਪਿਛੇ ਹੈ।

**(ਗੁਰਦੁਆਰਾ ਪ੍ਰਬੰਧਕਾਂ ਨੂੰ ਹਰ ਗੁਰਪੁਰਬ ਦੇ ਮੌਕੇ ਸੰਗਤਾਂ ਨੂੰ ਪ੍ਰੇਰਨਾ ਦੇ ਕੇ ਅੰਮ੍ਰਿਤ ਛਕਾਉਣ ਦਾ ਉਦਮ ਕਰਨਾ ਚਾਹੀਦਾ ਹੈ।)**

ਦੂਜਾ ਜਿਤਨਾ ਜ਼ਰੂਰੀ ਕੀਰਤਨ ਹੈ, ਉਸ ਤੋਂ ਵੱਧ ਜ਼ਰੂਰੀ ਗੁਰ-ਸ਼ਬਦ ਦੀ

ਕਥਾ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ਦੇਣਾ ਹੈ। ਅੱਜ ਤਾਂ ਗੁਰਬਾਣੀ ਵੀਚਾਰ, ਕਵੀ ਜਾਂ ਢਾਡੀ ਦਰਬਾਰਾਂ ਦਾ ਰਿਵਾਜ ਹੀ ਖਤਮ ਕਰ ਦਿੱਤਾ ਗਿਆ ਹੈ। ਗੁਰਦੁਆਰਾ ਸਾਹਿਬ ਵਿਖੇ ਬਚਿਆਂ ਦੀ ਧਾਰਮਿਕ ਸਿਖਿਆ, ਗੁਰਮੁਖੀ ਪੜ੍ਹਾਈ ਅਤੇ ਗੁਰਬਾਣੀ ਵੀਚਾਰ ਦਾ ਯੋਗ ਪ੍ਰਚਾਰਕਾਂ ਰਾਹੀਂ ਪ੍ਰਬੰਧ ਕਰਨਾ ਜ਼ਰੂਰੀ ਹੈ। ਜੋ ਪ੍ਰਬੰਧਕ ਅਜਿਹਾ ਕਰ ਸਕਣ ਤਾਂ ਗੁਰੂ ਮਹਾਰਾਜ ਦੀ ਪ੍ਰਸੰਨਤਾ ਅਤੇ ਅਸੀਸਾਂ ਦੇ ਪਾਤਰ ਬਣ ਸਕਦੇ ਹਨ। ਜੇ ਗੁਰਦੁਆਰਾ ਇਤਿਹਾਸਕ ਨਹੀਂ ਅਤੇ ਕਿਸੇ ਸ਼ਹਿਰ ਜਾਂ ਪਿੰਡ ਵਿਚ ਨਵਾਂ ਉਸਾਰਿਆ ਜਾਂਦਾ ਹੈ, ਉਸਦਾ ਨਾਮ 'ਸ੍ਰੀ ਗੁਰੂ ਸਿੰਘ ਸਭਾ' ਹੀ ਰਖਿਆ ਜਾਵੇ।ਪਰ ਕਈ ਚਾਲਾਕ ਪ੍ਰਬੰਧਕ ਸੰਗਤਾਂ ਨੂੰ ਧੋਖਾ ਦੇਣ ਲਈ ਕਿਸੇ ਗੁਰੂ ਵਿਅਕਤੀ ਦੇ ਨਾਮ ਨਾਲ ਜੋੜ ਦਿੰਦੇ ਹਨ, ਬਾਅਦ ਵਿਚ ਕੋਈ ਮਨਘੜਤ ਕਹਾਣੀ ਘੜ ਦਿੰਦੇ ਹਨ, ਜਿਵੇਂ ਗੁਰੂ ਸਾਹਿਬ ਨੇ ਘੋੜਾ ਬੰਨਿਆਂ, ਦਾਤਨ ਸਿਟੀ, ਅੰਬ ਖਾਧਾ, ਕਈ ਦਿਨ ਅੰਨ ਖਾਧੇ ਬਿਨਾਂ ਤਪ ਕੀਤਾ। ਤੀਰ ਮਾਰਕੇ ਪਾਣੀ ਕਢਿਆ ਜਾਂ ਸੁਪਨੇ ਵਿਚ ਦਰਸ਼ਨ ਹੋਏ ਤੇ ਹੁਕਮ ਹੋਇਆ, ਆਦਿ। ਪ੍ਰਬੰਧਕਾਂ ਨੂੰ ਇਕ ਦਿਆਨਤਦਾਰ ਸੇਵਾਦਾਰ ਦੀ ਤਰ੍ਹਾਂ ਸੰਗਤਾਂ ਦੀ ਸੇਵਾ ਕਰਨੀ ਚਾਹੀਏ।

**(ਡੇਰੇਦਾਰ ਤਾਂ ਲਗਾਤਾਰ ਸਿੱਖ ਸਮਾਜ ਨੂੰ ਕੁਰਾਹੇ ਪਾਉਣ ਉਤੇ ਲਗੇ ਹਨ, ਪਰ ਮਾਇਆਧਾਰੀ ਗੁਰਦੁਆਰਾ ਪ੍ਰਬੰਧਕਾਂ ਵੀ ਘੱਟ ਨੁਕਸਾਨ ਨਹੀਂ ਕੀਤਾ। ਇਨ੍ਹਾਂ ਦੀਆ ਅੱਖਾਂ ਸਾਹਮਣੇ ਸਿੱਖ ਬੱਚੇ/ਨੌਜਵਾਨ ਧੜਾ-ਧੜ, ਕੇਸ ਕਤਲ ਕਰਵਾ ਕੇ ਟੋਪੀਆਂ ਪਾਈ ਜਾ ਰਹੇ ਹਨ, ਪਰ ਅਜੋਕੇ ਪ੍ਰਬੰਧਕ ਲੰਗਰ ਹਾਲ ਵਡੇ ਕਰਨ, ਅਤੇ ਗੈਰ-ਜ਼ਰੂਰੀ ਕੰਮਾਂ ਉਪਰ ਮਾਇਆ ਪਾਣੀ ਦੀ ਤਰ੍ਹਾਂ ਰੋੜ ਰਹੇ ਹਨ। ਇਹ ਮਾਇਆ ਧਾਰਮਿਕ ਲਿਟਰੇਚਰ ਉਪਰ ਖਰਚ ਹੋਣੀ ਚਾਹੀਦੀ ਹੈ। ਪ੍ਰਬੰਧਕਾਂ ਨੂੰ ਯਾਦ ਰਖਣਾ ਚਾਹੀਦਾ ਹੈ ਚਾਲਾਕੀ ਨਾਲ ਸੰਗਤਾਂ ਨੂੰ ਤਾਂ ਗੁਮਰਾਹ ਕੀਤਾ ਜਾ ਸਕਦਾ ਹੈ, ਪਰ ਰੱਬ ਤੋਂ ਤਾਂ ਡਰਨਾ ਚਾਹੀਦਾ ਹੈ, ਉਸ ਅੱਗੋਂ ਚਾਲਾਕੀ ਨਹੀਂ ਚਲ ਸਕਦੀ।)**

4. ਖਾਲਸਾ ਸਕੂਲਾਂ-ਕਾਲਜਾਂ ਦੇ ਪ੍ਰਬੰਧਕਾਂ ਪ੍ਰਤੀ ਬੇਨਤੀ ਹੈ ਕਿ ਜੇ ਅੰਦਰ ਧਾਰਮਿਕ ਪੜ੍ਹਾਈ ਦਾ ਪ੍ਰਬੰਧ ਨਹੀਂ ਕੀਤਾ ਤਾਂ ਬਾਹਰ ਬੋਰਡ ਤੇ 'ਖਾਲਸਾ' ਜਾਂ ਕਿਸੇ ਗੁਰ-ਵਿਅਕਤੀ ਦਾ ਨਾਮ ਲਿਖਣ ਨਾਲ ਤਾਂ ਬਚਿਆਂ ਵਿਚ ਧਰਮ ਨਹੀਂ ਆ ਜਾਵੇਗਾ। ਇਹ ਯੁਗ ਵਿਦਿਆ ਦੇ ਪਾਸਾਰ ਦਾ ਹੈ, ਅਤੇ ਇਸ ਸਮੇਂ ਸਿੱਖ ਵਿਦਿਅਕ ਸੰਸਥਾਵਾਂ ਦਾ ਬਾਹਰਲਾ ਸਰੂਪ ਤਾਂ ਸਿੱਖ ਸੰਸਥਾਵਾਂ ਵਾਲਾ ਹੀ ਰਿਹਾ, ਪਰ ਅਸਲਾ ਅਜਿਹਾ ਨਹੀਂ। ਵਿਦਿਆ ਦੇ ਅਰਥ ਹਨ ਚੰਗੇ ਚਾਲ ਚਲਣ ਦੀ ਉਸਾਰੀ (ਇਸੇ ਮਕਸਦ ਲਈ ਖਾਲਸਾ ਸਕੂਲ/ ਕਾਲਜ ਖੋਲ੍ਹੇ ਗਏ ਸਨ), ਜਿਸ ਦੀ ਉਸਾਰੀ ਲਈ ਧਾਰਮਿਕ ਵਾਤਾਵਰਣ ਜ਼ਰੂਰੀ ਹੈ। ਕਿਸੇ ਵੀ ਧਰਮ ਜਾਂ ਕੌਮ ਦਾ ਮਾਨ-ਸਤਿਕਾਰ ਚੰਗੇ ਆਚਾਰ ਵਾਲੇ, ਪਰਉਪਕਾਰੀ ਅਤੇ ਬੁੱਧੀਜੀਵੀ (Intellectuals) ਮਨੁੱਖ ਪੈਦਾ ਕਰਨ ਨਾਲ ਵਧਦਾ ਹੈ। ਜੇ ਸਰਕਾਰੀ ਜਾਂ ਹੋਰ ਸਕੂਲਾਂ/ ਕਾਲਜਾਂ ਵਰਗੇ ਹੀ ਸਭਿਆਚਾਰਕ ਪ੍ਰੋਗਰਾਮਾਂ ਦੇ ਬਹਾਨੇ ਕੁੜੀਆਂ-ਮੁੰਡਿਆਂ ਤੋਂ ਨਾਚ ਤੇ ਰਾਸਾਂ ਹੀ ਕਰਵਾਉਣੀਆਂ ਹਨ, ਤਾਂ ਖਾਲਸਾ ਸਕੂਲਾਂ/ ਕਾਲਜਾਂ ਦਾ ਉਪਰੋਕਤ ਮਕਸਦ ਕਿਵੇਂ ਪੂਰਾ ਹੋ ਸਕਦਾ ਹੈ। ਰੰਗ-ਬਰੰਗੀਆਂ ਪੋਸ਼ਾਕਾਂ, ਬੰਸਰੀਆਂ ਤੇ ਤੂਤੀਆਂ ਵਜਾਉਣੀਆਂ ਅਤੇ ਤਰ੍ਹਾਂ-ਤਰ੍ਹਾਂ ਦੇ ਹਾਵ-ਭਾਵ ਕਰਨੇ ਸਿਖਾਉਣੇ, ਇਸ ਨਾਲ ਸਿੱਖ ਕਰੈਕਟਰ ਦੀ ਉਸਾਰੀ ਨਹੀਂ ਹੋਣੀ, ਐਵੇਂ ਭੁਲੇਖੇ ਵਿਚ ਰਹਿਣ ਦੀ ਲੋੜ ਨਹੀਂ। ਪ੍ਰਬੰਧਕ ਸੱਜਣ ਵੀ ਅੰਦਰ ਖਾਤੇ ਸਮਝਦੇ ਹਨ ਕਿ ਅਜਿਹੇ ਸਭਿਆਚਾਰਕ ਪ੍ਰੋਗਰਾਮਾਂ ਰਾਹੀਂ ਬੱਚੇ/ਬੱਚੀਆਂ ਦਾ ਚਰਿਤ੍ਰ ਡਿਗਦਾ ਜਾ ਰਿਹਾ ਹੈ, ਪਰ ਪਤਾ ਨਹੀਂ ਕਿਉਂ ਅਵੇਸਲੇ ਹੋਏ ਪਏ ਹਨ। ਜਦ ਸਾਰੇ ਸਿੱਖ ਬੱਚਿਆਂ ਦੇ ਸਿਰ ਤੇ ਟੋਪੀ ਆ ਜਾਵੇਗੀ ਅਤੇ ਦਾੜ੍ਹੀ-ਕੇਸ ਕਤਰੇ ਜਾਣਗੇ, ਕੀ ਉਸ ਦਿਨ ਦੀ ਉਡੀਕ ਕਰ ਰਹੇ ਹਨ। ਨਾ ਧਾਰਮਿਕ ਪੀਰੀਅਡ, ਨਾ ਧਾਰਮਿਕ ਟੀਚਰ, ਨਾ ਧਰਮ ਪ੍ਰਚਾਰ ਦੀ ਹੁਬ ਅਤੇ ਨਾ ਹੀ ਧਾਰਮਿਕ ਕਿਸਮ ਦਾ ਟੀਚਿੰਗ ਸਟਾਫ, ਨਤੀਜਾ ਸਭ ਦੇ ਸਾਹਮਣੇ ਹੈ। ਅੱਜ ਵਿਦਿਅਕ ਸੰਸਥਾਵਾਂ ਵਿਚ ਦਾੜ੍ਹੀ-ਕਟੇ ਅਤੇ ਕਾਮਰੇਡ ਟੀਚਰ, ਪ੍ਰਿੰਸੀਪਲ, ਪ੍ਰੋਫੈਸਰ, ਬਾਬੂ ਜਾਂ ਡਾਇਨਾ ਕਟ ਲੇਡੀ-ਟੀਚਰਾਂ ਖੁਲ੍ਹੇ ਤੌਰ ਤੇ ਭਰਤੀ ਹੋਣ ਲੱਗ ਪਏ ਹਨ। ਇਕ ਸਮਾਂ ਸੀ ਜਦ ਖਾਲਸਾ ਸਕੂਲਾਂ, ਕਾਲਜਾਂ ਦੇ ਪ੍ਰਬੰਧਕ, ਪ੍ਰਿੰਸੀਪਲ, ਟੀਚਿੰਗ ਸਟਾਫ ਅਤੇ ਆਫਿਸ ਸਟਾਫ ਸਭ ਅੰਮ੍ਰਿਤਧਾਰੀ ਹੁੰਦੇ ਸਨ।

**(ਕੀਰਤਨ ਦਰਬਾਰਾਂ ਵਿਚ ਸ਼ਬਦ ਦੀ ਵਿਆਖਿਆ ਵੀ ਕਰਨੀ ਜ਼ਰੂਰੀ ਹੈ। ਸਿੱਖ ਇਤਿਹਾਸ ਦੀ ਜਾਣਕਾਰੀ ਦੇਣ ਨਾਲ ਪੁਰਾਤਨ ਸਿੱਖ ਬਜ਼ੁਰਗਾਂ ਦੇ ਅਦੁੱਤੀ ਜੀਵਨ ਵਿਚੋਂ ਰੋਸ਼ਨੀ ਮਿਲ ਸਕਦੀ ਹੈ, ਜਿਸ ਰਾਹੀਂ ਬੱਚਿਆਂ ਵਿਚ ਵੱਡਾ ਸੁਧਾਰ ਹੋ ਸਕਦਾ ਹੈ।)**

**(ਖਾਲਸਾ ਅਤੇ ਸਰਕਾਰੀ ਸਕੂਲਾਂ-ਕਾਲਜਾਂ ਵਿਚ ਅੱਜ ਕੱਲ ਕੋਈ ਫਰਕ ਨਹੀਂ ਰਹਿ ਗਿਆ। ਇਕੋ ਜਿਹਾ ਨਾਟਕ- ਚੇਟਕ ਵਾਲਾ ਸਭਿਆਚਾਰ ਵਿਕਸਤ ਹੋ ਰਿਹਾ ਹੈ। ਫਰਕ ਇਤਨਾ ਹੈ ਕਿ ਖਾਲਸਾ ਸਕੂਲਾਂ ਲਈ ਪੈਸਾ ਸਿੱਖ ਸੰਗਤਾਂ ਦਾ ਲਗਵਾਇਆ ਜਾਂਦਾ ਹੈ। ਕੇਵਲ- ਦੇਹਿ ਸ਼ਿਵਾ... ਪੜ੍ਹਾਉਣ ਲਈ, ਜੋ ਗੁਰੂ ਮਹਾਰਾਜ ਦੀ ਰਚਨਾ ਹੀ ਨਹੀਂ ਹੈ, ਨਾਲ ਬੱਚੇ ਸਿੱਖੀ ਵੱਲ ਪ੍ਰੇਰਿਤ ਨਹੀਂ ਹੋਣੇ।)**

ਜੇ ਕੁਝ ਪ੍ਰਿੰਸੀਪਲ ਖਾਲਸਾ ਵਿਦਿਅਕ ਸੰਸਥਾਵਾਂ ਦੇ ਮਕਸਦ ਵੱਲ ਧਿਆਨ ਦੇ ਕੇ ਆਪਣਾ ਫਰਜ਼ ਨਿਭਾਉਣ ਦਾ ਉਦਮ ਕਰ ਸਕਣ ਤਾਂ ਕੁਝ ਸੁਧਾਰ ਹੋ ਜਾਵੇਗਾ। ਦਸਵੀਂ ਦੇ ਇਮਤਿਹਾਨ ਵਿਚ ਬੈਠਣ ਤੋਂ ਪਹਿਲਾਂ ਖਾਲਸਾ ਸਕੂਲਾਂ ਦੇ ਪ੍ਰਬੰਧਕਾਂ ਦਾ ਫਰਜ਼ ਬਣਦਾ ਹੈ ਕਿ ਸਿੱਖ ਬੱਚੇ-ਬੱਚੀਆਂ ਅੰਮ੍ਰਿਤਧਾਰੀ ਹੋ ਜਾਣ। ਘੱਟ ਗਿਣਤੀ ਕੌਮਾਂ ਨੂੰ ਆਪਣੀ ਹੋਂਦ ਬਚਾਉਣ ਲਈ ਹਰੇਕ ਖੇਤਰ ਵਿਚ ਸਰੇਸ਼ਟਤਾ (Distinction) ਪ੍ਰਾਪਤ ਕਰਨੀ ਹੋਵੇਗੀ। ਪਰ ਅਜੋਕੇ ਪ੍ਰਿੰਸੀਪਲਾਂ ਉਤੋਂ ਸਿੱਖ ਪੰਥ ਨੂੰ ਬਹੁਤੀ ਆਸ ਨਹੀਂ ਰਖਣੀ ਚਾਹੀਦੀ, ਕਿਉਂਕਿ ਇਹਨਾਂ ਸਕੂਲਾਂ/ਕਾਲਜਾਂ ਦੀਆਂ ਮੈਨੇਜਿੰਗ ਕਮੇਟੀਆਂ ਹੀ ਵਿਗੜੀਆਂ ਪਈਆਂ ਹਨ। ਕੇਵਲ ਪੈਸਾ ਕਮਾਉਣ ਅਤੇ ਚੌਧਰ ਦਾ ਪਸਾਰਾ ਪਸਰਿਆ ਹੋਇਆ ਹੈ।

5. ਲੋਕਲ ਧਾਰਮਿਕ ਸੁਸਾਇਟੀਆਂ, ਜੋ ਕਿਸੇ ਕਿਸਮ ਦਾ ਧਰਮ ਪ੍ਰਚਾਰ ਦਾ ਕਾਰਜ ਨਿਭਾ ਰਹੀਆਂ ਹਨ। ਪ੍ਰਤੀ ਬੇਨਤੀ ਹੈ ਕਿ ਗੁਰਬਾਣੀ ਦੇ ਮਹਾਨ ਉਪਦੇਸ਼ਾਂ ਨੂੰ ਸਮਝਣ ਅਤੇ ਗੁਰਬਾਣੀ ਵਿਆਕਰਣ ਅਨੁਸਾਰ ਅਰਥ ਸਿਖਣ ਅਤੇ ਫਿਰ ਧਰਮ ਪ੍ਰਚਾਰ ਕਰਨ। ਸਹੀ ਪ੍ਰਚਾਰ ਕਰਨ ਨਾਲ ਹੀ ਇਹਨਾਂ ਸੁਸਾਇਟੀਆਂ ਦੇ ਪ੍ਰਧਾਨਾਂ, ਸੈਕਰੇਟਰੀਆਂ ਦਾ ਜੀਵਨ ਸਫਲ ਹੋ ਸਕਦਾ ਹੈ, ਹਉਮੈ ਮਾਰਨ ਦਾ ਯਤਨ ਸਭ ਤੋਂ ਪਹਿਲਾਂ ਕਰਨ ਦੀ ਖੇਚਲ ਕਰਨ।

**(ਸਿੱਖ ਧਾਰਮਿਕ ਸੁਸਾਇਟੀਆਂ ਦੀ ਤਾਂ ਵੈਸੇ ਹੀ ਜਾਨ ਨਿਕਲੀ ਪਈ ਹੈ। ਕੁਝ ਸਮੇਂ ਲਈ ਧਰਮ ਪ੍ਰਚਾਰ ਦਾ ਸ਼ੌਕ ਜਾਗਦਾ ਹੈ, ਫਿਰ ਦੋ-ਚਾਰ ਸਾਲ ਬਾਦ ਠੁਸ ਹੋ ਜਾਂਦਾ ਹੈ। ਜਿਆਦਾਤਰ ਧਰਮ ਪ੍ਰਚਾਰ ਛੱਡ ਕੇ ਰਾਜਨੀਤੀ ਵੱਲ ਦੌੜ ਜਾਂਦੇ ਹਨ।)**

6. ਕੀਰਤਨ ਦਰਬਾਰ ਕਰਵਾਉਣ ਵਾਲੇ ਕੁਝ ਡੀਲਰਾਂ ਦੇ ਚਰਨਾਂ ਵਿਚ ਬਿਨੈ ਹੈ ਕਿ ਰਾਗੀ ਸਿੰਘਾਂ ਦੀ ਬੁਕਿੰਗ ਕਰਨ ਸਮੇਂ ਇਕ-ਅੱਧ ਗੁਰਬਾਣੀ ਵਿਆਖਿਆਕਾਰ ਪ੍ਰਚਾਰਕ ਦੀ ਸੇਵਾ ਵੀ ਪ੍ਰਵਾਨ ਕਰ ਲਿਆ ਕਰਨ। ਕੀਰਤਨ ਦੇ ਨਾਲ ਸ਼ਬਦ ਵਿਆਖਿਆ ਵੀ ਕਰਨੀ ਚਾਹੀਦੀ ਹੈ, ਰਾਗ ਵਿਦਿਆ ਅਤੇ ਸੋਹਣੀਆਂ ਤਰਜ਼ਾਂ ਤੋਂ ਇਲਾਵਾ ਜੇ ਗੁਰੂ ਮਹਾਰਾਜ ਦੀ ਗੱਲ ਵੀ ਸੰਗਤਾਂ ਦੀ ਸਮਝ ਆ ਜਾਵੇਗੀ, ਤਾਂ ਹੀ ਸੁਧਾਰ ਹੋ ਸਕੇਗਾ। ਗਲੀ ਮੁਹੱਲੇ ਵਿਚ ਦੂਰ-ਦੂਰ ਲਾਊਡ-ਸਪੀਕਰ, ਬਲਬਾਂ ਦੀਆਂ ਜਗਦੀਆਂ-ਬੁਝਦੀਆਂ ਝਾਲਰਾਂ, ਸੜਕਾਂ ਨੂੰ ਪਾਣੀ ਤੇ ਸਰਫ ਨਾਲ ਧੋਣ ਅਤੇ ਪਹਿਲਾ, ਦੂਜਾ ਜਾਂ ਤੀਜਾ ਮਹਾਨ, ਅਦੁੱਤੀ ਵਿਸ਼ੇਸ਼ ਕੀਰਤਨ ਦਰਬਾਰਾਂ ਰਾਹੀਂ ਸੰਗਤਾਂ ਨੂੰ ਭਰਮਾਉਣਾ ਛੱਡ ਦੇਣਾ ਚਾਹੀਦਾ ਹੈ।

(...ਚੱਲਦਾ)

लड़ी जोड़ने के लिए पिछला अंक देखें



# साहिब–ए–कमाल श्री गुरू गोबिन्द सिंघ जी का विलक्षण व्यक्तित्व– भाई नंद लाल गोया जी की नज़र में

**नासिरो मंसूर गुरू गोबिंद सिंघ ईज़दी– मैं मनजूर गुरू गोबिंद सिंघ**

संग्रह कर्ता:
अमृत पाल बंसल, लुधियाना

**आलिम अल – असतार गुरू गोबिंद सिंघ।**

**अबरे रहमत बार गुरू गोबिंद सिंघ। (110)**

आलिम – सीखा हुआ, विद्वान। असतार – रहस्य ।

अबरे – बादल। रहमत – दया, क्षमा। बार – भार, माल

श्री गुरू गाबिंद सिंघ जी दुनिया के रहस्यों को जानते है, वह अपनी असीमित दया को बरसाने वाले बादल हैं।

**मुकबल – ओ मकबूल गुरू गोबिंद सिंघ**

**वासिल – ओ मौसूल गुरू गोबिंद सिंघ (111)**

मुकबल – भाग्यशाली। मकबूल – स्वीकार किया गया। वासिल – एकजुट, प्राप्त। मौसूल – जुड़ा हुआ

श्री गुरू गोबिंद सिंघ जी वाहेगुरू के पसंदीदा और सर्वप्रिय हैं; वह भगवान से जुड़े हुए हैं और जोड़ने वाले हैं।

**जांन फिरोज – ए – दहर गुरू गोबिंद सिंघ**

**फैज़ – ए – हक रा बहर गुरू गोबिंद सिंह (112)**

जान – जिंदगी। फिरोज – रोशनी। दहर – अनंत काल, संसार। फैज़ – अनुग्रह, आर्शीवाद, इनाम। हक – ठीक है, भगवान। बहर – समुद्र।

श्री गुरू गोबिंद सिंघ जी इस संसार में जीवन प्रदान करते हैं; और जीवन दाता हैं। वह वाहेगुरू के आर्शीवाद के समुद्र तथा दया के सागर हैं।

**हक रा महिबूब गुरू गोबिंद सिंघ।**

**तालिब – ओ मतलूब गुरू गोबिंद सिंघ (113 )**

हक – भगवान। रा – कण। महबूब – प्रिय। तालिब – साधक, इन्छुक। मतलूब – वांछित, चाहा हुआ।

श्री गुरू गोबिंद सिंघ जी भगवान के प्रिय हैं; वह साधक भी हैं और साधक भी अति प्रिय हैं। वह भगवान के खजाने और लोगों के प्रिय हैं।

**तेग रा फताह गुरू गोबिंद सिंघ।**

**जान – ओ दिल रा राह गुरू गोबिंद सिंघ (114)**

तेग – तलवार। रा – कण। फतह – विजयी, विजेता। जान – जीवन। दिल – दिल। राह – मार्ग, मतलब, कारण।

श्री गुरू गोबिंद सिंघ जी अपनी तलवार से विजय प्राप्त की; वह हर दिल का राज जानते हैं, वह आत्मा और हृदय के अमृत हैं।

**साहिब – ए इकलील गुरू गोबिंद सिंघ।**

**ज़िल – ए – हक़ तजलील गुरू गोबिंद सिंघ (115)**

साहिब – मालिक, स्वामी, प्रभु। इकलील – मुकुट। ज़िल – छाया, तत्वाधान। हक – भगवान। तज़लील – छाया, अंधेरा।

श्री गुरू गोबिंद सिंह जी विश्व का मुकुट पहनते हैं; वह वाहेगुरू की छाया में रहते हैं, तथा प्रभु की परछाई हैं।

**खाजने हर गंज गुरू गोबिंद सिंघ।**

**मरहम – ए हर रंज गुरू गोबिंद सिंघ (116)**

ख़ाजने – खज़ाना। हर – प्रत्येक। गंज – खजाना। मरहम – बाम, मरहम। रंज – दर्द, कष्ट।

श्री गुरू गोबिंद सिंह जी दुनिया के सभी खज़ानों को नियंत्रित करते हैं; वह सभी रोगों तथा कष्टों की दवा हैं।

**दावरे आफ़ाक गुरू गोबिंद सिंघ**

**दर दो आलम ताक़ गुरू गोबिंद सिंघ (117)**

दावर – नयायधीश, महयसी। आफ़ाक – दुनिया, क्षितिज। दर – इन, पर। दो – दो। आलम – दुनिया। ताक – छत।

श्री गुरू गोबिंद सिंह जी जगत के स्वामी हैं तथा दोनों लोकों के अधिपति हैं। दोनों लोक आपकी शरण में हैं और आपके समान कोई नहीं हैं।

**हक खुद वसाफ गुरू गोबिंद सिंह**

**बरतारीन औसाफ़ गुरू गोबिंद सिंह (118)**

हक – भगवान। खुद – स्वयं। वसाफ – प्रशंसा करने वाला, समझाने वाला। बरतारीन – श्रेष्ठता, वरीयता। औसाफ (वसाफ का बहुवचन) गुण।

श्री गुरू गोबिंद सिंह जी की प्रशंसा स्वयं भगवान ने की है; आपको उच्चतम गुण प्रदान किया गया है तथा आप उत्तम गुणों के धारक हैं।

**खासगां दर पा – ए गुरू गोबिंद सिंघ**

**कुदसी – आन बार – आए गुरू गोबिंद सिंघ (119)**

खास – विशेष, विशिष्ट। गां – एक शब्द को बहुवचन बनाता है। दर – इन। पाए – फीट। कुदसी – आन – देवदूत बार – दर्शक। आए – आओ।

महांपुरूष श्री गुरू गोबिंद सिंह जी के चरणों में हैं देवदूत आप के दर्शनों लिए, आप से मिलने आते हैं।

**मुकबल – आन मद दाह गुरू गोबिंद सिंघ।**

**जान – ओ दिल रा राह गुरू गोबिंद सिंघ (120)**

मुकबल – आन (मुकबल का बहुवचन) भाग्यशाली। मद दाह – प्रशंसक। जान – जीवन। दिल – दिल रा – कण। राह – मार्ग, सड़क।

भाग्यशाली लोग श्री गुरू गोबिंद सिंह जी की प्रसंसा करते हैं; आप हमारे दिल तथा अंदर की हर बात जानते हैं।

**ला – मकान पाबोस गुरू गोबिंद सिंघ**

**बद दो आलम कोस गुरू गोबिंद सिंघ (121)**

ला – मकान – जिस का कोई ठिकाना नहीं है (गरीब)। पाबोस – पैरों को चूमना। बर – इन। दो – दो। आलम – दुनिया। कोस – ड्रम

गरीब श्री गुरू गोबिंद सिंह जी के चरण चूमते हैं; आप का दोनों लोकों में सत्ता का डंका बजता है।

**सुलस हम महकूम गुरू गोबिंद सिंघ**

**रूबह हम मरवतूम गुरू गोबिंद सिंघ (122)**

सुलस – एक तिहाई। हम – भी, (क्रमिक संख्याओं की समाप्ति के रूप में प्रयुक्त)। महकूम – निंदा किया गया, दोषी ठहराया गया, सजा सुनाई गई। रूबह – एक चौथाई। मखतूम – खत्म, निपटारा, निष्कर्ष निकाला।

श्री गुरू गोबिंद सिंह जी तीनों लोकों पर शासन करते हैं तथा तीनों लोक उनके आधीन हैं; चारों वेदों पर उनका अधिकार है, जिसक मुहर उनके पास है।

**सुदस हलकेह ब – गोश गुरू गोबिंद सिंघ**

**दुशमन अफगन जोश गुरू गोबिंद सिंघ (123 )**

सुदस – छठ़ा। हलकेह – ब – गोश – बंधुआ, गुलाम। दुशमन – शत्रु। अफगन जोश – फेंकना, धीमा करना, हराना।

छह शास्त्र श्री गुरू गोबिंद सिंह जी के दास है; उनका उत्साह सदैव शत्रुओं को परास्त करता है तथा शत्रुओं का संहार करता है।

**खलास – ओ बे – कीनह गुरू गोबिंद सिंघ**

**हक हक आईना गुरू गोबिंद सिंघ (124)**

खलास – शुद्ध, निष्कलंक। कीनह – घृणा, शत्रुता। बे – कीनह – बिना नफरत के। हक – सत्य, ईश्वर। आईना – दर्पण

श्री गुरू गोबिंद सिंह जी का हृदय पवित्र और वैर – रहित है तथा दुर्भावना से मुक्त है; वह स्वयं सत्य और सत्य का दर्पण हैं, जिनके माध्यम से ईश्वर स्वयं को प्रक्ट करता है।

**हक हक अंदेश गुरू गोबिंद सिंघ**

**बादशाह दरवेश गुरू गोबिंद सिंघ (125)**

हक – भगवान। अंदेश – सोचें, मैं संपादित करूं। बादशाह – राजा। दरवेश – फकीर, गरीब

श्री गुरू गोबिंद सिंह जी भगवान का ध्यान करते हैं और सत्य के साक्षात अनुभव कर्ता हैं। वह एक दरवेश राजा है और साथ एक फकीर रहस्यवादी भी हैं।

**मकरम अल – फ़ज़ा एल गुरू गोबिंद सिंघ।**

**मुन – इम अल – मुत – एए एल गुरू गोबिंद सिंघ (126)**

मकरम – सम्मानित, प्रतिष्ठित, भव्य। फजल – दयालू। मुन – इम – अमीर, परोपकारी। मुत – एए एल – उंचा।

श्री गुरू गोबिंद सिंह जी सदाचार के प्रतीक है तथा कृपा के दाता हैं; वह धन के दाता हैं तथा मानव जाति के लिए उनके उपहार अंतहीन हैं।

**करम अल – किराम गुरू गोबिंद सिंघ।**

**रहम अल – रहाम गुरू गोबिंद सिंघ। (127)**

करम – उदारता। किराम (करम का बहुवचन) – उदार। रहम – क्षमा करने वाला। रहाम – क्षमाशील।

श्री गुरू गोबिंद सिंह सब से उदार हैं तथा मित्रों के भी मित्र है और क्षमा तथा दया करने वाले हैं।

**ना – ईएमअल – मुन – एए एम गुरू गोबिंद सिंघ।**

**फाहम अल – फहाम गुरू गोबिंद सिंघ। (128)**

ना ईम – समृद्ध। मुन – एए – एम – लाभकारी, समृद्ध। फाहम – दाता। अल – फहाम – दाता।

श्री गुरू गोबिंद सिंह जी परोपकारी हैं और आर्शीवाद भी देते हैं; वह उनको तोहफे भी देते हैं।

**दा – इम – ओ पा – इंदा गुरू गोबिंद सिंघ**

**फरख – ओ फरखुंदे गुरू गोबिंद सिंघ (129)**

दा – इम – अचल। पा – इंदा – स्थायी, लगातार। फरख – खुश। फरखुंदे – शुभ।

श्री गुरू गोबिंद सिंह जी अविनाशी और अटल हैं; वह सभी के लिए शुभ हैं।

**फ़ैज़ – ए सुब – हां ज़ात गुरू गोबिंद सिंघ**

**नूर हक लमआत गुरू गोबिंद सिंघ (130)**

फ़ैज़ – एहसान, आर्शीवाद, इनाम सुब – हा – महिमा। ज़ात – सार, प्रकृति, स्वयं। नूर – रोशनी, चमक। हक – ईश्वर। लमआत – चमक, नजर, एक प्राथमिकता।

श्री गुरू गोबिंद सिंह जी सर्वशक्तिमान ईश्वर की कृपा हैं तथा भगवान के आर्शीवाद का सार हैं; वह ईश्वर की तेजोमय ज्योति है।

**सामिया – ए नाम गुरू गोबिंद सिंघ**

**हक बीन ज़ इन – आम गुरू गोबिंद सिंघ (131)**

सामिया – श्रवन। आन – वह व्यक्ति। हक – ईश्वर। बीन – देखना। इन – आम – इनाम, उपहार

जो गुरू गोबिंद सिंह जी का नाम सुनते हैं, वह उनके आर्शीवाद से भगवान के दर्शन करने वाले बन जाते हैं और उनको स्वयं भगवान के दर्शन का वरदान मिल जाता है।

**(शेष अगले अंक में)**

Continues from previous Issue



# Praises of Shri Guru Gobind Singh Ji By Bhai Nand Lal Goya Ji

-Compiled by:
Amrit Paul Bansal
Ludhiana

## "Nasar-O Mansoor Guru Gobind Singh Eezad-I Manzoor Guru Gobind Singh"

ਆਲਿਮੁਲ ਅਸਤਾਰ ਗੁਰੂ ਗੋਬਿੰਦ ਸਿੰਘ
ਅਬਰਿ ਰਹਿਮਤ ਬਾਰ ਗੁਰੂ ਗੋਬਿੰਦ ਸਿੰਘ ॥

Aalim Al-Astaar Guru Gobind Singh
Abr-e Rehmat Baar Guru Gobind Singh (110)

Aalm-learned, Scholar, Astaar- Secrets Abr-clouds, Rehmat-pardon,mercy, Baar-Load, cargo

Guru Gobind Singh is aware of the Secrets of the world; He Showers his unlimited mercies and blessings all over.

ਮੁਕਬੁਲੋ ਮਕਬੂਲ ਗੁਰੂ ਗੋਬਿੰਦ ਸਿੰਘ
ਵਾਸਲੋ ਮੌਸੂਲ ਗੁਰੂ ਗੋਬਿੰਦ ਸਿੰਘ ॥

Muqbal-o Maqbool Guru Gobind Singh
Waasil-o-Mausool Guru Gobind Singh (111)

Muqbal-Fortunate Maqbool-accepted, Waasil-united, received Mausool-Joined, Connected

Guru Gobind Singh is the favourite of Waheguru; He is connected with the Akal Purkh and is capable of connecting with Him.

ਜਾਂ–ਫਰੋਜ਼ਿ ਦਹਿਰ ਗੁਰੂ ਗੋਬਿੰਦ ਸਿੰਘ
ਫੈਜ਼ਿ ਹੱਕ ਰਾ ਬਾਹਰ ਗੁਰੂ ਗੋਬਿੰਦ ਸਿੰਘ ॥

Jaan Firoz-e Dahar Guru Gobind Singh
Faiz-e Haq Ra Bahr Guru Gobind Singh (112)

Jaan-life Firoz-illiuminator Dahar-eternity, world
Faiz-Grace, blessings, bounty Haq-right Bahr-sea

Guru Gobind Singh bestows life in this world; He is the ocean of the divine blessings and grace.

ਹੱਕ ਰਾ ਮਹਿਬੂਬ ਗੁਰੂ ਗੋਬਿੰਦ ਸਿੰਘ
ਤਾਲਿਬੋ ਮਤਲੂਬ ਗੁਰੂ ਗੋਬਿੰਦ ਸਿੰਘ ॥

Haq Ra Mehboob Guru Gobind Singh
Talib-o Matloob Guru Gobind Singh (113)

Haq-God Ra-Particle Mehboob-Beloved Talib-seeker desirous, Matloob-desired, sought

Guru Gobind Singh is loved by God; He is the seeker of God and is likeable and desirable of the people.

ਤੇਗ਼ ਰਾ ਫ਼ਤਾਹ ਗੁਰੂ ਗੋਬਿੰਦ ਸਿੰਘ
ਜਾਨੋ ਦਿਲ ਰਾ ਰਾਹ ਗੁਰੂ ਗੋਬਿੰਦ ਸਿੰਘ ॥

Teg Ra Fattah Guru Gobind Singh
Jan-o Dil Ra Rah Guru Gobind Singh (114)

Teg-sword Ra-Particle Fattah-Victorious, conqueror Jan-life, Dil-Heart, Rah-way, means,cause

Guru Gobind Singh achieved victories with his sword; He knows the secret of every heart.

ਸਾਹਿਬਿ ਅਕਲੀਲ ਗੁਰੂ ਗੋਬਿੰਦ ਸਿੰਘ
ਜ਼ਿਬਿ ਹੱਕ ਤਜ਼ਲੀਲ ਗੁਰੂ ਗੋਬਿੰਦ ਸਿੰਘ ॥

Sahib-e Ikleel Guru Gobind Singh
Zibb-e Haq Tazleel Guru Gobind Singh (115)

Sahib-owner, master, lord Ikleel-Crown Haq-God Tazleel-shadow, darkness

Guru Gobind Singh wears the crown of the world; He lives in the shadow of Waheguru.

ਖ਼ਾਜ਼ਨਿ ਹਰ ਗੰਜ ਗੁਰੂ ਗੋਬਿੰਦ ਸਿੰਘ
ਮਰਹਮਿ ਹਰ ਰੰਜ ਗੁਰੂ ਗੋਬਿੰਦ ਸਿੰਘ ॥

Khaazan-E Har Ganj Guru Gobind Singh
Marham –E Har Ranj Guru Gobind Singh (116)

Khaazan-treasurer Har-each,every Ganj-treasure Marham-balm,ointment Ranj-pain, suffering

Guru Gobind Singh controls all the treasures of the world; He is the medicine of all ailments (pains) and sorrows.

ਦਾਵਰਿ ਆਫਾਕ ਗੁਰੂ ਗੋਬਿੰਦ ਸਿੰਘ
ਦਰ ਦੋ ਆਲਮ ਤਾਕ ਗੁਰੂ ਗੋਬਿੰਦ ਸਿੰਘ ॥

Daawar-E Aafaaq Guru Gobind Singh
Dar Do Aalam Taak Guru Gobind Singh (117)

Daawar-Judge, arbitrator Aaffaq-world, horizons Dar-in,at Do-Two Aalam-world Taak-Roof

Guru Gobind Singh is the master of the world; both the worlds are under his shelter and there is no rival to Him in the two worlds.

ਹੱਕ ਖ਼ੁਦ ਵੱਸਾਫਿ ਗੁਰੂ ਗੋਬਿੰਦ ਸਿੰਘ
ਬਰ ਤਰੀਂ ਔਸਾਫ਼ਿ ਗੁਰੂ ਗੋਬਿੰਦ ਸਿੰਘ ॥

Haq Khud Wasaaf Guru Gobind Singh
Bartareen Ausaaf Guru Gobind Singh (118)

Haq-God Khud-self, Wasaaf-praiser, explainer Bartareen-superiority, preference Ausaaf-qualities

Guru Gobind Singh is praised by God Himself; He is bestowed with highest qualities and is the composite of all noble virtues.

ਖ਼ਾਸਗਾਂ ਦਰ ਪਾਇ ਗੁਰੂ ਗੋਬਿੰਦ ਸਿੰਘ
ਕੁਦਸੀਆਂ ਬਾ ਰਾਇ ਗੁਰੂ ਗੋਬਿੰਦ ਸਿੰਘ ॥

Khaasgan Dar Paa-e Guru Gobind Singh
Qudsi-Aan Baar-aae Guru Gobind Singh (119)

Khaas- Special, exclusive gan-renders a word plural Dar-in, at Paa-feet, Qudsi-aan-angels Bar-audience Aae-come

Great men are at the feet of Guru Gobind Singh; the angels visit him for audience. Those entities that are sacred and near ones of Waheguru are under His Command.

ਮੁਕਬਲਾਂ ਮੱਦਾਹਿ ਗੁਰੂ ਗੋਬਿੰਦ ਸਿੰਘ
ਜਾਨੋ ਦਿਲ ਰਾ ਰਾਹ ਗੁਰੂ ਗੋਬਿੰਦ ਸਿੰਘ ॥

Muqbal-Aan Maddah Guru Gobind Singh

Jaan-o Dil Ra rah Guru Gobind Singh (120)

Muqballan fortunate Madalah-admirer Jaan-life Dil-heart Ra-particle Rah-way, road

The fortunate ones admire Guru Gobind Singh; He knows everything in our hearts. Persons and entities accepted by Waheguru are the admirers of Guru Gobind Singh.

ਲਾ–ਮਕਾਂ ਪਾ–ਬੋਸਿ ਗੁਰੂ ਗੋਬਿੰਦ ਸਿੰਘ

ਬਰ ਦੋ ਆਲਮ ਕੋਸਿ ਗੁਰੂ ਗੋਬਿੰਦ ਸਿੰਘ ॥

Laa-Makaan Paabos Guru Gobind Singh

Bar-Do Aalam Kos Guru Gobind Singh (121)

Laamakaan-having no abode (the poor) Pa-Feet Paabos-Kiss the lotus feet Bar-in,at, Do-two Aalam-world Kos-drum

The poor kiss the feet of Guru Gobind Singh; the drum of his authority sounds in both the worlds.

ਸੁਲਸ ਹਮ ਮਹਿਕੂਮਿ ਗੁਰੂ ਗੋਬਿੰਦ ਸਿੰਘ

ਰੁੱਬਆ ਹਮ ਮਖ਼ਤੂਮਿ ਗੁਰੂ ਗੋਬਿੰਦ ਸਿੰਘ ॥

Suls-Ham Mahkoom Guru Gobind Singh

Rubeh Ham Makhtoom Guru Gobind Singh (122)

Suls-one third Ham-also,too Mahkoom-condemned, convicted, sentenced , Rubeh- one fourth Makhtoom-finished, settled, concluded

Guru Gobind Singh rules over the three worlds; He has the stamp of his authority on the four vedas.

ਸੁਦਸ ਹਲਕਾ ਬਗੋਸ਼ਿ ਗੁਰੂ ਗੋਬਿੰਦ ਸਿੰਘ

ਦੁਸ਼ਮਨ–ਅਫਗਾਨ ਜੋਸ਼ਿ ਗੁਰੂ ਗੋਬਿੰਦ ਸਿੰਘ ॥

Suds Halqeh B-Gosh Guru Gobind Singh

Dushman Afgan Josh Guru Gobind Singh (123)

Suds-Sixth Halqeh B- Gosh- Banded, slave Dushman-enemy Afgan-Josh- Throw, Slow down, defeat

The six shastras are slaves of Guru Gobind Singh; He always defeats the enemy.

ਖ਼ਾਲਿਸੋ ਬੇ–ਕੀਨਾ ਗੁਰੂ ਗੋਬਿੰਦ ਸਿੰਘ

ਹੱਕ ਹੱਕ ਆਈਨਾ ਗੁਰੂ ਗੋਬਿੰਦ ਸਿੰਘ ॥

Khalas-o Be-Keeneh Guru Gobind Singh

Haq Haq Ainaa Guru Gobind Singh (124)

Khalas-Pure, unalloyed Keeneh-hatred, animosity Bee-Keeneh-without hatred, haq-truth,God, Ainna-mirror

Pure at heart, Guru Gobind Singh is free from ill will; He is the mirror through whom God reveals Himself

ਹੱਕ ਹੱਕ ਅੰਦੇਸ਼ ਗੁਰੂ ਗੋਬਿੰਦ ਸਿੰਘ

ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ॥

Haq Haq Andesh Guru Gobind Singh

Badshah Darvesh Guru Gobind Singh (125)

Haq-God Andesh-think, Meditate Badshah-King, Darvesh-Mystic, poor.

Guru Gobind Singh meditates on God; He is a Mystic and a king at the same time.

ਮਕਰਮੁਲ–ਫ਼ਜ਼ਾਲ ਗੁਰੂ ਗੋਬਿੰਦ ਸਿੰਘ

ਮੁਨਇਮੁ ਲ–ਮੁਤਆਲ ਗੁਰੂ ਗੋਬਿੰਦ ਸਿੰਘ ॥

Makram Al-Fazaal Guru Gobind Singh

Mun-im Al-Mut-Aal Guru Gobind Singh (126)

Makram-honoured, dignified, grand Fazaal-kind Mun-im-liberal, rich, beneficient Mut-Aal-exalled, lofty.

Guru Gobind Singh is virtue personified and is the bestower of Godly blessings; His gifts to mankind are unending

ਕਾਰਮੁੱਲ–ਕੱਰਾਮ ਗੁਰੂ ਗੋਬਿੰਦ ਸਿੰਘ

ਰਾਹਮੁੱਲ–ਰੱਹਾਮ ਗੁਰੂ ਗੋਬਿੰਦ ਸਿੰਘ ॥

Kaaram Al-Kiram Guru Gobind Singh

Raaham Al-Rahaam Guru Gobind Singh (127)

Kaaram-generosity, magnanimity Kiram-generous, Raaham-one who forgives Raaham-forgiving

Guru Gobind Singh is most generous and forgiver; He is even kindlier for the compassionate.

ਨਾਇਮੁਲ–ਮੁਨਆਮ ਗੁਰੂ ਗੋਬਿੰਦ ਸਿੰਘ

ਫ਼ਾਹਮੁਲ–ਫ਼ੱਹਾਮ ਗੁਰੂ ਗੋਬਿੰਦ ਸਿੰਘ ॥

Naa-em-Al-Mun-Aam Guru Gobind Singh

Faham Al-Fahaam Guru Gobind Singh (128)

Naa-Em-rich Mun-Aam-beneficient, affluent,rich Faham-bestower Al-Fahaam-bestow

Guru Gobind Singh blesses even the benevolent; He bestows gifts even to those who give.

ਦਾਇਮੋ–ਪਾਇੰਦਾ ਗੁਰੂ ਗੋਬਿੰਦ ਸਿੰਘ

ਫ਼ਰਖੋ ਫ਼ਰਖ਼ਮਦਾ ਗੁਰੂ ਗੋਬਿੰਦ ਸਿੰਘ ॥

Daa-im-o Paa-Inda Guru Gobind Singh

Farakh-o Forkhundeh Guru Gobind Singh (129)

Daa-im-unmoving Paa- Inda-lasting, perpetual Farakh-happy Farkhundeh-happy, auspicious

Guru Gobind Singh is eternal and is going to live forever (lasting forever); He is auspicious for all, noble and extremely fortunate.

ਫ਼ੈਜ਼ਿ ਸੁਬਹਾਨ ਜ਼ਾਤਿ ਗੁਰੂ ਗੋਬਿੰਦ ਸਿੰਘ

ਨੂਰਿ ਹੱਕ ਲਮਆਤ ਗੁਰੂ ਗੋਬਿੰਦ ਸਿੰਘ ॥

Faize-E Sub-haan Zaat Guru Gobind Singh

Noor Haq Lam-aat Guru Gobind Singh (130)

Faize-favour, blessing bounty Sub-Haan-glory, Zaat-essence, nature, self Noor-light, radiance Haq-God Lam-aat-Fleshes, Brightness, glance

Guru Gobind Singh is essence of God's blessings;God Himself radiates through Him.

ਸਾਮਆਨਿ ਨਾਮਿ ਗੁਰੂ ਗੋਬਿੰਦ ਸਿੰਘ

ਹੱਕ–ਬੀਂ ਜ਼ਿ ਇਨਆਮਿ ਗੁਰੂ ਗੋਬਿੰਦ ਸਿੰਘ ॥

Saimiaan-E Naam Guru Gobind Singh

Haq Been z In-Aam Guru Gobind Singh (131)

Samia-hearing, auditory Aan-those Haq-God Been-to see In-amm-reward, Gift

Those who have listened to the name of Guru Gobind Singh, have received the gift of seeing God with His blessings.

**(continued on next issue)**

ਸਿਹਤ ਸੰਭਾਲ

**ਡਾ. ਹਰਚੰਦ ਸਿੰਘ ਸਰਹਿੰਦੀ**

# ਪਿਛਲੀ ਉਮਰੇ ਕਿਉਂ ਕਮਜ਼ੋਰ ਹੋ ਜਾਂਦੀ ਹੈ ਯਾਦਦਾਸ਼ਤ

ਦਿਮਾਗ ਦੇ ਸਭ ਤੋਂ ਵੱਡੇ ਤੇ ਮਹੱਤਵਪੂਰਨ ਹਿੱਸੇ-ਸੈਰੀਬਰਮ ਵਿੱਚ ਇੱਕ ਖ਼ਾਸ ਸਥਾਨ 'ਤੇ ਯਾਦਦਾਸ਼ਤ ਕੇਂਦਰ ਸਥਿਤ ਹੁੰਦਾ ਹੈ, ਜਿੱਥੇ ਯਾਦਾਂ ਸਾਂਭੀਆਂ ਹੁੰਦੀਆਂ ਹਨ। ਜਦੋਂ ਕੋਈ ਅਨੁਭਵ ਜਾਂ ਤਜਰਬਾ, ਯਾਦਦਾਸ਼ਤ ਕੇਂਦਰ ਵਿੱਚ ਸਮਾਅ ਕੇ ਯਾਦ ਵਿੱਚ ਤਬਦੀਲ ਹੁੰਦਾ ਹੈ ਤਾਂ ਦਿਮਾਗ਼ ਅੰਦਰ ਕਈ ਪ੍ਰਕਾਰ ਦੀਆਂ ਰਸਾਇਣਕ ਤਬਦੀਲੀਆਂ ਵਾਪਰਦੀਆਂ ਹਨ। ਵਿਗਿਆਨੀਆਂ ਨੇ ਹਾਲ ਹੀ ਵਿੱਚ ਦਿਮਾਗ਼ ਅੰਦਰ ਵਾਪਰਦੀਆਂ ਇਨ੍ਹਾਂ ਤਬਦੀਲੀਆਂ ਦੀਆਂ ਫੋਟੋਆਂ ਖਿੱਚੀਆਂ ਹਨ। ਇਸ ਵਿਲੱਖਣ ਖੋਜ ਦਾ ਕੰਮ, ਯੂਨੀਵਰਸਿਟੀ ਆਫ਼ ਜਨੇਵਾ (ਸਵਿਟਜ਼ਰਲੈਂਡ) ਦੇ ਵਿਗਿਆਨੀ ਡਾ. ਡੋਮੀਨੀਕਿਯੂ ਮੁੱਲਰ ਦੀ ਦੇਖ-ਰੇਖ ਹੇਠ ਨੇਪਰੇ ਚੜ੍ਹਿਆ।

ਯਾਦਦਾਸ਼ਤ ਕੇਂਦਰ ਵਿੱਚ ਨਵੀਆਂ ਯਾਦਾਂ ਨੂੰ ਥਾਂ ਦੇਣ ਲਈ ਦਿਮਾਗ਼, ਸਮੇਂ-ਸਮੇਂ ਸਿਰ ਬੇਲੋੜੀਆਂ ਯਾਦਾਂ ਦੀ ਛਾਂਟੀ ਕਰਦਾ ਰਹਿੰਦਾ ਹੈ। ਉਂਜ ਵੀ ਕੌੜੀਆਂ-ਕੁਸੈਲੀਆਂ ਯਾਦਾਂ ਨੂੰ ਭੁਲਾ ਦੇਣਾ ਸਾਡੇ ਹਿੱਤ ਵਿੱਚ ਹੁੰਦਾ ਹੈ। ਇਸ ਨਾਲ ਸਾਡੀਆਂ ਕਈ ਸਮੱਸਿਆਵਾਂ ਸੁਤੇ-ਸਿੱਧ ਹੀ ਹੱਲ ਹੋ ਜਾਂਦੀਆਂ ਹਨ।



ਯਾਦਦਾਸ਼ਤ ਕੇਂਦਰ ਦੋ ਪੱਧਰ 'ਤੇ ਯਾਦਾਂ ਨੂੰ ਸੁਰੱਖਿਅਤ ਕਰਦਾ ਹੈ-ਥੋੜ੍ਹੇ ਅਰਸੇ ਲਈ ਅਤੇ ਲੰਮੇ ਅਰਸੇ ਲਈ। ਕਿਸ ਯਾਦ ਨੂੰ ਥੋੜ੍ਹੇ ਅਰਸੇ ਲਈ ਅਤੇ ਕਿਸ ਨੂੰ ਲੰਮੇ ਅਰਸੇ ਲਈ ਸਟੋਰ ਕਰਨਾ ਹੈ, ਇਸ ਗੱਲ ਦਾ ਫ਼ੈਸਲਾ ਸਥਿਤੀ ਅਨੁਸਾਰ, ਦਿਮਾਗ਼ ਨੇ ਖ਼ੁਦ ਕਰਨਾ ਹੁੰਦਾ ਹੈ। ਕਿਸੇ ਯਾਦ ਨੂੰ ਲੰਮੇ ਅਰਸੇ ਲਈ ਸੁਰੱਖਿਅਤ ਕਰਨਾ, ਇੱਕ ਤਿੰਨ-ਸਟੇਜਾਂ ਵਿੱਚ ਵਾਪਰਨ ਵਾਲੀ ਕਿਰਿਆ ਹੈ। ਪਹਿਲੀ ਸਟੇਜ ਹੈ-ਰਜਿਸਟਰੇਸ਼ਨ (ਅੰਦਰਾਜ), ਦੂਜੀ-ਰਿਟੈਨਸ਼ਨ (ਯਾਦ ਰੱਖਣਾ) ਅਤੇ ਤੀਜੀ- ਰਿਕਾਲ (ਲੋੜ ਪੈਣ 'ਤੇ ਯਾਦ ਕਰ ਸਕਣਾ)। ਇਸ ਦਾ ਮਤਲਬ ਇਹ ਹੋਇਆ ਕਿ ਜੇਕਰ ਕਿਸੇ ਗੱਲ ਦਾ ਅੰਦਰਾਜ ਗੰਭੀਰਤਾ ਨਾਲ ਕੀਤਾ ਜਾਵੇ ਅਤੇ ਫਿਰ ਉਸ ਨੂੰ ਯਾਦ ਰੱਖਣ ਲਈ ਤਰੱਦਦ ਕੀਤਾ ਜਾਵੇ ਤਾਂ ਉਸ ਗੱਲ ਨੂੰ ਲੋੜ ਪੈਣ 'ਤੇ ਯਾਦ ਕਰ ਸਕਣ ਵਿੱਚ ਕੋਈ ਦਿੱਕਤ ਪੇਸ਼ ਨਹੀਂ ਆਵੇਗੀ।

ਯਾਦਦਾਸ਼ਤ ਕਮਜ਼ੋਰ ਹੋ ਜਾਣ ਦੀ ਸਮੱਸਿਆ, ਮੁੱਖ ਤੌਰ 'ਤੇ ਤਿੰਨ ਕਾਰਨਾਂ ਕਰਕੇ ਪੈਦਾ ਹੁੰਦੀ ਹੈ। ਪਹਿਲਾ, ਜਦੋਂ ਕੋਈ ਵਿਅਕਤੀ ਜਾਣਕਾਰੀ ਨੂੰ ਯਾਦ ਰੱਖਣ ਵਿੱਚ ਦਿਲਚਸਪੀ ਨਹੀਂ ਰੱਖਦਾ। ਦੂਜਾ ਜਦੋਂ ਕੋਈ ਵਿਅਕਤੀ ਇਹ ਮਹਿਸੂਸ ਕਰਦਾ ਹੈ ਕਿ ਉਸ ਦੀ ਯਾਦਦਾਸ਼ਤ ਕੰਮ ਨਹੀਂ ਕਰਦੀ ਅਤੇ ਤੀਜਾ ਯਾਦ-ਸ਼ਕਤੀ ਦੀ ਵਰਤੋਂ ਨਾ ਕਰਨਾ। ਜਦੋਂ ਕੋਈ ਵਿਅਕਤੀ ਆਪਣੀ ਯਾਦ-ਸ਼ਕਤੀ ਤੋਂ ਕੰਮ ਲੈਣਾ ਬੰਦ ਕਰ ਦਿੰਦਾ ਹੈ ਤਾਂ ਉਸ ਦੇ ਯਾਦਦਾਸ਼ਤ ਕੇਂਦਰ ਦੇ ਨਰਵ-ਸੈੱਲਜ਼ ਦੇ ਆਪਸੀ ਜੋੜ ਢਿੱਲੇ ਪੈ ਜਾਂਦੇ ਹਨ, ਜਿਸ ਦੇ ਸਿੱਟੇ ਵਜੋਂ ਯਾਦਦਾਸ਼ਤ ਕਮਜ਼ੋਰ ਹੋ ਜਾਂਦੀ ਹੈ।

ਇਨ੍ਹਾਂ ਕਾਰਨਾਂ ਤੋਂ ਇਲਾਵਾ ਵਧਦੀ ਉਮਰ ਵੀ ਯਾਦਦਾਸ਼ਤ 'ਤੇ ਦੁਰਪ੍ਰਭਾਵ ਪਾਉਂਦੀ ਹੈ। ਦਰਅਸਲ, ਦਿਮਾਗ਼ ਵੀ ਸਰੀਰ ਦੇ ਦੂਜੇ ਅੰਗਾਂ ਵਾਂਗ ਉਮਰ ਦੇ ਅਸਰ ਨੂੰ ਕਬੂਲਦਾ ਹੈ। ਅਮਰੀਕੀ ਵਿਗਿਆਨੀਆਂ ਨੇ ਇੱਕ ਤਾਜ਼ਾ ਖੋਜ ਦੁਆਰਾ ਇਹ ਸਿੱਧ ਕੀਤਾ ਹੈ ਕਿ 40 ਵਰ੍ਹਿਆਂ ਦੀ ਉਮਰ ਤੋਂ ਬਾਅਦ ਯਾਦ-ਸ਼ਕਤੀ ਘਟਣ ਲਗਦੀ ਹੈ, ਜਦੋਂਕਿ ਤਣਾਉ ਵਧਦਾ ਜਾਂਦਾ ਹੈ। ਜਦੋਂ ਤਣਾਉ, ਚਿੰਤਾ ਤੇ ਉਦਾਸੀ ਆ ਘੇਰਦੀ ਹੈ ਤਾਂ ਯਾਦ-ਸ਼ਕਤੀ ਦਾ ਗ੍ਰਾਫ਼ ਨਿਵਾਣਾਂ ਵੱਲ ਜਾਣ ਲਗਦਾ ਹੈ ਕਿਉਂਕਿ ਅਜਿਹੀਆਂ ਪ੍ਰਸਥਿਤੀਆਂ ਵਿੱਚ ਕੋਰਟੀਸੋਲ ਨਾਮਕ ਹਾਰਮੋਨ ਦਾ ਰਸਾਉ ਵਧ ਜਾਂਦਾ ਹੈ,ਜੋ ਯਾਦਦਾਸ਼ਤ 'ਤੇ ਦੁਰਪ੍ਰਭਾਵ ਪਾਉਂਦਾ ਹੈ।

ਬੇਸ਼ੱਕ ਵਕਤ ਨੂੰ ਪੁੱਠਾ ਗੇੜਾ ਤਾਂ ਨਹੀਂ ਦਿੱਤਾ ਜਾ ਸਕਦਾ, ਪਰ ਹਾਂ! ਜੇ ਬੰਦਾ ਯਤਨ ਕਰੇ ਤਾਂ ਉਹ ਯਾਦ-ਸ਼ਕਤੀ ਦੇ ਪਤਨ ਦੀ ਰਫ਼ਤਾਰ ਨੂੰ ਮੱਠੀ ਜ਼ਰੂਰ ਕਰ ਸਕਦਾ ਹੈ। ਵੇਖਣ ਵਿੱਚ ਆਉਂਦਾ ਹੈ ਕਿ ਪਿਛਲੀ ਉਮਰੇ ਬਹੁਤੇ ਲੋਕੀਂ ਆਪਣੇ ਦਿਮਾਗ਼ ਦੀਆਂ ਲਗਪਗ ਸਾਰੀਆਂ ਯੋਗਤਾਵਾਂ ਨੂੰ ਅਚਨਚੇਤ ਹੀ ਚੁਣੌਤੀਆਂ ਦਾ ਮੁਕਾਬਲਾ ਕਰਨ ਤੋਂ ਮੁਕਤ ਕਰ ਦਿੰਦੇ ਹਨ। ਫ਼ਲਸਰੂਪ, ਦਿਮਾਗ਼ ਦੇ ਸੈੱਲਜ਼ ਅਪਵਿਕਸਤ (ਧਓਘਓਂਓ ੍ਰਅਠਓ) ਹੋਣ ਲੱਗਦੇ ਹਨ ਅਤੇ ਯਾਦ-ਸ਼ਕਤੀ ਘਟਣ ਲਗਦੀ ਹੈ। ਪ੍ਰਸਿੱਧ ਵਿਗਿਆਨੀ ਡਾ. ਬੀ. ਰਾਮਾਮੂਰਥੀ, ਪ੍ਰਧਾਨ, ਵਰਲਡ ਫੈਡਰੇਸ਼ਨ ਆਫ਼ ਨਿਊਰੋ-ਸਰਜਨਜ਼ ਦਾ ਕਹਿਣਾ ਹੈ ਕਿ ਢਲਦੀ ਉਮਰੇ ਯਾਦਦਾਸ਼ਤ ਨੂੰ ਕਾਇਮ ਰੱਖਣ ਲਈ ਇਹ ਜ਼ਰੂਰੀ ਬਣਦਾ ਹੈ ਕਿ ਬੰਦਾ ਆਪਣੇ-ਆਪ ਨੂੰ ਉਸਾਰੂ ਕੰਮਾਂ ਵਿੱਚ 'ਉਲਝਾਈ' ਰੱਖੇ ਅਤੇ ਬਾਹਰੀ ਚੁਣੌਤੀਆਂ ਦਾ ਡਟ ਕੇ ਸਾਹਮਣਾ ਕਰੇ।

ਪਿਛਲੀ ਉਮਰੇ ਜਿਸਮਾਨੀ ਕਸਰਤ ਦੀ ਘਾਟ ਵੀ ਯਾਦ-ਸ਼ਕਤੀ ਦੇ ਪਤਨ ਦਾ ਕਾਰਨ ਬਣ ਸਕਦੀ ਹੈ। 'ਵੈਸਟ ਆਸਟਰੇਲੀਅਨ ਸੈਂਟਰ ਫ਼ਾਰ ਹੈਲਥ ਐਂਡ ਏਜਿੰਗ' ਦੀ ਇੱਕ ਟੀਮ ਨੇ ਇਹ ਪਤਾ ਲਗਾਇਆ ਹੈ ਕਿ ਲਗਾਤਾਰ ਨਿਯਮਤ ਕਸਰਤ ਕਰਨ ਵਾਲਿਆਂ ਦੀ ਯਾਦ-ਸ਼ਕਤੀ ਹੋਰਨਾਂ ਲੋਕਾਂ ਦੀ ਤੁਲਨਾ ਵਿੱਚ ਚੰਗੀ ਰਹਿੰਦੀ ਹੈ। ਸੰਸਥਾ ਦੇ ਨਿਰਦੇਸ਼ਕ ਲਿਓਨ ਜ਼ਲੀਕਰ ਅਨੁਸਾਰ 50 ਦੀ ਉਮਰ ਪਾਰ ਕਰਨ ਤੋਂ ਬਾਅਦ ਰੋਜ਼ਾਨਾ 20 ਮਿੰਟ ਕਸਰਤ ਕਰਨ ਨਾਲ ਯਾਦਦਾਸ਼ਤ ਤੇਜ਼ ਬਣੀ ਰਹਿ ਸਕਦੀ ਹੈ; ਇਸ ਦੇ ਲਈ ਹਲਕੀ ਕਸਰਤ, ਜਿਵੇਂ ਤੁਰਨਾ ਹੀ ਕਾਫ਼ੀ ਹੈ।

ਜੇਕਰ ਦਿਮਾਗ਼ ਦੇ ਸੈੱਲਜ਼ (ਨਰਵਸ ਟਿਸ਼ੂ) ਨੂੰ ਪੂਰੀ ਮਾਤਰਾ ਵਿੱਚ ਖ਼ੁਰਾਕ ਤੇ ਆਕਸੀਜਨ ਮਿਲਦੀ ਰਹੇ ਤਾਂ ਯਾਦ-ਸ਼ਕਤੀ ਬਰਕਰਾਰ ਰਹਿੰਦੀ ਹੈ। ਕੈਂਬਰਿਜ ਯੂਨੀਵਰਸਿਟੀ ਦੇ ਖੋਜਾਰਥੀ ਉਕਤ ਤੱਥ ਦੀ ਪੁਸ਼ਟੀ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਤਸੱਲੀਬਖ਼ਸ਼ ਨਾਸ਼ਤਾ ਲੈਣ ਨਾਲ ਯਾਦ-ਸ਼ਕਤੀ ਕਾਇਮ ਰਹਿੰਦੀ ਹੈ, ਕਿਉਂਕਿ ਰੂਹ ਭਰ ਕੇ ਖਾਣਾ ਖਾਣ ਤੋਂ ਬਾਅਦ ਦਿਮਾਗ਼ 'ਚ ਸਿਰੋਟੋਨਿਨ ਨਾਮਕ ਹਾਰਮੋਨ ਦਾ ਪੱਧਰ ਵਧ ਜਾਂਦਾ ਹੈ, ਜੋ ਯਾਦ-ਸ਼ਕਤੀ ਵਿੱਚ ਵਾਧਾ ਕਰਦਾ ਹੈ ਅਤੇ ਹਿੰਸਕ ਜਾਂ ਉਲਾਰ ਵਰਤਾਰੇ ਨੂੰ ਵੀ ਠੱਲ੍ਹ ਪਾਉਂਦਾ ਹੈ। ...ਪਰ ਖਾਣ-ਪੀਣ ਦੇ ਮਾਮਲੇ ਵਿੱਚ ਸੰਜਮ ਬੜਾ ਜ਼ਰੂਰੀ ਹੈ ਕਿਉਂਕਿ ਮੋਟਾਪਾ ਯਾਦਦਾਸ਼ਤ ਦਾ ਪੱਕਾ ਦੁਸ਼ਮਣ ਹੈ।

ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਯਾਦਦਾਸ਼ਤ ਨੂੰ ਕਾਇਮ ਰੱਖਣ ਲਈ ਇੱਕ ਨਿਸ਼ਚਿਤ ਜੀਵਨ ਢੰਗ ਨੂੰ ਅਪਣਾਉਣ ਦੀ ਲੋੜ ਹੁੰਦੀ ਹੈ। ਇਸ ਲਈ ਜੇ ਬੰਦਾ ਸਿਦਕਦਿਲੀ ਨਾਲ ਯਤਨ ਕਰੇ ਤਾਂ ਉਹ ਆਪਣੀ ਯਾਦ-ਸ਼ਕਤੀ ਨੂੰ ਢਲਦੀ ਉਮਰ ਦੇ ਪਰਛਾਵਿਆਂ ਤੋਂ ਬਚਾਅ ਕੇ ਰੱਖ ਸਕਦਾ ਹੈ। -0-

ਸਾਡੀ ਖੇਤੀ

ਡਾ. ਰਣਜੀਤ ਸਿੰਘ

# ਹਾੜ੍ਹੀ ਰੁੱਤ ਦੇ ਪਿਆਜ਼ ਦੀ ਕਾਸ਼ਤ ਲਈ ਜ਼ਰੂਰੀ ਸਿਫ਼ਾਰਸ਼ਾਂ

**-ਹਰਦੀਪ ਸਿੰਘ (75080-18915)**
**ਬਾਗ਼ਬਾਨੀ ਵਿਕਾਸ ਅਫ਼ਸਰ, ਸੰਗਰੂਰ। ਕਮ-ਨੋਡਲ ਅਫ਼ਸਰ ਪਿਆਜ਼, ਪੰਜਾਬ।**

ਸਬਜ਼ੀਆਂ ਵਿੱਚ ਪਿਆਜ਼ ਦਾ ਇੱਕ ਅਹਿਮ ਸਥਾਨ ਹੈ। ਕੋਈ ਵੀ ਸਬਜ਼ੀ ਬਣਾਉਣੀ ਹੋਵੇ ਪੰਜਾਬ ਵਿੱਚ ਪਿਆਜ਼ ਦੀ ਵਰਤੋਂ ਬਹੁਤ ਜ਼ਰੂਰੀ ਮੰਨੀ ਜਾਦੀ ਹੈ ਕਿਉਂਕਿ ਇਹ ਸਿਹਤ ਲਈ ਜ਼ਰੂਰੀ ਤੱਤਾ ਦੇ ਨਾਲ ਨਾਲ ਸਬਜ਼ੀ ਦੇ ਸੁਆਦ ਵਿੱਚ ਵੀ ਵਾਧਾ ਕਰਦਾ ਹੈ। ਜੇਕਰ ਸਲਾਦ ਦੀ ਗੱਲ ਕਰੀਏ ਤਾ ਸਲਾਦ ਵੀ ਪਿਆਜ਼ ਬਿਨਾ ਅਧੂਰਾ ਕਿਹਾ ਜਾਦਾ ਹੈ। ਜਿਵੇਂ ਜਿਵੇਂ ਮਨੁੱਖ ਸਿਹਤ ਪ੍ਰਤੀ ਜਾਗਰੂਕ ਹੁੰਦਾ ਜਾ ਰਿਹਾ ਹੈ, ਉਵੇਂ ਹੀ ਹੋਰ ਸਬਜ਼ੀਆ ਦੇ ਨਾਲ ਨਾਲ ਪਿਆਜ਼ ਦੀ ਮੰਗ ਵਿੱਚ ਵੀ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ।

ਭਾਰਤ ਵਿੱਚ ਪਿਆਜ਼ ਦੀ ਖੇਤੀ ਮੁੱਖ ਤੌਰ 'ਤੇ ਮਹਾਰਾਸ਼ਟਰ ਅਤੇ ਕਰਨਾਟਕ ਰਾਜਾ ਵਿੱਚ ਕੀਤੀ ਜਾਦੀ ਹੈ। ਪੰਜਾਬ ਵਿੱਚ ਪਿਆਜ਼ ਦੀ ਖੇਤੀ ਲਗਪਗ 8200 ਹੈਕਟੇਅਰ ਰਕਬੇ ਵਿੱਚ ਕੀਤੀ ਜਾਂਦੀ ਹੈ। ਪਿਆਜ਼ ਦੀ ਖੇਤੀ ਕਰਨ ਲਈ ਪੰਜਾਬ ਦਾ ਪੌਣ ਪਾਣੀ ਅਤੇ ਮਿੱਟੀ ਬਹੁਤ ਅਨੁਕੂਲ ਹੈ। ਜੇਕਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੀਆ ਕਿਸਮਾਂ ਅਤੇ ਢੰਗ ਤਰੀਕਿਆ ਅਨੁਸਾਰ ਪਿਆਜ਼ ਦੀ ਖੇਤੀ ਕੀਤੀ ਜਾਵੇ ਤਾ ਇਸ ਤੋਂ ਮਿਆਰੀ ਉਪਜ ਅਤੇ ਵੱਧ ਝਾੜ ਲੈ ਕੇ ਕਿਸਾਨ ਆਪਣੀ ਆਮਦਨ ਵਿੱਚ ਵਾਧਾ ਕਰ ਸਕਦੇ ਹਨ।



**ਪਨੀਰੀ ਖੇਤ ਵਿੱਚ ਲਾਉਣ ਦਾ ਸਹੀ ਸਮਾਂ:** ਜਨਵਰੀ ਦਾ ਪਹਿਲਾ ਪੰਦਰਵਾੜਾ ਪਿਆਜ ਦੀ ਕਿਸਮਾ ਪੰਜਾਬ ਨਰੋਆ ਅਤੇ ਪੀ.ਆਰ.ਓ 6 ਲਈ ਬਹੁਤ ਢੁੱਕਵਾ ਹੈ। ਜਿੰਨ੍ਹਾ ਦਾ ਝਾੜ ਕ੍ਰਮਵਾਰ 150 ਕੁਇੰਟਲ ਅਤੇ 175 ਕੁਇੰਟਲ ਪ੍ਰਤੀ ਏਕੜ ਹੈ ਅਤੇ ਭੰਡਾਰਨ ਸਮਰੱਥਾ ਵੀ ਚੰਗੀ ਹੈ। ਠੰਢ ਨੂੰ ਸਹਿਣ ਕਰਨ ਦੀ ਸ਼ਕਤੀ ਵਧੇਰੇ ਹੋਣ ਕਰਕੇ ਇਹਨਾ ਕਿਸਮਾ ਵਿੱਚ ਨਿਸਰਨ ਦਾ ਖਤਰਾ ਬਹੁਤ ਹੀ ਘੱਟ ਹੁੰਦਾ ਹੈ। ਸਹੀ ਸਮੇਂ ਤੇ ਪਨੀਰੀ ਖੇਤ ਵਿੱਚ ਲਾ ਕੇ ਹੀ ਚੰਗਾ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ।

**ਫ਼ਾਸਲਾ:** ਚੰਗਾ ਝਾੜ ਲੈਣ ਲਈ ਕਤਾਰਾ ਵਿੱਚ 15 ਸੈਂਟੀਮੀਟਰ ਅਤੇ ਬੂਟਿਆ ਵਿਚਕਾਰ 7.5 ਸੈਂਟੀਮੀਟਰ ਦਾ ਫ਼ਾਸਲਾ ਰੱਖਣਾ ਚਾਹੀਦਾ ਹੈ।

**ਖਾਦਾਂ:** ਇੱਕ ਏਕੜ ਰਕਬੇ ਲਈ 20 ਟਨ ਗਲੀ-ਸੜੀ ਰੂੜੀ, 90 ਕਿਲੋ ਯੂਰੀਆ, 125 ਕਿਲੋ ਸੁਪਰਫਾਸਫੇਟ, 35 ਕਿਲੋ ਮਿਉਰੇਟ ਆਫ ਪੋਟਾਸ਼ ਦੀ ਲੋੜ ਹੈ। ਸਾਰੀ ਰੂੜੀ ਦੀ ਖਾਦ, ਸਾਰੀ ਫਾਸਫੋਰਸ ਅਤੇ ਪੋਟਾਸ਼ ਅਤੇ ਅੱਧੀ ਯੂਰੀਆ ਖਾਦ ਪਨੀਰੀ ਲਾਉਣ ਤੋਂ ਪਹਿਲਾ ਅਤੇ ਫਿਰ ਅੱਧੀ ਬਚਦੀ ਯੂਰੀਆ ਖਾਦ 4 ਤੋਂ 6 ਹਫ਼ਤਿਆ ਬਾਅਦ ਛੱਟਾ ਦੇ ਕੇ ਪਾ ਦਿਉ।

**ਨਦੀਨਾਂ ਦੀ ਰੋਕਥਾਮ:** ਨਦੀਨਾ ਦੀ ਰੋਕਥਾਮ ਲਈ ਨਦੀਨਨਾਸ਼ਕ ਦਵਾਈ ਸਟੌਂਪ 30 ਈ.ਸੀ. 750 ਮਿਲੀਲੀਟਰ 200 ਲੀਟਰ ਪਾਣੀ ਵਿੱਚ ਘੋਲ ਕੇ ਪਨੀਰੀ ਲਾਉਣ ਤੋਂ ਇੱਕ ਹਫ਼ਤੇ ਦੇ ਅੰਦਰ ਛਿੜਕੋ। ਜੇ ਲੋੜ ਪਵੇ ਤਾ ਪਨੀਰੀ ਲਾਉਣ ਤੋਂ 60 ਦਿਨਾ ਬਾਅਦ ਇੱਕ ਗੋਡੀ ਵੀ ਕਰੋ। ਇਸ ਤੋਂ ਇਲਾਵਾ ਗੋਲ 23.5 ਈ.ਸੀ (ਆਕਸੀ ਕਲੋਰੋਫੈਨ) 380 ਮਿਲੀਲੀਟਰ ਪ੍ਰਤੀ ਏਕੜ 200 ਲੀਟਰ ਪਾਣੀ ਵਿੱਚ ਘੋਲ ਕੇ ਪਨੀਰੀ ਖੇਤ ਵਿੱਚ ਲਾਉਣ ਤੋਂ ਇੱਕ ਹਫ਼ਤੇ ਅੰਦਰ ਸਪਰੇਅ ਕਰਨ ਅਤੇ 90-100 ਦਿਨਾਂ ਬਾਅਦ ਇੱਕ ਗੋਡੀ ਕਰਨ ਨਾਲ ਵੀ ਨਦੀਨਾ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

**ਪੌਦ ਸੁਰੱਖਿਆ: (ੳ) ਕੀੜੇ**

**ਥਰਿੱਪ (ਜੂੰ):** ਪਿਆਜ਼ ਦਾ ਇਹ ਪੀਲੇ ਰੰਗ ਦਾ ਛੋਟਾ ਕੀੜਾ ਫਰਵਰੀ ਤੋਂ ਮਈ ਦੇ ਦੌਰਾਨ ਭੂਕਾ ਦਾ ਰਸ ਚੂਸਦਾ ਹੈ ਅਤੇ ਚਿੱਟੇ ਦਾਗ਼ ਪੈਦਾ ਕਰਦਾ ਹੈ। ਇਨ੍ਹਾ ਦੀ ਰੋਕਥਾਮ ਲਈ ਜਿਉਂ ਹੀ ਇਹ ਕੀੜੇ ਨਜ਼ਰ ਆਉਣ, 250 ਮਿਲੀਲੀਟਰ ਮੈਲਾਥੀਆਨ 50 ਈ.ਸੀ 80 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਗੰਢੇ ਪੁੱਟਣ ਤੋਂ 7 ਦਿਨ ਦੇ ਅੰਦਰ ਜ਼ਹਿਰ ਨਾ ਛਿੜਕੋ।

**(ਅ) ਬਿਮਾਰੀਆ**

**1. ਜਾਮਨੀ ਦਾਗ਼ ਪੈਣਾ:** ਪੱਤਿਆ ਅਤੇ ਫੁੱਲਾਂ ਵਾਲੀ ਨਾੜ ਉੱਪਰ ਜਾਮਨੀ ਰੰਗ ਦੇ ਦਾਗ਼ ਪੈ ਜਾਂਦੇ ਹਨ। ਇਸ ਦਾ ਅਸਰ ਗੰਢਿਆ ਅਤੇ ਬੀਜਾਂ ਉੱਪਰ ਵੀ ਪੈਂਦਾ ਹੈ। ਇਸ ਦੀ ਰੋਕਥਾਮ ਲਈ ਬੀਜ ਨੂੰ ਬਿਜਾਈ ਤੋਂ ਪਹਿਲਾ 3 ਗ੍ਰਾਮ ਥੀਰਮ ਜਾ ਕੈਪਟਾਨ ਦਵਾਈ ਇੱਕ ਕਿਲੋ ਬੀਜ ਨਾਲ ਸੋਧ ਕਰ ਲਵੋ। ਫ਼ਸਲ ਉੱਪਰ ਪ੍ਰਤੀ ਏਕੜ 600 ਗ੍ਰਾਮ ਇੰਡੋਫਿਲ ਐਮ-45 ਅਤੇ 220 ਮਿਲੀਲੀਟਰ ਟਰਾਈਟੋਨ ਜਾ ਅਲਸੀ ਦਾ ਤੇਲ 200 ਲੀਟਰ ਪਾਣੀ ਵਿੱਚ ਘੋਲ ਕੇ ਬਿਮਾਰੀ ਦੀਆ ਨਿਸ਼ਾਨੀਆ ਦਿਸਣ ਉੱਤੇ ਛਿੜਕਅ ਕਰੋ। ਇਸ ਤੋਂ ਪਿੱਛੋਂ 10 ਦਿਨ ਦੇ ਵਕਫ਼ੇ ਉੱਤੇ ਤਿੰਨ ਛਿੜਕਾਅ ਹੋਰ ਕਰੋ।

**2. ਪੀਲੇ ਧੱਬੇ:** ਬੀਜ ਵਾਲੀਆ ਡੰਡੀਆ ਉੱਪਰ ਤਕਰੀਬਨ ਗੋਲ ਧੱਬੇ ਪੈ ਜਾਦੇ ਹਨ ਜਿਨ੍ਹਾ ਉੱਪਰ ਜਾਮਨੀ ਉੱਲੀ ਪੈਦਾ ਹੋ ਜਾਦੀ ਹੈ ਜਿਹੜੀ ਕਿ ਬਾਅਦ ਵਿੱਚ ਭੂਰੀ ਦਿਸਣ ਲੱਗ ਪੈਂਦੀ ਹੈ। ਫ਼ਸਲ ਝੁਲਸੀ ਲਗਦੀ ਹੈ ਅਤੇ ਡੰਡੀਆ ਟੁੱਟ ਜਾਦੀਆ ਹਨ। ਇਸ ਦੇ ਇਲਾਜ ਲਈ ਜਾਮਨੀ ਦਾਗ਼ ਦੀ ਰੋਕਥਾਮ ਵਾਲੀਆ ਦਵਾਈਆਂ ਹੀ ਵਰਤੋ।

**ਪਾਣੀ ਲਾਉਣਾ:** ਪਨੀਰੀ ਲਾਉਣ ਤੋਂ ਤੁਰੰਤ ਬਾਅਦ ਪਾਣੀ ਦਿਉ ਤਾਂ ਜੋ ਬੂਟਿਆ ਦੀਆ ਜੜ੍ਹਾ ਜ਼ਮੀਨ ਪਕੜ ਲੈਣ। ਫਿਰ 7-10 ਦਿਨ ਦੇ ਵਕਫ਼ੇ ਤੇ ਪਾਣੀ ਲਾਉਂਦੇ ਰਹੋ। ਪੁਟਾਈ ਤੋਂ ਘੱਟੋ ਘੱਟ 15 ਦਿਨ ਪਹਿਲਾ ਪਾਣੀ ਦੇਣਾ ਬੰਦ ਕਰ ਦਿਉ ਤਾ ਜੋ ਪਿਆਜ਼ ਲੰਮੇ ਸਮੇਂ ਲਈ ਭੰਡਾਰ ਕੀਤਾ ਜਾ ਸਕੇ। ਕੁੱਲ 10-15 ਪਾਣੀ ਲਾਉਣ ਦੀ ਲੋੜ ਪੈਂਦੀ ਹੈ।

**ਪਿਆਜ਼ ਪਕਾਉਣਾ ਤੇ ਭੰਡਾਰ ਕਰਨਾ:** ਭੂਕਾਂ ਸੁੱਕ ਕੇ ਡਿੱਗਣ ਉੱਤੇ ਪਿਆਜ਼ ਦੀ ਪੁਟਾਈ ਕਰਨ ਤੋਂ ਬਾਅਦ 3-4 ਦਿਨ ਤਕ ਛਾਂ ਵਿੱਚ ਪਤਲੀਆਂ ਤਹਿਆਂ ਵਿੱਚ ਖਿਲਾਰ ਕੇ ਪਿਆਜ਼ ਨੂੰ ਪੱਕਣ ਦੇਵੋ। ਫਿਰ 1-2 ਸੇਂਟੀਮੀਟਰ ਭੂਕਾਂ ਰੱਖ ਕੇ ਕੱਟ ਦਿਉ। ਭੰਡਾਰ ਵਿੱਚ ਹਰ 15 ਦਿਨ ਬਾਅਦ ਪਿਆਜ਼ਾਂ ਨੂੰ ਹਿਲਾਉਂਦੇ ਰਹੋ ਅਤੇ ਇਸ ਵਿੱਚੋਂ ਕੱਟੇ ਹੋਏ ਅਤੇ ਗਲੇ ਹੋਏ ਪਿਆਜ਼ਾਂ ਦੀ ਛਾਂਟੀ ਕਰਦੇ ਰਹੋ। ਸਾਫ਼ ਸੁਥਰੇ ਪਿਆਜ਼ ਦੀ ਕੀਮਤ ਬਾਜ਼ਾਰ ਵਿੱਚ ਚੰਗੀ ਮਿਲਦੀ ਹੈ।

-0-

# ਗੁਰਮਤਿ ਸੰਜੋਗ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

**ਜਿਨ੍ਹਾਂ ਇਸ਼ਤਿਹਾਰਦਾਤਾਵਾਂ ਦੇ ਰਿਸ਼ਤੇ ਹੋ ਗਏ ਹਨ, ਕ੍ਰਿਪਾ ਕਰਕੇ ਫੋਨ ਨੰਬਰ 97819-90206 'ਤੇ ਸੰਪਰਕ ਕਰਕੇ ਜ਼ਰੂਰ ਦੱਸੋ ਜੀ, ਤਾਂ ਜੋ ਕਿਸੇ ਹੋਰ ਲੋੜਵੰਦ ਦਾ ਇਸ਼ਤਿਹਾਰ ਲਗਾਉਣ ਲਈ ਜਗ੍ਹਾ ਮਿਲ ਸਕੇ।**

## ਲਾੜੀ ਦੀ ਲੋੜ

**ਫਾਰਮ ਨੰ. 356:** ਦਿੱਲੀ ਵਾਸੀ, ਜਨਮ ਮਿਤੀ 02-03-1992, ਕੱਦ 5'-6", 10+2, Own Restaurant & One Shop Rented in Janakpuri ਲਈ ਯੋਗ ਲੜਕੀ ਦੀ ਲੋੜ ਹੈ- ਸੰਪਰਕ 99147-92225, 98114-49930

**ਫਾਰਮ ਨੰ. 358:** ਲੰਡਨ ਵਾਸੀ, ਗੁਰਸਿੱਖ, ਜਨਮ 1989, ਕੱਦ 6'-1", M.Sc. (Computer) working as a Network Eng. ਲਈ ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ 0044-7904050832

**ਫਾਰਮ ਨੰ. 360:** ਲੁਧਿਆਣਾ ਵਾਸੀ, ਜਨਮ 17-10-1994, ਕੱਦ 5'-11", B. Tech. (ਬਿਜਲੀ ਬੋਰਡ ਵਿਚ JE) ਲਈ ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 85688-22417, 84377-04610

**ਫਾਰਮ ਨੰ. 363:** ਲੁਧਿਆਣਾ ਵਾਸੀ, ਜਨਮ 28-09-1991, ਕੱਦ 5'-7", +2, One year diploma in Manifold, Manifold Operator in Mediway Hospital ਲਈ ਦਾਜ ਰਹਿਤ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98882-91607

**ਫਾਰਮ ਨੰ. 365:** ਲੁਧਿਆਣਾ ਵਾਸੀ, ਜਨਮ 22-01-1991, ਕੱਦ 5'-8", B.A. ਆਪਣਾ ਕਾਰੋਬਾਰ ਲਈ ਘਰੇਲੂ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 92171-13272, 99883-34032

**ਫਾਰਮ ਨੰ. 366:** ਲੁਧਿਆਣਾ ਵਾਸੀ, ਜਨਮ 1991, ਕੱਦ, 5'-9", B.Tech (Mechanical Engg.) ਆਪਣਾ ਕਾਰੋਬਾਰ (ਹਾਰਡਵੇਅਰ) ਲਈ ਪੜ੍ਹੀ-ਲਿਖੀ, ਗੁਰਸਿੱਖ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 94173-86867

**ਫਾਰਮ ਨੰ. 367:** ਲੁਧਿਆਣਾ ਵਾਸੀ, ਜਨਮ ਮਿਤੀ 10-08-1984, ਕੱਦ, 5'-8", 10+2 (Non Medical), Marketing Job in Jivo Canola Oil, ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98723-30471, 83608-14845

**ਫਾਰਮ ਨੰ. 368:** ਲੁਧਿਆਣਾ ਵਾਸੀ, ਅਰੋੜਾ ਸਿੱਖ, ਜਨਮ ਮਿਤੀ 07-09-1992, ਕੱਦ, 5'-11", (Well Established Chartered Accountant ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਅਤੇ ਸੁਘੜ (ਦਾਜ ਰਹਿਤ) ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ। ਸੰਪਰਕ: 98151-22379, 95010-19163

**ਫਾਰਮ ਨੰ. 369:** ਕੈਨੇਡਾ ਵਿਚ ਪੜ੍ਹਾਈ ਪੂਰੀ ਕਰ ਚੁੱਕੇ ਲੁਧਿਆਣਾ ਵਾਸੀ, ਗੁਰਸਿੱਖ ਅੰਮ੍ਰਿਤਧਾਰੀ, ਜਨਮ ਮਿਤੀ 4-7-1995, ਕੱਦ 5'-8" B.C.A, MBA, ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 98150-80530

**ਫਾਰਮ ਨੰ. 370:** ਲੁਧਿਆਣਾ ਵਾਸੀ, ਜਨਮ ਮਿਤੀ 10-10-92, ਕੱਦ 5'-4" ਮੈਟ੍ਰਿਕ ਪਾਸ, ਪ੍ਰਾਈਵੇਟ ਜੋਬ 18000/-, ਆਪਣਾ ਮਕਾਨ ਲਈ ਲੜਕੀ ਦੀ ਲੋੜ ਹੈ। ਸੰਪਰਕ: 9988331841, 98884-40967

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 382:** ਲੁਧਿਆਣਾ ਵਾਸੀ, ਜਨਮ ਮਿਤੀ 1-10-1994, ਕੱਦ 6'-1", M.Tech IIT Kanpur, Service in MNC at Banglore, Earning Twenty Seven Lakh PA, ਲਈ Well Qualified, Tall, Slim, Working Girl ਦੀ ਲੋੜ ਹੈ। ਸੰਪਰਕ: 99142-47653

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659 -0-

## ਲਾੜੇ ਦੀ ਲੋੜ

**ਫਾਰਮ ਨੰ. 344:** ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 374:** ਪੀਲੀਭੀਤ ਵਾਸੀ, ਅੰਮ੍ਰਿਤਧਾਰੀ, ਜਨਮ ਮਿਤੀ 16-06-1997, M.A., B.ed. ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 94128-69007, 80062-35004

# ਦਸੰਬਰ ਮਹੀਨੇ ਦੀਆਂ ਸਰਗਰਮੀਆਂ

**ਮਾਝਾ**

**1. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 7 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਪਿੰਡ ਸੁਰ ਸਿੰਘ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਵਿਖੇ ਹਰ ਰੋਜ਼ ਗੁਰਬਾਣੀ ਸੰਥਿਆ ਕਰਵਾਈ ਜਾਂਦੀ ਹੈ। ਗੁਰਮਤਿ ਪ੍ਰਚਾਰ ਕੇਂਦਰ ਵਲੋਂ ਪਿੰਡ ਸੁਰ ਸਿੰਘ ਵਿਖੇ ਬੱਚਿਆਂ ਦੀ ਕੀਰਤਨ ਕਲਾਸ ਲੱਗ ਰਹੀ ਹੈ, ਜਿਸ ਵਿੱਚ ਬੱਚੇ ਕੀਰਤਨ ਦੀ ਸਿੱਖਿਆ ਲੈ ਰਹੇ ਹਨ।

**ਮਾਲਵਾ:-**

**2. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਜੀ ਤੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਹਾਈ ਸਕੂਲ ਰੰਗੂਵਾਲ, ਮਿਡਲ ਸਕੂਲ ਲਤਾਲਾ ਵਿਖੇ ਵਿਦਿਆਰਥੀਆਂ ਨਾਲ ਇਤਿਹਾਸਕ ਵਿਚਾਰ ਸਾਂਝੇ ਕੀਤੇ ਗਏ। 3 ਰੋਜਾ ਗੁਰਮਤਿ ਸੈਮੀਨਾਰ ਗੁਰੂ ਨਾਨਕ ਪਬਲਿਕ ਸਕੂਲ ਬੱਸੀਆਂ (ਰਾਏਕੋਟ) ਵਿਖੇ ਲਗਾਇਆ ਗਿਆ, ਜਿਸ ਵਿਚ ਪਹਿਲੇ 2 ਦਿਨ ਰੁਪਿੰਦਰ ਸਿੰਘ ਵਲੋਂ ਇਤਿਹਾਸ ਦੀ ਵਿਚਾਰ ਕੀਤੀ ਗਈ। ਅਖੀਰਲੇ ਦਿਨ ਕਾਲਜ ਤੋਂ ਬੀਬੀ ਕੰਵਲਜੀਤ ਕੌਰ ਜੀ ਨੇ ਵਿਦਿਆਰਥੀਆਂ, ਅਧਿਆਪਕਾਂ ਨਾਲ ਵਿਚਾਰ ਸਾਂਝੇ ਕੀਤੇ, ਸਕੂਲ ਮੈਨੇਜਮੈਂਟ ਵਲੋਂ ਟੀਮ ਨੂੰ ਸਨਮਾਨਤ ਕੀਤਾ ਗਿਆ। ਸ਼ਹੀਦੀ ਹਫਤੇ ਦੇ ਸੰਬੰਧ ਵਿੱਚ ਪਿੰਡ ਕਾਲਖ ਵਿਖੇ ਦਸਤਾਰ, ਗੁਰਬਾਣੀ ਕੰਠ ਅਤੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ। ਜੇਤੂ ਬੱਚਿਆਂ ਤੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ। ਸ਼ਾਮ ਦੇ ਦੀਵਾਨਾਂ ਸਮੇਂ ਲਾਇਬ੍ਰੇਰੀ ਕਾਲਖ ਵਲੋਂ ਕਿਤਾਬਾਂ ਦੀ ਸਟਾਲ ਲਗਾਈ ਗਈ। ਪਿੰਡ ਅੱਚਰਵਾਲ (ਰਾਏਕੋਟ) ਵਿਖੇ ਚਾਰ ਸਾਹਿਬਜ਼ਾਦੇ ਫਿਲਮ ਦਿਖਾਈ ਗਈ। ਵੀਰ ਅਮਰਪ੍ਰੀਤ ਸਿੰਘ ਗੁੱਜਰਵਾਲ ਨੇ ਲੈਕਚਰ ਦੁਆਰਾ ਸਾਂਝ ਪਾਈ।

**3. ਰਤਨਗੜ੍ਹ ਸਿੰਧੜਾ (84370-63450)-** ਕੇਂਦਰ ਦੇ ਪ੍ਰਚਾਰਕ ਭਾਈ ਸੁਖਚੈਨ ਸਿੰਘ ਵੱਲੋਂ ਕੇਂਦਰ ਦੇ 4 ਪਿੰਡਾਂ ਵਿਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ। ਪਿੰਡ ਗੱਗੜਪੁਰ (ਸੰਗਰੂਰ) ਇੰਟਰਨੈਸ਼ਨਲ ਪ੍ਰਚਾਰ ਸਭਾ ਵਲੋਂ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਲਸਾਨੀ ਸ਼ਹਾਦਤ ਨੂੰ ਸਮਰਪਿਤ 3 ਰੋਜ਼ਾ ਗੁਰਮਤਿ ਕੈਂਪ ਲਗਾਇਆ ਗਿਆ। ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਲਸਾਨੀ ਸ਼ਹਾਦਤ ਨੂੰ ਸਮਰਪਿਤ 3 ਸਕੂਲਾਂ ਵਿਚ ਸੈਮੀਨਾਰ ਕੀਤਾ ਗਿਆ, ਜਿਸ ਵਿਚ 44 ਬੱਚਿਆਂ ਨੇ ਹਿੱਸਾ ਲਿਆ।

**4. ਘਨੌਲੀ (86998-99996)-** ਪ੍ਰਚਾਰਕ ਭਾਈ ਅਜੀਤ ਸਿੰਘ ਵਲੋਂ 20 ਪਿੰਡਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ।

**5. ਕੁੱਬਾ (98151-07941)-** ਕੇਂਦਰ ਦੇ ਪ੍ਰਚਾਰਕ ਭਾਈ ਸਤਨਾਮ ਸਿੰਘ ਵਲੋਂ 4 ਪਿੰਡਾਂ ਵਿਚ ਅਤੇ 4 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਅਤੇ ਸੰਗਤ ਨੂੰ ਗੁਰਬਾਣੀ ਸੰਥਿਆ ਅਤੇ ਸਿੱਖ ਇਤਿਹਾਸ ਨਾਲ ਜੋੜਿਆ ਜਾਂਦਾ ਹੈ। ਗੁਰਦੁਆਰਾ ਸਾਹਿਬ ਵਿਖੇ ਸਵੇਰੇ ਕਥਾ ਅਤੇ ਸ਼ਾਮ ਨੂੰ ਨਿਤਨੇਮ ਦੀ ਸੇਵਾ ਕੀਤੀ ਜਾਂਦੀ ਹੈ। 16 ਦਸੰਬਰ ਨੂੰ ਭਾਈ ਸੁਰਜੀਤ ਸਿੰਘ (ਪ੍ਰਿਥੀਪੁਰ) ਗ੍ਰਹਿ ਵਿਖੇ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ। 19 ਦਸੰਬਰ ਨੂੰ ਸੀਨੀਅਰ ਸੈਕੰਡਰੀ ਸਕੂਲ ਕੁੱਬੇ ਵਿਖੇ ਸਵੇਰੇ, ਦੁਪਹਿਰੇ ਸ: ਹਾਈ ਸਕੂਲ (ਪਵਾਤ), 18 ਦਸੰਬਰ ਨੂੰ ਪਿੰਡ ਉਪਲਾ, 20 ਦਸੰਬਰ ਨੂੰ ਸਰਕਾਰੀ ਹਾਈ ਸਕੂਲ (ਲੱਲ ਕਲਾਂ), 22 ਦਸੰਬਰ ਨੂੰ ਓਰੀਐਂਟ ਪਬਲਿਕ ਸਕੂਲ ਸਮੁੰਦੜਾ ਵਿਖੇ ਸਫਰ-ਏ ਸ਼ਹਾਦਤ ਸੈਮੀਨਾਰ ਕੀਤੇ ਗਏ। 4 ਸਕੂਲਾਂ ਵਿਚ ਚਾਰ ਸਾਹਿਬਜ਼ਾਦੇ ਧਾਰਮਿਕ ਫਿਲਮ ਦਿਖਾਈ ਗਈ ਅਤੇ ਸੰਗਤਾਂ ਨਾਲ ਵੀਚਾਰਾਂ ਕੀਤੀਆਂ ਗਈਆਂ। 23 ਦਸੰਬਰ ਨੂੰ ਡੀ.ਏ.ਵੀ. ਕਾਲਜ (ਗੜ੍ਹਸ਼ੰਕਰ) ਵਿਖੇ ਸਫਰ-ਏ-ਸ਼ਹਾਦਤ ਨੂੰ ਸਮਰਪਿਤ ਸਵਾਲ-ਜਵਾਬ ਮੁਕਾਬਲੇ ਕਰਵਾਏ ਗਏ। 26 ਦਸੰਬਰ ਨੂੰ ਗੁਰਦੁਆਰਾ ਸਾਹਿਬ ਚਰਨ ਕੰਵਲ (ਮਾਛੀਵਾੜਾ ਸਾਹਿਬ) ਅੰਮਿਰਤ ਵੇਲੇ ਦੀਵਾਨਾਂ 'ਚ ਹਾਜਰੀ ਭਰ ਕੇ ਸੰਗਤਾਂ ਨਾਲ ਕਥਾ ਵਿਚਾਰਾਂ ਕੀਤੀਆਂ ਗਈਆਂ। 9 ਵਿਦਿਆਰਥੀ ਐਲੀਮੈਂਟਰੀ ਕੋਰਸ ਕਰ ਰਹੇ ਹਨ ਅਤੇ 6 ਬੱਚੇ ਸਹਿਜ ਪਾਠ ਕਰ ਰਹੇ ਹਨ

**6. ਗੁੱਜਰਵਾਲ (94655-66666)-** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ ਵੱਖ-ਵੱਖ ਸਕੂਲਾਂ-ਕਾਲਜਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿਚ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜਿਆ ਜਾਂਦਾ ਹੈ। 2 ਪਿੰਡਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵੀਚਾਰਾਂ ਕੀਤੀਆਂ ਗਈਆਂ। 5 ਪਿੰਡਾਂ ਵਿਚ ਦਸਤਾਰ ਸਿਖਲਾਈ ਕੈਂਪ ਅਤੇ ਗੁਰਮਤਿ ਸਿਖਿਆ ਕੈਂਪ ਲਗਾਏ ਗਏ। 2 ਪਿੰਡਾਂ ਵਿਚ ਧਾਰਮਿਕ ਫਿਲਮ ਦਿਖਾਈ ਗਈ ਅਤੇ ਸੰਗਤ ਨਾਲ ਵੀਚਾਰਾਂ ਦੀ ਸ਼ਾਂਝ ਪਾਈ ਗਈ। 25 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 5 ਬੱਚਿਆਂ ਨੇ ਸਹਿਜ ਪਾਠ ਦੀ ਆਰੰਭਤਾ ਕੀਤੀ ਹੈ।

**7. ਬੀਲਾ (98720-92062)-** ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਹਰ ਰੋਜ਼ ਗੁਰਦੁਆਰਾ ਪਾਤਸ਼ਾਹੀ ਦੱਸਵੀਂ ਬੀਲਾ (ਲੁਧਿਆਣਾ) ਵਿਖੇ ਹਰ ਰੋਜ਼ ਸਵੇਰੇ ਸ਼ਾਮ ਨਿਤਨੇਮ ਕੀਤਾ ਜਾਂਦਾ ਹੈ। ਸਵੇਰੇ ਕਥਾ ਕੀਤੀ ਜਾਂਦੀ ਹੈ। 2 ਬੱਚੇ ਸਹਿਜ ਪਾਠ ਕਰ ਰਹੇ ਹਨ।

**8. ਚੁੱਪ ਕੀਤੀ (98777-94586)-** ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 4 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ। ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਸ਼ਹਾਦਤ ਨੂੰ ਸਮਰਪਿਤ ਸੰਗਤ ਨਾਲ ਕਥਾ-ਵੀਚਾਰਾਂ ਦੀ ਸਾਂਝ ਪਾਈ ਗਈ।

**ਦੁਆਬਾ**

**9. ਅੱਪਰਾ (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਅਤੇ ਗੁਰਵਿੰਦਰ ਸਿੰਘ ਵੱਲੋਂ ਹਰ ਹਫਤੇ ਬੱਚਿਆਂ ਦੀਆਂ ਗੁਰਮਤਿ/ਨੈਤਿਕ ਸਿਖਿਆ ਅਤੇ ਗੁਰਬਾਣੀ ਕੀਰਤਨ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਵੱਡੀ ਸੰਗਤ ਦੀਆਂ ਆਨਲਾਈਨ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਪਿੰਡ ਮੌਰੋ ਵਿਖੇ ਸੰਗਤ ਨਾਲ ਇਤਿਹਾਸਕ ਵਿਚਾਰਾਂ ਕੀਤੀਆਂ ਗਈਆਂ।

**10. ਭੋਗਪੁਰ (99148-38148)-** ਪ੍ਰਚਾਰਕ ਭਾਈ ਸੁਖਦੀਪ ਸਿੰਘ ਵਲੋਂ ਵੱਖ-ਵੱਖ ਪਿੰਡਾਂ ਵਿੱਚ ਕਲਾਸਾਂ ਲਗਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਬੱਚਿਆਂ ਨੂੰ ਵਿਸਥਾਰਪੂਰਕ ਦਸਿਆਂ ਗਿਆ ਅਤੇ ਪਿੰਡ ਜੋੜਾਂ, ਮਾਣਕਢੇਰੀ, ਡੱਲੀ ਆਦਿ ਪਿੰਡਾਂ ਵਿਚ ਕਥਾ ਵੀਚਾਰ ਕੀਤੀ ਗਈ। ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਬਾਰੇ ਪਿੰਡ ਮੁਰਾਦਪੁਰ ਵਿਖੇ ਸਮਾਗਮ ਵਿਚ ਸਮਰਪਿਤ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵੀਚਾਰਾਂ ਕੀਤੀਆਂ ਗਈਆਂ।

**11. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਇੱਕ ਸਕੂਲ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸੇਧ ਦੇ ਰਹੇ ਹਨ। ਕੇਂਦਰ ਵਿਖੇ ਗੁਰਮਤਿ ਕਲਾਸਾਂ ਦੇ ਨਾਲ-ਨਾਲ ਹਰ ਰੋਜ਼ ਗੁਰਬਾਣੀ ਕੀਰਤਨ ਅਤੇ ਗਤਕੇ ਦੀਆਂ ਕਲਾਸਾਂ ਵੀ ਲਗਾਈਆਂ ਜਾਂਦੀਆਂ ਹਨ। 17 ਦਸੰਬਰ ਨੂੰ ਗੁਰੂ ਤੇਗ ਬਹਾਦਰ ਜੀ ਦੇ

ਸ਼ਹੀਦੀ ਨੂੰ ਸਮਰਪਿਤ ਪਿੰਡ ਚੱਕ ਕਲਾਂ ਅਤੇ ਪਿੰਡ ਸਰੀਹ ਵਿਖੇ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਗਈ। ਚਾਰ ਸਾਹਿਬਜਾਦਿਆਂ ਅਤੇ ਮਾਤਾ ਗੁਜਰ ਕੌਰ ਦੀ ਸ਼ਹੀਦੀ ਨੂੰ ਸਮਰਪਿਤ ਕੇਂਦਰ ਦੇ 3 ਗੁਰਦੁਆਰਿਆਂ ਵਿਚ ਹਫਤਾਵਾਰੀ ਗੁਰਮਤਿ ਸਮਾਗਮ ਉਲੀਕੇ ਗਏ, ਜਿਸ ਵਿਚ ਬੱਚਿਆਂ ਵਲੋਂ ਕੀਰਤਨ ਤੇ ਕਵਿਤਾ ਅਤੇ ਕਵੀਸ਼ਰੀ ਦੀ ਸਾਂਝ ਪਾਈ ਗਈ। 25 ਦਸੰਬਰ ਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਕੇਂਦਰ ਵਿਖੇ 11 ਸਹਿਜ ਪਾਠਾਂ ਦੀ ਸਮਾਪਤੀ ਕੀਤੀ ਗਈ ਅਤੇ ਨਾਲ ਹੀ 11 ਸਹਿਜ ਪਾਠ ਆਰੰਭ ਕੀਤੇ ਗਏ। 28 ਦਸੰਬਰ ਨੂੰ ਪਿੰਡ ਹੇਰਾਂ ਵਿਖੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਵਿਚ ਕਥਾ ਵੀਚਾਰ ਕੀਤੀ ਗਈ।

**ਪੰਜਾਬ ਤੋਂ ਬਾਹਰ ਦੇ ਕੇਂਦਰ–**

**12. ਸਿੰਬਲ ਕੈਂਪ (ਜੰਮੂ) (90865–31984)–**ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਗੁਰਦੁਆਰਾ ਸਾਹਿਬ ਟਾਹਲੀ ਮੋੜ, ਗੁਰਦੁਆਰਾ ਮੁਰਾਲੀਆਂ ਮੀਰਾਂ ਸਾਹਿਬ ਅਤੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਖੋੜ ਭਊਆਂ ਵਿਖੇ ਬੱਚਿਆਂ ਦੀਆਂ ਕਲਾਸਾਂ ਲਗਾ ਕੇ ਉਹਨਾਂ ਨੂੰ ਗੁਰਬਾਣੀ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। ਗੁਰਦੁਆਰਾ ਫਿੰਦੜ ਆਰ. ਐਸ.ਪੁਰਾ ਵਿਖੇ ਸ਼ਾਮ ਨੂੰ ਬੱਚਿਆਂ ਦੀ ਸਭਾ ਲਗਾਈ ਜਾਂਦੀ ਹੈ। ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਖੋੜ ਭਊਆਂ ਆਰ. ਐਸ.ਪੁਰਾ ਵਿਖੇ ਵੱਡਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ।

**13. ਜਰਮਨ (00491631892161)–** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲਸਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**14. ਗਾਂਧੀਧਾਮ (ਗੁਜਰਾਤ) (98057–08111)–** ਪ੍ਰਚਾਰਕ ਭਾਈ ਜਸਪ੍ਰੀਤ ਸਿੰਘ ਵਲੋਂ ਗੁਜਰਾਤ ਵਿੱਚ ਕੱਛ ਜਿਲ੍ਹੇ ਦੇ ਗਾਂਧੀਧਾਮ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਿੰਘ ਸਭਾ ਦੇ ਸਹਿਯੋਗ ਨਾਲ ਗੁਰਮਤਿ ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿਸ ਵਿੱਚ ਬੱਚੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਪ੍ਰਾਪਤ ਕਰਦੇ ਹਨ।

**15. ਹਾਂਗਕਾਂਗ (97810–49449)–** ਪ੍ਰਚਾਰਕ ਭਾਈ ਕਰਨਬੀਰ ਸਿੰਘ ਖਾਲਸਾ ਵਲੋਂ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਾਂਗਕਾਂਗ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ ਅਤੇ ਗੁਰਮਤਿ ਕਲਾਸਾਂ ਲਗਾ ਕੇ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ ਜਾ ਰਿਹਾ ਹੈ। ਦਸਤਾਰ ਸਿਖਲਾਈ ਕੈਂਪ ਲਗਾ ਕੇ ਦਸਤਾਰ ਅਤੇ ਦੁਮਾਲਾ ਬੰਨ੍ਹਣ ਦੀ ਜਾਚ ਸਿਖਾਈ ਜਾਂਦੀ ਹੈ।

**16. ਬੜਾ ਗੁੜਾ (ਸਿਰਸਾ) (63981–69412)–** ਪ੍ਰਚਾਰਕ ਭਾਈ ਯੁਵਰਾਜ ਸਿੰਘ ਵਲੋਂ ਪਿੰਡ ਬੜਾ ਗੁੜਾ ਦੇ ਗੁਰਦੁਆਰਾ ਭੱਠਾ ਸਾਹਿਬ ਵਿਖੇ ਹਰ ਰੋਜ਼ ਸਵੇਰੇ ਲੜੀਵਾਰ ਕਥਾ-ਵੀਚਾਰ ਕੀਤੀ ਜਾਂਦੀ ਹੈ। ਕੇਂਦਰ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ।

**17. ਇੰਫਾਲ (ਮਨੀਪੁਰ):–** ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾ ਰਹੀ ਹੈ।

**18. ਜਮਸ਼ੇਦਪੁਰ (ਟਾਟਾ ਨਗਰ)–** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ। -0-

**ਸਫਾ 13 ਦਾ ਬਾਕੀ**

**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥ (1293)**

ਆਪਣੇ ਉਦੇਸ਼ ਦੀ ਪੂਰਤੀ ਲਈ ਪ੍ਰੇਮ-ਪਿਆਰ ਦੀ ਜੁਗਤ ਨੂੰ ਵਰਤਣ ਵਾਲੇ ਭਗਤ ਰਵਿਦਾਸ ਜੀ ਮਨੁੱਖਤਾ ਨੂੰ ਇੱਕ ਅਜਿਹੇ ਸ਼ਹਿਰ ਦੀ ਵਾਸੀ ਬਣਾਉਣਾ ਚਾਹੁੰਦੇ ਹਨ ਜਿਸ ਨੂੰ ਬੇਗ਼ਮਪੁਰੇ ਦੇ ਨਾਂਅ ਨਾਲ ਜਾਣਿਆਂ ਜਾਂਦਾ ਹੈ। ਇਹ ਸ਼ਹਿਰ ਦੁਨਿਆਵੀ ਫ਼ਿਕਰ-ਫਾਕਿਆਂ ਤੋਂ ਰਹਿਤ ਹੋਣ ਦੇ ਨਾਲ-ਨਾਲ ਦੁੱਖਾਂ-ਤਕਲੀਫ਼ਾਂ ਅਤੇ ਲੁੱਟ-ਘਸੁੱਟ ਦੇ ਮਨੋਰਥ ਨਾਲ ਲਗਾਏ ਜਾਂਦੇ ਟੈਕਸਾਂ ਤੋਂ ਵੀ ਮੁਕਤ ਹੈ। ਇਸ ਸ਼ਹਿਰ ਦਾ ਜ਼ਿਕਰ ਆਪਣੀ ਬਾਣੀ ਵਿਚ ਉਹ ਇਸ ਤਰ੍ਹਾਂ ਕਰਦੇ ਹਨ:

**ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥**
**ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥ (345)**

ਭਗਤ ਰਵਿਦਾਸ ਜੀ ਮਨੁੱਖੀ ਬਰਾਬਰੀ ਵਾਲੇ ਸਮਾਜ ਦੇ ਹਾਮੀ ਹਨ ਅਤੇ ਇੱਕ ਅਜਿਹੇ ਰਾਜ ਦੀ ਕਲਪਨਾ ਕਰਦੇ ਹਨ ਜਿਥੇ ਛੋਟੇ-ਵੱਡੇ ਸਾਰੇ ਇੱਕ ਸਮਾਨ ਰਹਿੰਦੇ ਹੋਏ ਲੋੜ ਅਨੁਸਾਰ ਪ੍ਰਸ਼ਾਦੇ-ਪਾਣੀ ਦਾ ਆਨੰਦ ਮਾਣ ਸਕਣ ਅਤੇ ਬਰਾਬਰਤਾ ਦੇ ਅਹਿਸਾਸ ਨਾਲ ਆਪਣਾ ਜੀਵਨ ਬਸਰ ਕਰ ਸਕਣ।

ਭਗਤ ਜੀ ਦਾ ਜਨਮ ਭਾਵੇਂ (ਉਸ ਸਮੇਂ) ਨੀਵੀਂ ਸਮਝੀ ਜਾਂਦੀ ਚਮਾਰ ਜਾਤੀ ਵਿਚ ਹੋਇਆ ਹੈ ਪਰ ਉਨ੍ਹਾਂ ਨੂੰ ਇਸ ਗੱਲ ਦਾ ਕਿਤੇ ਰਤੀ ਭਰ ਵੀ ਅਫ਼ਸੋਸ ਨਹੀਂ ਹੈ। ਸਗੋਂ ਉਹ ਤਾਂ ਬੜੇ ਮਾਣ ਨਾਲ ਕਹਿੰਦੇ ਹਨ:-

**ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥ (1293)**

ਇਸ ਤਰ੍ਹਾਂ ਦਾ ਅਫਸੋਸ ਨਾ ਕਰਨ ਦੀ ਵਜ੍ਹਾ ਵੀ ਉਨ੍ਹਾਂ ਦੀ ਸਮਵਰਤੀ ਸੋਚ ਦਾ ਦਾ ਹੀ ਹਿੱਸਾ ਹੈ ਜੋ ਕਹਿੰਦੀ ਹੈ :-

**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥ (658)**

ਮਨੁੱਖੀ-ਜੀਵਨ ਦੀ ਉੱਤਮਤਾ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਭਗਤ ਜੀ ਕਹਿੰਦੇ ਹਨ ਕਿ ਬੇਸ਼ਕੀਮਤੀ ਹੋਣ ਦੇ ਨਾਲ-ਨਾਲ ਮਨੁੱਖੀ-ਜੀਵਨ ਦੁਰਲੱਭ ਵੀ ਹੈ ਇਸ ਕਰਕੇ ਇਸ ਜੀਵਨ ਨੂੰ ਵਿਅਰਥ ਦੇ ਕਾਰਜਾਂ ਵਿਚ ਨਹੀਂ ਲਗਾਈ ਰੱਖਣਾ ਚਾਹੀਦਾ ਸਗੋਂ ਇਸ ਨੂੰ ਸਹੀ ਤੇ ਸੁਚੱਜੇ ਢੰਗ ਨਾਲ ਬਤੀਤ ਕਰਨਾ ਚਾਹੀਦਾ ਹੈ। ਉਨ੍ਹਾਂ ਦਾ ਫੁਰਮਾਨ ਹੈ:-

**ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੈ॥ (658)**

ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਨੇ ਭਗਤ ਰਵਿਦਾਸ ਜੀ ਨੂੰ ਰੱਜਵਾਂ ਮਾਣ-ਸਤਿਕਾਰ ਦਿੰਦੇ ਹੋਏ ਉਨ੍ਹਾਂ ਦੇ 40 ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤੇ ਹਨ। ਇਨ੍ਹਾਂ ਸ਼ਬਦਾਂ ਵਿਚ ਜਿਥੇ ਭਗਤ ਜੀ ਨੇ ਆਪਣੇ ਸਮਕਾਲੀ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਹਾਲਤਾਂ ਦਾ ਬਾਖ਼ੂਬੀ ਚਿਤਰਣ ਕੀਤਾ ਹੈ ਉਥੇ ਸੱਚੀ-ਸੁੱਚੀ ਕਾਰ-ਵਿਹਾਰ ਰਾਹੀਂ ਰੱਬੀ ਨੇੜਤਾ/ਇੱਕਮਿਕਤਾ ਹਾਸਲ ਕਰਨ ਦੀ ਜੁਗਤ (ਪ੍ਰੇਮਾ-ਭਗਤੀ) ਵੀ ਬਿਆਨ ਕੀਤੀ ਹੈ। ਇਸ ਜੁਗਤ ਨੂੰ ਅਪਨਾ ਕੋਈ ਵੀ ਮਨੁੱਖ ਪਰਮ-ਪਿਤਾ ਪਰਮਾਤਮਾ ਦੀਆਂ ਬਖ਼ਸ਼ਿਸ਼ਾਂ ਦਾ ਪਾਤਰ ਬਣ ਸਕਦਾ ਅਤੇ ਆਪਣੇ ਲੋਕ ਤੇ ਪ੍ਰਲੋਕ ਨੂੰ ਸੰਵਾਰ ਸਕਦਾ ਹੈ।

ਆਓ! ਆਪਾਂ ਵੀ ਅੱਜ ਭਗਤ ਰਵਿਦਾਸ ਜੀ ਵੱਲੋਂ ਦਰਸਾਏ ਮਾਰਗ 'ਤੇ ਚੱਲ ਕੇ ਉਨ੍ਹਾਂ ਦੀ ਪਵਿੱਤਰ ਅਤੇ ਸਰਬ-ਕਲਿਆਣੀ ਸੋਚ ਦੇ ਭਾਗੀਦਾਰ ਬਣੀਏ ਅਤੇ ਜਾਤ-ਪਾਤ ਰਹਿਤ ਸਮਾਜਿਕ-ਪ੍ਰਬੰਧ ਦੀ ਉਸਾਰੀ ਵਿਚ ਆਪਣਾ ਬਣਦਾ ਯੋਗਦਾਨ ਪਾਈਏ।

ਅਮੀਨ!

# ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਲੋਂ ਵੱਖ-ਵੱਖ ਇਲਾਕਿਆਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਨਵਾਂਸ਼ਹਿਰ ਦੇ ਪਿੰਡ ਮਜਾਰੀ ਵਿਖੇ ਸ਼ਹੀਦੀ ਦਿਹਾੜੇ ਮੌਕੇ ਪ੍ਰਚਾਰਕ ਸਿਮਰਪ੍ਰੀਤ ਸਿੰਘ ਕਥਾ ਕਰਦੇ ਹੋਏ।



ਕੇਂਦਰ ਨਵਾਸ਼ਹਿਰ ਦੇ ਜੈ ਭਾਰਤ ਪਬਲਿਕ ਸਕੂਲ ਸਮੁੰਦੜਾ ਵਿਖੇ ਸ਼ਹੀਦੀ ਦਿਹਾੜੇ ਸਬੰਧੀ ਬੱਚਿਆਂ ਨੂੰ ਜਾਣੂੰ ਕਰਵਾਇਆ ਗਿਆ।



ਕੇਂਦਰ ਨਵਾਂਸ਼ਹਿਰ ਦੇ ਸਰਕਾਰੀ ਸਕੂਲ ਪਿੰਡ ਧਮਾਈ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਜੰਮੂ ਦੇ ਟਾਹਲੀ ਸਾਹਿਬ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਜੰਮੂ ਦੇ ਗੁ: ਬਾਬਾ ਬੰਦਾ ਸਿੰਘ ਬਹਾਦਰ ਖੌੜ ਭਾਊਆਂ, ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਮੈਰੀਮੈਂਟ ਪਬਲਿਕ ਸਕੂਲ (ਲੁਧਿਆਣਾ) ਵਿਖੇ ਬੱਚਿਆਂ ਨੂੰ ਸ਼ਹੀਦੀ ਦਿਹਾੜੇ ਸਬੰਧੀ ਇਤਿਹਾਸ ਤੋਂ ਜਾਣੂੰ ਕਰਵਾਉਂਦੇ ਹੋਏ (ਇਨਸੈੱਟ) ਕੈਪਟਨ ਅਵਤਾਰ ਸਿੰਘ



ਗੁਰੂ ਨਾਨਕ ਪਬਲਿਕ ਸਕੂਲ ਬੱਸੀਆਂ ਵਿਖੇ ਬੀਬੀ ਕੰਵਲਜੀਤ ਕੌਰ ਬੱਚਿਆਂ ਨਾਲ ਗੁਰਬਾਣੀ ਦੀ ਸਾਂਝ ਪਾਉਂਦੇ ਹੋਏ



ਕੇਂਦਰ ਚੱਕ ਸਿੰਘਾ ਵਿਖੇ ਬੱਚਿਆਂ ਗੁਰਬਾਣੀ ਕਵੀਸ਼ਰੀ ਪੇਸ਼ ਕਰਦੀਆਂ ਹੋਈਆਂ



ਕੇਂਦਰ ਰਤਨਗੜ੍ਹ ਸਿੰਧੜਾ ਦੇ ਪਿੰਡ ਗੱਗੜਪੁਰ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਰਤਨਗੜ੍ਹ ਸਿੰਧੜਾ ਦੇ ਪਿੰਡ ਤੂਰ ਵਣਜਾਰਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

# ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਲੋਂ ਵੱਖ-ਵੱਖ ਇਲਾਕਿਆਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਚੱਕ ਕਲਾਂ ਦੇ ਪਿੰਡ ਹੇਰਾਂ ਵਿਖੇ ਬੱਚਿਆਂ ਨੂੰ ਗੁਰਮਤਿ ਸਮਾਗਮ ਉਪਰੰਤ ਸਨਮਾਨਤ ਕੀਤਾ ਗਿਆ




ਕੇਂਦਰ ਚੱਕ ਕਲਾਂ ਵਿਖੇ ਬੱਚਿਆਂ ਅਤੇ ਨੌਜਵਾਨਾਂ ਦਾ ਦਸਤਾਰ ਮੁਕਾਬਲਾ ਕਰਵਾਇਆ ਗਿਆ।



ਗੁਰਦੁਆਰਾ ਗੁਰੂ ਰਾਮਦਾਸ ਸਾਹਿਬ, ਭਿਲਾਈ (ਛੱਤੀਸਗੜ੍ਹ) ਵਿਖੇ
ਭਾਈ ਕੰਵਲਪ੍ਰੀਤ ਸਿੰਘ ਗੁਰਬਾਣੀ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ।




ਕੇਂਦਰ ਗੜ੍ਹਸ਼ੰਕਰ ਵਿਖੇ ਅੰਮ੍ਰਿਤ ਸੰਚਾਰ ਕਰਵਾਇਆ ਗਿਆ।
ਜਿਸ ਵਿਚ 22 ਪ੍ਰਾਣੀਆਂ ਦੇ ਖੰਡੇ ਬਾਟੇ ਦੀ ਪਾਹੁਲ ਹਾਸਲ ਕੀਤੀ।



ਕੇਂਦਰ ਪਰਿੰਗੜੀ ਵਿਖੇ ਗੁਰਮਤਿ ਕਲਾਸ
ਲਗਾਉਣ ਵਾਲੇ ਬੱਚੇ।



ਪਿੰਡ ਸ਼ੰਕਰ ਦੇ ਸਕੂਲ ਵਿਚ ਲੱਗ ਰਹੀ ਬੱਚਿਆਂ
ਦੀ ਗੁਰਮਤਿ ਕਲਾਸ।



ਚਮਕੌਰ ਸਾਹਿਬ ਸ਼ਹੀਦੀ ਜੋੜ ਮੇਲੇ ਦੌਰਾਨ ਗੁਰਮਤਿ ਗਿਆਨ
ਮਿਸ਼ਨਰੀ ਕਾਲਜ ਵਲੋਂ ਕਿਤਾਬਾਂ ਦਾ ਸਟਾਲ ਲਗਾਇਆ ਗਿਆ।



(ਖੱਬੇ)
ਪਿਛਲੇ ਦਿਨੀਂ ਪ੍ਰਿੰ. ਗੁਰਬਚਨ ਸਿੰਘ ਪੰਨਵਾ
ਵਲੋਂ ਪਿੰਡ ਮੁੰਨਣ ਕਲਾਂ (ਗੁਰਦਾਸਪੁਰ)
ਵਿਖੇ ਸੰਗਤਾਂ ਨਾਲ ਗੁਰਬਾਣੀ ਵਿਚਾਰਾਂ ਦੀ
ਸਾਂਝ ਪਾਈ ਗਈ।
(ਸੱਜੇ)
ਭੁਪਿੰਦਰ ਸਿੰਘ ਲੈਫਟੀਨੈਂਟ ਸਪੁੱਤਰ
ਸੂਬੇਦਾਰ ਸ. ਜਸਪਾਲ ਸਿੰਘ ਨਾਲ ਪ੍ਰਿੰ.
ਗੁਰਬਚਨ ਸਿੰਘ ਪੰਨਵਾਂ ਯਾਦਗਾਰੀ
ਤਸਵੀਰ ਦੌਰਾਨ।

